
ਰੂਪ ਪ੍ਰੀਤ ਦਾ ਸ਼ਹਿਨਸ਼ਾਹ ਵਿਉਪਾਰੀ

ਪੂਰਨ ਸਿੰਘ



Chup Preet Da Shehnshah Beopari Ate Hor Lekh

By

PROF. POORAN SINGH

ISBN 81-7647-008-2

2007

ਮੁੱਲ : 60.00


ਪ੍ਰਕਾਸ਼ਕ : ਤੇਜਿੰਦਰਬੀਰ ਸਿੰਘ
ਲਾਹੌਰ ਬੁਕ ਸ਼ਾਪ
2, ਲਾਜਪਤ ਰਾਇ ਮਾਰਕੀਟ
(ਨੇੜੇ ਸੁਸਾਇਟੀ ਸਿਨੇਮਾ)
ਲੁਧਿਆਣਾ
ਫੋਨ : 740738

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈੱਸ ਜਲੰਧਰ

ਤਤਕਰਾ

ਖੁੱਲ੍ਹੇ ਅਸਮਾਨੀ ਰੰਗ

ਪੂਰਨ ਸਿੰਘ



੧

ਚੁਪ-ਪ੍ਰੀਤ ਦਾ ਸ਼ਹਿਨਸ਼ਾਹ ਬਿਉਪਾਰੀ

ਕਾਬਲ ਸ਼ਹਿਰ ਅਫ਼ਗਾਨਾਂ ਦਾ ਕੇਂਦਰ, ਵਸੋਂ ਦੇ ਚਾਰ ਚੁਗਿਰਦੇ ਪਹਾੜ, ਸੱਜਰੀ ਬਰਫ ਪੈ ਕੇ ਹੁਣੇ ਥੰਮ੍ਹੀ ਹੈ, ਮਕਾਨ, ਦਰੱਖਤ, ਪਹਾੜ, ਮੈਦਾਨ, ਰਾਹ, ਸੜਕਾਂ ਸਭ ਬਰਫ ਨੇ ਆਪਣੇ ਰੰਗ ਵਿਚ ਰੰਗ ਦਿਤੇ ਹਨ, ਨੂਰ ਹੀ ਨੂਰ ਹੋਇਆ ਪਿਆ ਹੈ।

ਇਕ ਅਫ਼ਗਾਨ ਤ੍ਰੀਮੀਂ ਤੇ ਮਰਦ ਇੱਕ ਉੱਚੇ ਪਹਿਲੂਦਾਰ ਮਕਾਨ-ਜਿਹੜਾ ਕਿਸੇ ਵੱਡੇ ਸੌਦਾਗਰ ਦਾ ਲੱਗਦਾ ਹੈ- ਵਿਚ ਜ਼ਨਾਨੇ ਅੰਦਰ, ਇਕ ਬੜੇ ਕਰੀਨੇ ਨਾਲ ਸਜੇ ਕਮਰੇ ਵਿੱਚ ਅੱਗ ਅੱਗੇ ਬੈਠੇ ਗੱਲਾਂ ਕਰ ਰਹੇ ਸਨ, ਇਉਂ ਜਾਪਦਾ ਹੈ ਕਿ ਇਹ ਘਰ ਵਾਲਾ ਬੜੇ ਚਿਰ ਪਿਛੋਂ ਸੌਦਾਗਰੀ ਦੇ ਸਫਰ ਕਰਕੇ ਅੱਜ ਹੀ ਘਰ ਮੁੜਿਆ ਹੈ।

ਮਰਦ ਦਾ ਚਿਹਰਾ ਭੱਖ ਰਿਹਾ ਸੀ, ਲੰਮੇ ਕੇਸ ਛੱਲੇ-ਛੱਲੇ ਹੋ ਓਹਦੇ ਚੌੜੇ ਮੋਢਿਆਂ ਪਰ ਲਟਕ ਰਹੇ ਸਨ ਤੇ ਜਿਸ ਵੇਲੇ ਉਹ ਗੱਲਾਂ ਕਰਦਿਆਂ ਸਿਰ ਹਿਲਾਂਦਾ ਸੀ ਓਹਦੇ ਸੋਹਣੇ ਕੇਸ ਹਿਲਦੇ ਸਨ। ਇਹਨਾਂ ਕੇਸਾਂ ਦਾ ਕੋਈ ਐਸਾ ਛੁਪਿਆ ਜਿਹਾ ਪ੍ਰਭਾਵ ਪੈਂਦਾ ਸੀ ਕਿ ਉਸ ਮਰਦ ਦੀ ਸ਼ਕਲ, ਕੱਦ ਕਾਮਤ ਵਿਚ ਫ਼ਕੀਰੀ ਰੰਗ ਦੇ ਝਾਂਵਲਿਆਂ ਦੀਆਂ ਲਿਸ਼ਕਾਂ ਸਨ ਤੇ ਇਹ ਹੋਰਨਾਂ ਅਫ਼ਗਾਨਾਂ ਥੀਂ ਅੱਡ ਪਸ਼ਤੋ ਬੋਲਣ ਵਾਲੇ ਤੀਰਾਹੀ ਪਠਾਣਾਂ ਵਾਂਗ ਕੁੱਲਾ ਤੇ ਪਗੜੀ ਪਹਿਨਣ ਦਾ ਸ਼ੌਕੀਨ ਸੀ ਤੇ ਓਸੇ ਵੇਲੇ ਓਹਦੇ ਕੁੱਲੇ ਦੇ ਇਰਦ ਗਿਰਦ ਲੰਮੇ ਘੁੰਘਰੀਲੇ ਵਾਲਾਂ ਉੱਪਰ ਇਕ ਬਰਫ ਚਿੱਟੀ ਪਗੜੀ ਪੇਚ ਪਾ ਰਹੀ ਸੀ, ਉਹਦਾ ਸਿਰ ਵੀ ਪਹਾੜ ਦੀ ਨਿੱਕੀ ਚੋਟੀ ਜਾਪਦਾ ਸੀ, ਜਿਥੇ ਹੁਣੇ ਬਰਫ ਪੈ ਕੇ ਹਟੀ ਹੈ।

ਇਹ ਮਰਦ ਕਾਲੀਨ ਪਰ ਬੈਠਾ ਹੋਇਆ ਵੀ ਸਾਰੇ ਕਮਰੇ ਉੱਪਰ ਆਪਣੇ ਕੱਦ ਦੀ ਉਚਾਈ ਦਾ ਉੱਚਾਪਨ ਸੁੱਟ ਰਿਹਾ ਸੀ। ਸਾਢੇ ਛੀ ਫੁੱਟ ਦੇ ਲਗ ਪਗ ਉਹਦਾ ਕੱਦ ਸੀ, ਪਰ ਮੁਟੇਰਾ ਤੇ ਠੁੱਲ੍ਹਾ ਹੋਣ ਕਰਕੇ ਉਹਦੀ ਲੰਮਿਤਣ ਅਸਲੇ ਥੀਂ ਕੁਛ ਘੱਟ ਜਾਪਦੀ ਸੀ। ਬਾਂਹ ਉਲਾਰ ਕੇ ਜਦ ਉਹ ਗੱਲਾਂ ਕਰਦਾ ਸੀ, ਤਦ

ਇਕ ਦੁਨੀਆਂ ਉਹਦੀ ਬਾਂਹ ਵਿਚ ਉੱਲਰਦੀ ਜਾਪਦੀ ਸੀ। ਗਰਾਂਡੀਲ, ਕੜੀ ਵਰਗਾ ਜਵਾਨ ਆਪਣੇ ਜੁੱਸੇ ਦੇ ਬਲ ਵਿਚ ਝੂਲਿਆ ਹੋਇਆ ਸੀ। ਪ੍ਰਿਥਵੀ ਉੱਪਰ ਆਪਣਾ ਭਾਰ ਨਹੀਂ ਸੀ ਪਾਂਦਾ, ਆਪਣੇ ਉੱਪਰ ਪਾਣ ਵਾਲਾ ਜਣਾ ਸੀ। ਆਪਦੀ ਪੋਸ਼ਾਕ ਵੀ ਅਜੀਬ ਸੀ, ਗਲੇ ਵਿਚ ਖੂੰਬ ਚਿੱਟੀ ਉੱਨ ਦਾ ਲੰਮਾ ਚੋਗਾ, ਹੇਠ ਵੀ ਉਸ ਥੀਂ ਨਰਮ, ਪਰ ਉਹੋ ਜਿਹੀ ਬਰਫ਼-ਚਿੱਟੀ ਉੱਨ ਦਾ ਕੁੜਤਾ, ਉਹ ਵੀ ਲੰਮਾ ਤੇ ਖੁੱਲ੍ਹਾ, ਖੁੱਲ੍ਹੀਆਂ ਬਾਹਾਂ ਵਾਲਾ, ਸਲਵਾਰ ਘੇਰੇਦਾਰ ਵੱਡੇ ਪੱਲਿਆਂ ਵਾਲੀ ਚਿੱਟੀ ਉੱਨ ਦੀ ਠੇਠ ਕਾਬਲੀ ਸੀ ਤੇ ਕਾਲੀਨ ਪਰ ਬੈਠਿਆਂ ਇਉਂ ਵਿਛੀ ਸੀ, ਜਿਵੇਂ ਚਿੱਟੇ ਸੰਗਮਰਮਰ ਦਾ ਲਹਿਰਦਾਰ ਸੋਹਣਾ ਆਪ ਦਾ ਰਾਜ ਸਿੰਘਾਸਣ ਹੈ, ਜਿਸ ਪਰ ਆਪ ਬੈਠੇ ਬਿਰਾਜਮਾਨ ਹਨ।

ਇਸ ਸੱਜਣ ਦਾ ਦਾਹੜਾ ਕਾਲਾ ਸਿਆਹ, ਲੰਮਾ, ਭਰਵਾਂ ਉਹਦੇ ਚੌੜੇ ਤੇ ਉੱਚੇ ਮੱਥੇ ਦੀਆਂ ਦੋਹਾਂ ਮਸੀਤ- ਮਹਿਰਾਬਾਂ ਉੱਪਰ ਆਪ ਦੇ ਕੱਜਲ ਕਾਲੇ ਕੜੀਲੇ ਭਰਵੱਟੇ ਆਪੇ ਵਿਚ ਮਿਲ ਰਹੇ ਸਨ ਤੇ ਮਹਿਰਾਬਾਂ ਹੇਠ ਕਾਲੇ ਡੂੰਘੇ ਵਿਸ਼ਾਲ ਨੈਣ ਇਕ ਬਿਜਲੀ ਦੀ ਤਾਕਤ ਤੇ ਜਖ਼ੇ ਨਾਲ ਭਰੇ ਪਏ ਸਨ, ਵਿਚ ਲਾਲ ਡੋਰੇ ਸਨ। ਜੋਗੀ-ਨੈਣ ਸਨ, ਉਸ ਜੋਗੀ ਦੇ ਨੈਣ ਕਟੋਰੇ ਬਾਜਾਂ ਵਾਂਗੂ ਲੈਂਦੇ ਡੋਰੇ ਉੱਪਰ ਨੂੰ ਖਿੱਚੇ ਹੋਏ ਆਮ ਅਫ਼ਗਾਨਾਂ ਵਾਂਗੂ ਬਾਹਰ ਉੱਡਣ ਵਾਲੇ ਪੰਖੇਰੂ ਨੈਣ ਨਹੀਂ ਸਨ, ਅੰਦਰ ਦੀ ਉਡਾਰੀ ਵਾਲੇ ਸਨ। ਕੁਛ ਅਧਮੀਟੀ ਮੁੱਦਰਾ ਨੈਣਾਂ ਦੀ ਸੀ। ਪਰ ਜੇ ਪੂਰੇ ਖੁੱਲ੍ਹ ਕੇ ਕਿਸੀ ਵੱਲ ਨਿਗਾਹ ਕਰਨ ਤਾਂ ਇਉਂ ਜਾਪਦਾ ਸੀ ਕਿ ਹੋਰਨਾਂ ਪਰ ਬੱਸ ਇਕ ਅਕਹਿ ਚੁਪ-ਹੁਕਮ ਕਰਨ ਦੇ ਸਮਰੱਥ ਹਨ, ਇਹੋ ਜਿਹੇ ਫਟਕਾਣ ਵਾਲੇ ਨੈਣ ਕਿਸੀ ਕਿਸੀ ਦੇ ਹੁੰਦੇ ਹਨ। ਕਿਹਾ ਜਾਂਦਾ ਹੈ ਕਿ ਇਹੋ ਜਿਹੇ ਨੈਣਾਂ ਦੀ ਸੁਹਪਣ ਦੀ ਖਿੱਚ ਖਾ ਹਿਰਨਾਂ ਦੀ ਡਾਰ ਆਣ ਮੱਲੋਮਲੀ ਇਕ ਨਿਗਾਹ ਇਨ੍ਹਾਂ ਦੀ ਵਿਚ, ਕੈਦ ਹੁੰਦੀ ਹੈ। ਇਨ੍ਹਾਂ ਨੈਣਾਂ ਦਾ ਕਾਲਾਪਣ ਵਿਚ ਕੁਛ ਅਕਹਿ ਜਾਦੂ ਵੰਨ ਸੀ, ਅਥਾਹ ਪਾਣੀਆਂ ਦੇ ਡੂੰਘੇ ਚਸ਼ਮਿਆਂ ਵਾਂਗ ਦਿੱਸਦੇ ਸਨ ਤੇ ਇਕ ਖਾਸ ਭੇਤ ਵਾਲੀ ਆਭਾ ਤੇ ਲਿਸ਼ਕ ਨਾਲ ਭਰੇ ਹੋਏ ਸਨ। ਆਪ ਦੇ ਕਪੋਲ ਬਰਫ਼ ਚਿੱਟੇ ਤੇ ਖਾਖਾਂ ਤੋਂ ਪੱਕੇ ਸਿਊਆਂ ਵਾਂਗ ਲਾਲੀਆਂ ਚੋ ਰਹੀਆਂ ਸਨ। ਸਾਰੇ ਚਿਹਰੇ ਦਾ ਮਿਲਵਾਂ ਪਰਭਾਵ ਤੀਖਣ ਬਲ ਵਾਲਾ, ਦੂਰ ਦਰਸ਼ੀ ਤੇ ਰਿਸ਼ੀਆਂ ਵਾਲਾ ਸੀ, ਮੱਥੇ ਦੀ ਚਮਕ ਵਿਚ ਕੋਈ ਦੱਬੇ ਜਵਾਹਰਾਤਾਂ ਦੀ ਛੁਪੀ ਦਮਕ ਸੀ, ਸਾਰੀ ਹਾਜ਼ਰੀ ਵਿਚ ਇਕ ਚੜ੍ਹੀ ਜਵਾਨੀ ਵਰਗਾ ਸਰੂਰ ਸ਼ਰੀਰਕ ਬਲ ਦਾ ਉੱਚਾ ਸਰੂਰ ਤੇ ਓਸ ਵਿਚ ਇਕ ਘੁੱਘੀ ਵਰਗੀ ਰੂਹਾਨੀ ਜਿੰਦ ਦੀ ਅਕਹਿ ਉਡਾਰੀ ਸੀ। ਉਮਰ ਆਪ ਦੀ ਅਧਖੜ ਸੀ, ਕਾਲੇ ਨੈਣਾਂ ਵਿਚ ਕੋਈ ਬਿਜਲੀ ਲਿਸ਼ਕਦੀ ਸੀ, ਲੰਮੇ ਤੇ ਘਣੇ ਪਲਕਾਂ ਵਾਲੇ ਛੱਪਰ ਜਦ ਅਧਮੀਟਿਆਂ ਨੈਣਾਂ ਉੱਪਰ ਉੱਠਦੇ ਤੇ ਡਿੱਗਦੇ ਸਨ

ਤਾਂ ਬੱਸ ਇੰਨੀ ਮਲੂਕ ਜਿਹੀ ਰਗੜ ਨਾਲ ਚਾਨਣੀ ਰੰਗ ਵਾਲੇ ਪ੍ਰਕਾਸ਼ ਦੇ ਉੱਡਦੇ ਟੁਕੜੇ ਬਿਜਲੀ ਦੀਆਂ ਨਿੱਕੀਆਂ ਚਮਕਾਂ ਵਾਂਗ ਆਪ ਮੁਹਾਰੇ ਛਹਿ ਛਹਿ ਪੈਂਦੇ ਸਨ, ਮਾਨੋਂ ਬੱਦਲਾਂ ਵਿਚੋਂ ਲਿਸ਼ਕਣ ਥੀਂ ਪਹਿਲਾਂ ਹੀ ਵਾਧੂ ਬਿਜਲੀਆਂ ਬਾਹਰ ਡੁਲ੍ਹ ਰਹੀਆਂ ਸਨ।

ਆਪ ਦਾ ਆਮ ਪ੍ਰਚਲਤ ਨਾਮ ਸੱਯਦ ਨੂਰ ਦੀਨ ਸੀ, ਆਪ ਕਾਲੀਨਾਂ ਪੋਸਤੀਨਾਂ ਦੇ ਸੌਦਾਗਰ ਸਨ, ਅਤੇ ਸਫਰ ਕਰਨਾ ਆਪ ਦਾ ਕੰਮ ਸੀ ਤੇ ਨਿੱਤ ਨਵਾਂ ਪੈਂਡਾ, ਨਿੱਤ ਨਵੇਂ ਲੋਕ, ਨਿੱਤ ਨਵੇਂ ਪਾਣੀ, ਨਿੱਤ ਨਵੇਂ ਮੁਲਕ ਤੇ ਰਾਤ ਨੂੰ ਤਾਰਿਆਂ ਦੇ ਦਰਸ਼ਨ, ਰਾਹ ਦੇ ਬਿਰਛਾਂ ਦੀਆਂ ਦੋਸਤੀਆਂ, ਨਵੇਂ ਮੁਲਕਾਂ ਦਿਆਂ ਬੰਦਿਆਂ ਨਾਲ ਵਣਜ, ਦਰਸ਼ਨ ਦੀਦਾਰੇ, ਖਿਣਕ ਪਿਆਰਾਂ ਦੇ ਵਲਵਲੇ, ਉਨ੍ਹਾਂ ਲੋਕਾਂ ਨਾਲ ਗੱਲਾਂ- ਜਿਨ੍ਹਾਂ ਦੀ ਬੋਲੀ ਨਹੀਂ ਆਉਂਦੀ, ਬੀਮਾਰ ਪਿਆਂ ਤੇ ਉਨ੍ਹਾਂ ਦੀਆਂ ਮੇਹਰਬਾਨੀਆਂ, ਸ਼ਫਕਤਾਂ, ਪਰਉਪਕਾਰ, ਹਮਦਰਦੀ ਦੀਆਂ ਰੂਹ-ਲੋਆਂ ਇਹ ਸਭ ਆਪ ਦੇ ਹਿੱਸੇ ਸਨ ਤੇ ਇਹਦੀ ਜ਼ਿੰਦਗੀ ਦੇ ਸਾਹਮਣੇ ਹਿੰਦੁਸਤਾਨ ਵਾਲੇ ਇਕ ਥਾਂ ਦੇ ਕੈਦ-ਬੰਦਿਆਂ ਦੇ ਸਾਧਨ ਸੰਨਿਆਸ, ਵੈਰਾਗਯ, ਤਿਆਗ ਆਦਿ ਫੁੱਟੀ ਕੌਡੀ ਦਾ ਮੁੱਲ ਨਹੀਂ ਪਾ ਸਕਦੇ ਸਨ, ਜੋ ਅੰਦਰ ਰੂਹ ਦੀ ਗ਼ਜ਼ਾ ਪਹੁੰਚਾਣ ਦੇ ਉਹ ਆਹਰ ਸਮਝੇ ਜਾਣ। ਨੂਰਦੀਨ ਇਨਸਾਨੀ ਨੇਕੀ ਦਾ ਮਹਿਰਮ ਸੀ। ਇਨਸਾਨ ਵਿਚ ਉਹਦਾ ਈਮਾਨ ਸੀ ਅਤੇ ਇਨ੍ਹਾਂ ਸਫਰਾਂ ਦੇ ਤਜਰਬੇ ਨਾਲ ਉਹਦਾ ਈਮਾਨ ਅਟੁੱਟ ਹੋ ਚੁਕਾ ਸੀ। ਨੂਰ ਦੀਨ ਨਾ ਕਦੀ ਰੋਜ਼ਾ, ਨਾ ਕਦੀ ਨਮਾਜ਼ ਕੁਛ ਵੀ ਸ਼ਰੀਯਤ ਦਾ ਕੰਮ ਨਹੀਂ ਕਰਦਾ ਸੀ, ਉਹ ਸ਼ਾਖ ਸ਼ਾਖ ਤੇ ਬਹਿ ਕੇ ਆਪਣੇ ਅੰਦਰ ਦਾ ਗੀਤ ਕਦੀ ਕਦੀ ਭਰੇ ਆਵਾਜ਼ ਗਾਣ ਦਾ ਆਦੀ ਸੀ। ਲੋਕੀਂ ਉਹਨੂੰ ਫਕੀਰ ਤਬ੍ਹਾ ਮੁਸਲਮਾਨ ਜਾਣ ਕੇ ਕਦੀ ਕੁਛ ਨਹੀਂ ਕਹਿੰਦੇ ਸਨ ਤੇ ਉਹਦੀ ਸੂਰਤ ਥੀਂ ਵੀ ਕੁਛ ਭੈ ਖਾਂਦੇ ਸਨ।

ਉਹਦੀ ਪਾਸ ਬੈਠੀ ਮਿਠੀ ਤੀਵੀਂ ਇਉਂ ਜਾਪਦੀ ਸੀ ਕਿ ਸਾਰੀ ਦੁਨੀਆਂ ਵਿਚ ਉਹਦੀ ਜੋੜੀ ਦੀ ਉਹ ਜ਼ਨਾਨੀ ਰੱਬ ਨੇ ਚੁਣ ਕੇ ਉਹਦੇ ਨਾਲ ਲਿਆ ਰਖੀ ਸੀ। ਜੜੀ ਵਾਹਵਾ ਸੀ। ਤੀਮੀਂ ਪ੍ਰਿਭ ਜੋਤ ਹੀਰੇ ਦੀ ਕਣੀ ਵਾਂਗ ਚਮਕਦੀ ਸੀ, ਲੰਮੀ, ਪਤਲੀ, ਨਾਜ਼ਕ, ਫੁੱਲ ਵਰਗੀ, ਪਰ ਬਲਵਾਨ, ਆਪੇ ਵਿਚ ਤੁਲੀ ਨਾਰ ਸੀ। ਆਪਣੇ ਮਰਦ ਥੀਂ ਲੰਮੀ ਨਹੀਂ ਸੀ, ਪਰ ਤੀਵੀਂ ਹੋਣ ਕਰਕੇ ਰਤਾ ਕੁ ਲੰਮੇਰੀ ਲਗਦੀ ਸੀ। ਦੋਹਾਂ ਨੂੰ ਇੰਨਾ ਬਲਵਾਨ ਤੇ ਰੂਪਵਾਨ ਦੇਖ ਕੇ ਦਿਲ ਰੱਜ ਜਾਂਦਾ ਸੀ। ਉਸ ਸ਼ਾਮ ਖਾਸ ਕਰਕੇ ਉਹਦਾ ਰੂਪ ਖਿੜਿਆ ਹੋਇਆ ਸੀ, ਘਰ ਵਾਲੇ ਦੇ ਚਿਰਾਂ ਪਿਛੋਂ ਮੁੜ ਆਣ ਦੀ ਖੁਸ਼ੀ ਨੇ ਦਿਲ ਖਿਚਵਾਂ ਰੰਗ ਚੜ੍ਹਾ ਦਿਤਾ ਸੀ। ਉਹਦੀ ਪੁਸ਼ਾਕ ਅਸਮਾਨੀ ਰੰਗ ਦੀ ਸੀ, ਪਰ ਚਾਨਣੇ ਵਿਚ ਕਾਲੀ

ਹੀ ਦਿੱਸਦੀ ਸੀ। ਪੱਲੇਦਾਰ ਸੁਥਣ ਤੇ ਲੰਮੀ ਕੁੜਤੀ, ਜਿਹੜੀ ਲਾਲ ਰੇਸ਼ਮ ਦੇ ਡੋਰੇ ਨਾਲ ਬਾਹਾਂ ਛਾਤੀ ਤੇ ਵੱਖੀਆਂ ਵਾਲੀਆਂ ਥਾਵਾਂ ਤੇ ਬੜੀ ਸੋਹਣੀ ਕਢੀ ਹੋਈ ਸੀ। ਚਿਹਰਾ ਸਵਾਣੀ ਦਾ ਚੰਨ ਵਰਗਾ, ਪਰ ਕੁਝ ਲੰਮੇਰਾ, ਨੱਕ ਲੰਮਾ ਤੇ ਪਤਲਾ, ਪਰ ਉਹਦੇ ਰੂਪ ਦੀ ਸਾਰੀ ਕੀਮਤ ਨੈਣਾਂ ਵਿਚ ਸੀ। ਨੈਣ ਸਵਾਣੀ ਦੇ ਉਹ ਸਨ, ਜਿਹਨਾਂ ਅਗੇ ਉਸ ਸੋਹਣੇ ਮਰਦ ਦੇ ਮਿਕਨਾਤੀਸੀ ਨੈਣ ਦੇ ਬਿਸਮਿਲ ਪਰਿੰਦਿਆਂ ਵਾਂਗ ਫੜਕ ਪੈਂਦੇ ਸਨ, ਜਿਹੜੇ ਆਪਣਾ ਸਾਰਾ ਬਲ ਉਹਦੀ ਇਕ ਨਿਰਬਲ ਹੱਸਦੀ ਨਜ਼ਰ ਉਪਰੋਂ ਲਖ ਵੇਰੀ ਵਾਰਨ ਨੂੰ ਬੇਚੈਨ ਹੋ ਜਾਂਦੇ ਸਨ। ਅਜ ਦੋ ਸਾਲਾਂ ਬਾਅਦ ਪੀਆ ਘਰ ਆਇਆ ਸੀ, ਦੋ ਸਾਲ ਤਾਂ ਉਹ ਸੋਹਣੀ ਤੀਵੀਂ ਕੁਝ ਵੈਰਾਗਣ ਵਾਂਗ ਰਹੀ ਸੀ ਤੇ ਉਹਨੂੰ ਬਿਲਕੁਲ ਪਤਾ ਨਹੀਂ ਸੀ ਕਿ ਅਜ ਘਰ ਵਾਲੇ ਨੇ ਆਵਣਾ ਹੈ, ਪਰ ਸਹਿਜ ਸੁਭਾ ਪਿਆਰ ਦੀ ਖਿੱਚ ਵਿਚ ਇਕ ਅੰਤਰਯਾਮਤਾ, ਸਰਬੱਗਯਤਾ ਹੁੰਦੀ ਹੈ। ਠੀਕ ਉਸ ਦਿਨ ਸਵੇਰ ਸਾਰ ਹੀ ਸਵਾਣੀ ਚਾਅ ਵੀ ਸੀ, ਉਸ ਆਪਣੇ ਸਾਰੇ ਕੱਪੜੇ ਗਹਿਣੇ ਕੱਢੇ ਸਨ ਤੇ ਸਭ ਥੀਂ ਵਧੀਆ ਪੋਸ਼ਾਕ ਤੇ ਸਭ ਥੀਂ ਕੀਮਤੀ ਹਾਰ ਆਦਿ ਚੀਜ਼ਾਂ ਆਪਣੇ ਪਾਣ ਲਈ ਬਾਹਰ ਕੱਢੀਆਂ ਸਨ। ਇਸ਼ਨਾਨ ਵੀ ਤਕੜਾ ਚਿਰ ਲਾ ਕੇ ਕੀਤਾ, ਪੈਰਾਂ ਨੂੰ, ਹੱਥਾਂ ਨੂੰ, ਕਲਾਈਆਂ ਨੂੰ ਖ਼ੂਬ ਰਗੜ ਰਗੜ ਧੋਤਾ ਸੀ, ਹੱਥ ਪੈਰ ਚਿਟੇ ਕੰਵਲਾਂ ਵਾਂਗ ਚਮਕ ਪਏ ਸਨ ਤੇ ਆਪਣੀ ਕਨੀਜ਼ (ਗੋਲੀ) ਸ਼ਿਰਨੀ ਪਾਸੋਂ ਸਿਰ ਗੁੰਦਾਇਆ ਸੀ। ਸੱਜਰੀਆਂ ਪਟੀਆਂ ਆਪ ਦੇ ਚੰਨ-ਚਿੱਟੇ ਮੱਥੇ ਉੱਪਰ ਲਿਸ਼ਕ ਰਹੀਆਂ ਸਨ ਤੇ ਕੁੰਡਲਦਾਰ ਦੋਵੇਂ ਲਿਟਾਂ ਆਪਣੇ ਪੁਰਾਣੇ ਤਰੀਕੇ ਦੀਆਂ ਗਲ ਵਿਚ ਮੋਤੀਆਂ ਦੇ ਹਾਰ ਨਾਲ ਗੋਸ਼ੇ ਕਰ ਰਹੀਆਂ ਸਨ।

ਮਰਦ ਤਾਂ ਕੁਛ ਠਹਿਰ ਠਹਿਰ ਵਿਚ ਸੀ ਤੇ ਤੀਮੀਂ ਨਵੀਂ ਵਿਆਹੀ ਵਹੁਟੀ ਵਾਂਗ ਚੁਪ ਜਿਹੀ ਬਿਸਮਿਲ ਫੜਕ-ਫੜਕ ਵਿਚ ਸੀ, ਬੇਚੈਨ ਸੀ, ਕਦੀ ਉਠਦੀ ਤੇ ਚਿਲਗੋਜ਼ੇ ਦਾ ਮੁੱਢ ਲਿਆ ਕੇ ਅੰਗੀਠੀ ਵਿਚ ਸਹਿਜੇ ਰੱਖਦੀ, ਅੱਗ ਨੂੰ ਤੇਜ਼ ਕਰਦੀ, ਪਰ ਕਮਾਲ ਦੀ ਤੀਮੀਂ ਸੀ, ਆਪਣੇ ਦਿਲ ਦੀ ਬੇਸਬਰੀ, ਪਿਆਰ, ਘਬਰਾਹਟ ਨੂੰ ਜ਼ਾਹਰ ਨਹੀਂ ਸੀ ਹੋਣ ਦੇਂਦੀ। ਇਸ ਕੋਸ਼ਿਸ਼ ਵਿਚ ਸੀ ਕਿ ਘਰ ਵਾਲੇ ਉਹਦੇ ਅੰਦਰ ਦੀ ਖ਼ੁਸ਼ੀ ਦਾ ਰਤਾ ਪਤਾ ਨਾ ਲੱਗੇ, ਉਹਦਾ ਕਾਂਬਾ ਨਾ ਦਿੱਸੇ, ਉਹਦੇ ਠੰਡੇ ਹੋਏ ਹੱਥ ਪੈਰ ਉਹਨੂੰ ਪਤਾ ਨਾ ਲੱਗਣ ਤੇ ਉਹਦੇ ਘਰ ਆਏ ਦੇ ਆਦਰ ਦਾ ਗੌਰਵ ਉਹਦੇ ਅੰਦਰ ਦੀ ਬੇਵਕੂਫੀ ਕਰਕੇ ਕਿਸੇ ਤਰ੍ਹਾਂ ਬੇਥਵ੍ਹਾ ਤੇ ਬੇਠੁਕਾ ਨਾ ਹੋ ਜਾਵੇ। ਜੀ ਆਇਆਂ ਨੂੰ ਕਰਨਾ ਤਾਂ ਇਕ ਉਹ ਅਦਬ ਹੈ ਤੇ ਐਸਾ ਮਿੱਠਾ ਤੇ ਸੁੱਚਾ ਹੈ ਕਿ ਜਿਸ ਦਾ ਨੇਮ ਤਾਂ ਪ੍ਰੇਮ ਵੀ ਵਸ ਲੱਗੇ ਤੋੜਨਾ ਨਹੀਂ ਚਾਹੁੰਦਾ। ਇਸ ਸਵਾਣੀ ਦੇ ਨੈਣਾਂ ਦੀ ਸਲੋਣਤਾ ਉੱਠਤ ਬੈਠਤ ਦੀ ਗੌਰਵਤਾ, ਉਹਦੀ ਹਾਜ਼ਰੀ ਦੀ ਗੰਭੀਰਤਾ ਥੀਂ ਦਿਸ ਰਿਹਾ ਸੀ ਕਿ ਇਹ ਬੜੀ ਜੱਬੇ ਵਾਲੀ ਜ਼ਨਾਨੀ ਹੈ। ਜੇ ਤਖ਼ਤ ਨਹੀਂ ਮਿਲਿਆ, ਤਦ ਇਹ ਆਪਣੇ ਰੂਪ

ਨਾਲ ਹਰ ਫਰਸ਼ ਨੂੰ ਤਖ਼ਤ ਬਣਾ ਸਕਦੀ ਹੈ। ਘਰ ਸਾਰਾ ਉਹਦੇ ਅਦਬ ਤੇ ਇਕ ਸੁਰੀਲੇ ਕਾਬੇ ਜਿਹੇ ਵਿਚ ਸੀ, ਸਹਿਮ ਸੀ, ਪਰ ਸੁੱਚਾ, ਬੇਅਦਬੀ ਜਿਹੜਾ ਕਦੀ ਨਹੀਂ ਸੀ ਕਰ ਸਕਦਾ, ਪਰ ਲਾਡ ਸਦਾ ਕਰ ਸਕਦਾ ਸੀ। ਸਭ ਕਾਮਿਆਂ ਨੂੰ ਪਤਾ ਸੀ ਕਿ ਉਹਨਾਂ ਦੀ ਸਵਾਣੀ ਸ਼ਾਹ ਦਿਲ ਮਲਕਾ ਹੈ, ਉਹਨਾਂ ਦੀ ਮਾਂ ਹੈ, ਭੈਣ ਹੈ ਉਹਦੀ ਦਿਲ ਦਰਿਯਾਈ ਵਿਚ ਕਿਸੇ ਨੂੰ ਵੀ ਰੱਤੀ ਸ਼ੱਕ ਨਹੀਂ ਸੀ ਤੇ ਸਭ ਚਾਕਰਾਂ ਨੂੰ ਪਤਾ ਸੀ ਕਿ ਉਹਨਾਂ ਦੇ ਸੰਕਲਪ ਪੂਰਨ ਕਰਨ ਵਾਲੀ ਦੇਵੀ ਹੈ। ਉਹਦੇ ਮਿੱਠ ਬਚਨ, ਹਮਦਰਦੀ, ਸਭ ਦੇ ਦਿਲਾਂ ਤੇ ਰਾਜ ਕਰਦੇ ਸੀ ਤੇ ਘਰ ਸਾਰਾ ਉਹਦੇ ਦਾਤਾਪਨ, ਉਦਾਰਤਾ, ਚੰਗਿਆਈ, ਪਰਉਪਕਾਰ, ਤੇ ਅਮਿਣਵੀਂ ਮਿੱਠਤ ਦੇ ਆਸਰੇ ਇੱਕ ਘਰ ਨਹੀਂ, ਇਕ ਰਾਜ ਬਣਿਆ ਪਿਆ ਸੀ। ਇਸ ਸਵਾਣੀ ਦੇ ਹੱਥ ਵਿਚ ਗੰਗਾ ਵਗਦੀ ਸੀ। ਇੱਥੇ ਕਮਾਈ-ਦੌਲਤ ਹੜ੍ਹ ਵਾਂਗ ਵਗਦੀ ਸੀ। ਇਹਦਾ ਹੜ੍ਹ ਕਦੀ ਨਹੀਂ ਸੋਚਦਾ ਸੀ ਕਿ ਮੈਂ ਕਿੱਥੇ ਜਾ ਰਿਹਾ ਹਾਂ, ਵਗਣਾ, ਹੜ੍ਹ ਹੋਣਾ, ਬਸ ਸਵਾਣੀ ਦੇ ਦਿਲ ਦੀ ਪੂਰਨਤਾ ਸੀ।

ਗੱਲਾਂ ਕਰਦੇ ਉਸ ਵੇਲੇ ਸ਼ਿਰਨੀ, ਇਕ ਨਿਹਾਇਤ ਖ਼ੂਬਸੂਰਤ ਨੌਕਰਾਣੀ ਜਿਹਦੇ ਬਸਤਰ ਬੜੇ ਚੰਗੇ ਤੇ ਸੋਹਣੇ ਹਨ- ਉਸ ਕਮਰੇ ਅੰਦਰ ਆਈ, ਉਸ ਵੱਲ ਸਵਾਣੀ ਨੇ ਅੱਖ ਉਠਾ ਕੇ ਵੀ ਨਹੀਂ ਤੱਕਿਆ, ਪਰ ਉਹਦੇ ਭਰਵੱਟੇ ਉਪਰ ਇਕ ਮਾੜੀ ਜਿਹੀ ਗੁੰਝਲ ਪਈ, ਜਿਹੜੀ ਠੀਕ ਉਸ ਖਿਣ ਅੰਗੀਠੀ ਦੀ ਅੱਗ ਦੇ ਭਬਾਕੇ ਨਾਲ ਰੋਸ਼ਨ ਹੋਈ ਤੇ ਨੌਕਰਾਣੀ ਨੂੰ ਦਿਸ ਪਈ, ਉਹ ਉਹਨਾਂ ਹੀ ਪੈਰਾਂ ਤੇ ਬੇਖੜਾਕ ਬਿੱਲੀ ਵਾਂਗ ਵਾਪਸ ਹੋ ਗਈ।

ਦੰਪਤੀ ਦੀ ਸੁਹਣੱਪ ਉਹਨਾਂ ਦੇ ਆਪਣੇ ਇਕ ਦੂਜੇ ਲਈ ਤਾਂ ਸਾਧਾਰਨ ਸੀ, ਪਰ ਇਹ ਬਾਜਾਂ ਦਾ ਉਡਾਰੂ ਜੋੜਾ ਮਨੁੱਖੀ ਸੁਹਣੱਪ ਦੇ ਪਾਰਖੂਆਂ ਲਈ ਵਾਹਿਗੁਰੂ ਦੀ ਇਕ ਅਦਭੁਤ ਰਚਨਾਂ ਦਾ ਨਜ਼ਾਰਾ ਸੀ, ਇਕ ਦਰਸ਼ਨ ਸੀ। ਮਰਦ ਦੇ ਚਿਹਰੇ ਉੱਪਰ ਕੁਝ ਤੀਵੀਂਪਨ ਦੀ ਨਰਮੀ, ਦਇਆ, ਸਰਲਤਾ, ਮਾਸੂਮੀ ਹੋਠਾਂ ਵਿਚ ਇਕ ਅੰਜਾਨ-ਪੁਣਤਾ, ਨੈਣਾਂ ਵਿਚ ਅੱਥਰੂ ਸੇਜਲ, ਹੱਥ ਵਿਚ ਸੇਵਾ, ਮਦਦ, ਹਮਦਰਦੀ ਤੇ ਸਾਰੀ ਸ਼ਕਲ ਵਿਚ ਉੱਚੀ ਮਿੱਠੀ, ਸੁਰੀਲੀ, ਕੋਮਲਤਾ ਦਾ ਕਾਵਕ ਰੰਗ ਸੀ। ਇੰਨਾ ਵਹਿਸ਼ੀ ਬਲ ਵਾਲਾ ਹੋ ਕੇ ਉਹ ਸਾਧੂ ਸੁਭਾ, ਨਰਮ ਤੇ ਕੋਮਲ ਚਿਤ ਵਾਲਾ ਪੁਰਖ ਸੀ। ਤੇ ਤੀਵੀਂ ਵਿਚ ਅਕਹਿ ਜਿਹਾ ਸੋਹਣਾ, ਦਿਲ ਚੁਭਵਾਂ ਮਰਦਊਪਨ, ਜਿਹੜਾ ਅੱਗੇ ਵਧ ਆਪਾ ਜਨਾਣ ਵਾਲਾ ਇਕ ਇਰਾਦੇ ਦਾ ਬਲ ਜਿਹਾ, ਇਕ ਚਮਕਦਾ ਜਿਹਾ ਡਾਢ-ਪੁਣਾ ਸੀ ਜਿਹੜਾ ਕਿਸੀ ਬਨਾਵਟੀ ਸਾਧਨ ਦਵਾਰਾ ਪ੍ਰਾਪਤ ਆਜਜ਼ੀ ਨਾਲ ਛੁਪਾਇਆਂ ਛੁਪ ਨਹੀਂ ਸੀ ਕਦਾਚਿਤ ਸਕਦਾ। ਕਾਲੇ ਰੰਗ ਦੀ ਸ਼ਾਲ ਉਸ ਗੋਰੇ ਚੰਨ ਚਿਹਰੇ ਉੱਪਰ ਆਕਾਸ਼ਾਂ ਦਾ ਰੰਗ ਬੰਨ੍ਹ ਰਹੀ ਸੀ, ਕੋਈ ਪ੍ਰਿਭ-ਜੋਤ ਦੇਵੀ ਬੈਠੀ ਸੀ,

ਮਨੁੱਖ ਨਹੀਂ ਸੀ ਜਾਪਦੀ। ਅਛੋਹ, ਉੱਚੀ ਕੋਈ ਅਪੱਸਰਾ ਸੀ ਤੱਕਿਆਂ ਮੈਲੀ ਹੁੰਦੀ ਸੀ ਪਰਦਾਦਾਰ ਸੀ, ਤੇ ਜਦ ਉਹ ਉੱਠ ਕੇ ਆਪਣੇ ਘਰ ਵਾਲੇ ਦੀ ਰੁੱਝਵੀਂ ਆਉ-ਭਗਤ ਵਿਚ ਆਉਂਦੀ ਜਾਂਦੀ ਸੀ ਤਾਂ ਉਹਦੀ ਦਿਲ ਵਿਚ ਦੀ ਇਕ ਮਿੰਨਤ, ਇਕ ਵਾਰਨ ਵਾਰਨ ਦੀ ਚਾਹ, ਇਕ ਪਿਘਲੀ, ਭੁੱਠੀ ਕੁਠੀ ਜਿਹੀ ਰੂਹ ਦੀ ਬਿਹਬਲਤਾ, ਇਕ ਪਿਆਰ ਦਾ ਅਨੁਮਾਨ, ਪਾਗਲਪਨ, ਇਕ ਬਿਸਮਿਲ ਪਰਵਾਨੇ ਦੀ ਚੁਪ-ਆਸ਼ਕੀ ਇਕ ਫੜਕ-ਫੜਕ, ਡੁਲ੍ਹਦੀ ਵਗਦੀ ਦਿੱਸਦੀ ਸੀ ਤੇ ਐਸੀ ਪ੍ਰੀਤ ਨਸ਼ੀਲੀ ਚਾਲ ਸੀ ਕਿ ਉਸ ਨੂੰ ਆਪੇ ਉੱਪਰ ਕਾਬੂ ਰੱਖਣਾ ਕਠਨ, ਅਤੀ ਕਠਨ ਹੋ ਰਿਹਾ ਸੀ।

ਇਹ ਗਰੀਬ ਮਲਕਾ ਪਿਆਰ ਵਿਚ ਚੂਰ ਹੋਈ ਆਪ ਨੂੰ ਸੰਭਾਲ ਰਹੀ ਸੀ : ਹਾਇ! ਪਿਆਰੇ ਦੇ ਸਵਾਗਤ ਵਿਚ ਕਿਸੀ ਕਿਸਮ ਦੀ ਊਣਤਾਈ ਉਹਦੇ ਆਪਣੇ ਪਿਆਰ ਪਾਗਲ-ਪਨ ਕਰਕੇ ਨਾ ਰਹਿ ਜਾਵੇ। ਘਰ ਵਾਲੇ ਆਖ਼ਰ ਪਰਾਈ ਮਾਂ ਦੇ ਪੁੱਤ ਹੁੰਦੇ ਹਨ, ਉਹਨਾਂ ਕਦੀ ਉਹ ਖਿਮਾਂ ਨਹੀਂ ਧਾਰਨ ਕਰਨੀ ਜਿਹੜੀ ਕਿ ਮਾਂ ਆਪਣੀ ਆਪੇ ਵਿਚੋਂ ਅੰਗਕ ਕੀਤੀ ਧੀ ਲਈ, ਆਪਣੇ ਨਵੇਂ ਰੂਪ, ਆਪੇ ਜਿਹੇ ਪੈਦਾ ਕੀਤੇ ਸਰੂਪ, ਲਈ ਧਾਰਨ ਕਰ ਸਕਦੀ ਹੈ।

੨

ਸਵਾਣੀ - ਜੀ, ਅੱਜ ਬਰਫ਼ ਤਾ ਚੋਖੀ ਪੈ ਗਈ ਹੈ।

ਨੂਰ ਜੀ - ਪਿਆਰੀ ਜੀ! ਰੱਬ ਦੀ ਮਿਹਰ ਵੱਸ ਰਹੀ ਹੈ, ਸ਼ੁਕਰ ਹੈ ਨਿੱਘੀ ਠੰਡ ਵਰਤ ਰਹੀ ਹੈ, ਦਿਲਾਂ ਦੀ ਵਸਤੀ ਵੱਸ ਰਹੀ ਹੈ।

ਸਵਾਣੀ - ਅੱਜ ਠੀਕ ਦੋ ਸਾਲਾਂ ਬਾਅਦ ਤੁਸੀਂ ਘਰ ਆਏ ਹੋ।

ਨੂਰ ਜੀ - ਹਾਂ ਪਿਆਰੀ ! ਬੜੇ ਸੋਹਣੇ ਸਫ਼ਰ ਪਏ ਰਹੇ।

ਸਵਾਣੀ - ਮੇਰੇ ਲਈ ਸਫ਼ਰ ਝਾਗਦੇ ਰਹੇ ਹੋ, ਬਿਪਤਾ ਝਾਗਦੇ ਰਹੇ ਹੋ!

ਨੂਰ ਜੀ - ਪਿਆਰੀ ਜੀ! ਆਪ ਮੇਰੇ ਲਈ ਜੱਫਰ ਜਾਲਦੇ ਰਹੇ ਹੋ, ਇਕੋ ਜਿਹੀ ਗੱਲ ਹੈ ਨਾ।

ਸਵਾਣੀ - ਪਰ ਘਰ ਬੈਠੀਆਂ ਦਾ ਆਪ ਦੇ ਦਿੱਤੇ ਆਰਮ ਵਿਚ ਸਾਨੂੰ ਕੀ ਦੁਖ ਹੈ ? ਕਸ਼ਟ ਸਾਰੇ ਸਾਡੇ ਲਈ ਆਪ ਨੂੰ ਹੀ ਝੱਲਣੇ ਪੈਂਦੇ ਹਨ।

ਨੂਰ ਜੀ - ਸਾਨੂੰ ਸਰੀਰਕ, ਆਪ ਨੂੰ ਰੂਹਾਨੀ ਕਸ਼ਟ ਝੱਲਣੇ ਪੈਂਦੇ ਹਨ, ਸਰੀਰਕ ਤਾਂ ਸੌਖੇ ਸਹੇ ਜਾਂਦੇ ਹਨ, ਕੋਈ ਨਾ ਕੋਈ ਸਬੀਲ ਨਿਕਲ ਹੀ ਆਉਂਦੀ

ਹੈ, ਪਰ ਰੂਹਾਨੀ ਕਸ਼ਟ ਜੋ ਆਪ ਤੀਵੀਆਂ ਸਹਾਰਦੀਆਂ ਹਨ ਉਨ੍ਹਾਂ ਵਿਚ ਤਦਬੀਰ ਕੋਈ ਕੰਮ ਨਹੀਂ ਦੇਂਦੀ, ਨਾ ਦੂਜਾ ਕੋਈ ਓਥੇ ਜਾ ਕੇ ਆਪ ਦੀ ਸਹਾਇਤਾ ਕਰ ਸਕਣ ਦੇ ਸਮਰੱਥ ਹੁੰਦਾ ਹੈ। ਤੁਸੀਂ ਪਿਆਰ ਦੇ ਦੀਵਿਆਂ ਵਾਂਗ ਸਦਾ ਆਪਣੇ ਪਿਆਰ ਵਿਚ ਜਿੰਦ ਜਾਨ ਬਾਲਦੀਆਂ ਹੋ, ਤੁਹਾਡੀ ਕੁਰਬਾਨੀ ਵਿਚ ਪ੍ਰਕਾਸ਼ ਹੈ, ਓਸ ਪ੍ਰਕਾਸ਼ ਨਾਲ ਘਰ ਚਾਨਣਾ ਹੁੰਦਾ ਹੈ ਤੇ ਓਹੋ ਹੀ ਲੋਅ ਸਾਨੂੰ ਦੇਸ਼ਾਂ ਦੇਸ਼ਾਂਤਰਾਂ ਵਿਚ ਰਾਹ ਦੱਸਦੀ ਤੇ ਸਾਡੇ ਨਾਲ ਰਹਿੰਦੀ ਹੈ ਤੁਸੀਂ ਤੀਮੀਆਂ ਧੰਨ ਹੋ!

ਸਵਾਣੀ - ਪਰ ਜੀ .... ਕਹਿੰਦਿਆਂ ਕਹਿੰਦਿਆਂ ਰੁਕ ਜਿਹੀ ਗਈ ਤੇ ਗਲ ਭੁੱਲਾਣ ਨੂੰ ਛੇਤੀ ਦੇ ਕੇ ਉਠ ਕੇ ਮੁੜ ਚਿਲਗੋਜ਼ੇ ਦਾ ਇਕ ਹੋਰ ਮੁੱਢ ਲਿਆਈ ਤੇ ਅੰਗੀਠੀ ਵਿਚ ਰੱਖ ਦਿੱਤਾ।

ਨੂਰ ਜੀ - ਹਾਂ ਪਯਾਰੀ ਜੀ! ਤੁਸੀਂ ਕੁਛ ਕਹਿਣ ਲੱਗੇ ਸੀ?

ਸਵਾਣੀ - ਨਹੀਂ ਜੀ, ਕੁਛ ਨਹੀਂ (ਮੂੰਹ ਨੀਵਾਂ ਜਿਹਾ ਪਾ ਲਿਆ ਤੇ ਅੱਗ ਨੂੰ ਠੀਕ ਕਰਨ ਲਗ ਗਈ)।

ਨੂਰ ਜੀ - ਹਾਂ ਜੀ ਕਹੋ, ਮੈਂ ਤਾਂ ਆਪ ਦੇ ਮਿੱਠੇ ਫੁੱਲਾਂ ਵਰਗੇ ਮਲੂਕ ਬਚਨਾਂ ਦਾ ਭੁੱਖਾ ਹਾਂ।

ਸਵਾਣੀ - ਨਹੀਂ ਜੀ।

ਨੂਰ ਜੀ - ਫਿਰ ਕੀ ਗੱਲਾਂ ਕਰਦੇ ਰੁਕ ਗਏ ਹੋ ਤੇ ਅੱਗ ਨੂੰ ਠੀਕ ਕਰ ਰਹੇ ਹੋ ?

ਸਵਾਣੀ - ਕੁਛ ਨਹੀਂ ਜੀ।

ਨੂਰ ਜੀ - ਪਰ ਤੁਸੀਂ, ਜਿਸ ਵੇਲੇ ਦਾ ਮੈਂ ਆਇਆ ਹਾਂ, ਇਉਂ ਹੋ ਜਿਵੇਂ ਮੈਂ ਘਰ ਵਿਚ ਮਹਿਮਾਨ ਹਾਂ।

ਸਵਾਣੀ - ਨਹੀਂ ਜੀ ....।

ਨੂਰ ਜੀ - ਤੁਸੀਂ ਖੁਲ੍ਹਦੇ ਕਿਉਂ ਨਹੀਂ ? ਆਪਣੇ ਪਿਆਰ ਗੁੰਧੇ ਬਚਨਾਂ ਨਾਲ ਰਜਾਓ ਨਾ, ਇਹ ਸ਼ਰਮ ਸ਼ੁਰਮ ਕੀ ? ਇਹ ਸੰਕੋਚ ਕੀ ? ਗੱਲਾਂ ਕਰਦੇ ਉਠ ਚਲਗੋਜ਼ੇ ਦਾ ਮੁੱਢ ਲਿਆ ਲਿਆ ਧਰਨਾਂ ਕੀ ? ਦੇਖੋ ਹੁਣ ਤਾਂ ਕਿੰਨੇ ਹੀ ਹੋ ਗਏ ਹਨ, ਇੰਨੀ ਅੱਗ ਤਾਂ ਸਹਾਰੀ ਵੀ ਨਾ ਜਾਊ, ਆਪ ਤਾਂ ਕਿਸੀ ਬੇਹੋਸ਼ੀ ਜਿਹੀ ਵਿਚ ਲਕੜਾਂ ਲਿਆ ਲਿਆ ਜੋੜੀ ਜਾਂਦੇ ਹੋ।

ਸਵਾਣੀ - ਨਹੀਂ ਜੀ।

ਨੂਰ ਜੀ - ਪਰ ਤੁਸੀਂ ਗੱਲ ਕਰਨ ਲੱਗੇ ਸੀ।

ਸਵਾਣੀ - ਨਹੀਂ ਜੀ।

ਨੂਰ ਜੀ – ਪਰ ਹੋਠਾਂ ਵਿਚ ਗੱਲ ਰੁਕ ਗਈ ਸੀ। ਗੱਲ ਦੇ ਵੀ ਕੀ ਵੱਸ ਹੈ ਹੋਂਠ ਆਪ ਦੇ ਇੰਨੇ ਮਿੱਠੇ ਹਨ ਕਿ ਉਥੇ ਆ ਕੇ ਕਿਸੀ ਦਾ ਜੀ ਉਥੋਂ ਹਿੱਲਣ ਨੂੰ ਨਹੀਂ ਕਰਦਾ, ਇਹ ਤਾਂ ਆਪ ਦੇ ਆਪਣੇ ਲਫਜ਼ ਹੋਏ।

ਸਵਾਣੀ – ਨਹੀਂ ਜੀ।

ਨੂਰ ਜੀ – ਆਪ ਦੇ ਨੈਣਾਂ ਵਿਚ ਅੱਥਰੂ ਡਲ੍ਹ ਡਲ੍ਹ ਕਰ ਰਹੇ ਹਨ, ਕੋਈ ਗੱਲ ਹੈ, ਦੱਸੋ ਨਾ ?

ਸਵਾਣੀ – ਜੀ ਤੁਸੀਂ ਐਤਕੀਂ ਦੇ ਸਫਰ ਵਿਚ ਕੁਝ ਹੋਰ ਦੇ ਹੋਰ ਹੋ ਗਏ ਜਾਪਦੇ ਹੋ ਤੁਸਾਂ 'ਰੱਬ' ਕਿਹਾ ਤੇ ਦਿਲ ਦੀ ਕਿੰਗਰੀ ਤੇ ਇਕ ਤੀਰ ਦੀ ਨੋਕ ਵਾਂਗ ਆਪ ਦਾ 'ਰੱਬ' ਸ਼ਬਦ ਜਾ ਕੇ ਲੱਗਾ। ਇਕ ਤੀਰ ਆਉਂਦਾ ਦਿਸਿਆ, ਨਿਕਲਦਾ ਦਿਸਿਆ ਨਹੀਂ ਤੇ ਦਿਲ ਦਾ ਮਨਾਰਾ ਰੋਸ਼ਨ ਹੋ ਗਿਆ, ਅੰਦਰ ਸੁਖ ਦੀ ਖਲਬਲੀ ਮਚ ਗਈ। ਤੁਹਾਡਾ ਚਿਹਰਾ ਨਵੀਆਂ ਚਮਕਾਂ ਵਿਚ ਹੈ, ਮੇਰੇ ਨੈਣ ਦੇਖ ਦੇਖ ਮੁੰਦਦੇ ਜਾਂਦੇ ਹਨ, ਛੱਪਰ ਉੱਠਦੇ ਨਹੀਂ ਸਰੂਰ ਸਿਰ ਨੂੰ ਚੜ੍ਹਦਾ ਹੈ ਕਿ ਇਕ ਝੂਮ ਜਿਹੀ ਆਉਂਦੀ ਹੈ।

'ਆਪ ਦੇ ਅੰਗਾਂ ਵਿਚ ਕੋਈ ਬਿਜਲੀਲੀ ਫੜਕਾਂ ਹਨ, ਹੱਥ ਲਾਇਆਂ ਬਿਜਲੀ ਦੀ ਰੋਅ ਮੇਰੇ ਰੂਹ ਵਿਚ ਜਾ ਫਿਰਦੀ ਹੈ।"

"ਜੀ, ਐਤਕੀਂ ਸਫਰਾਂ ਵਿਚ ਤੁਸੀਂ ਹੋਰ ਦੇ ਹੋਰ ਹੋ ਆਏ ਹੋ।"

"ਆਪ ਦੇ ਨੈਣ ਉੱਪਰ ਨੂੰ ਖਿੱਚੇ ਹੋਏ ਹਨ, ਆਪ ਦਾ ਮੱਥਾ ਚਮਕ ਰਿਹਾ ਹੈ, ਪਤਾ ਨਹੀਂ ਕੀ ਗੱਲ ਹੈ, ਪਰ ਤੁਸੀਂ ਬਹੁੰ ਹੀ ਚੰਗੇ ਲੱਗਦੇ ਹੋ, ਦੇਖ ਦੇਖ ਠੰਡ ਪੈਂਦੀ ਹੈ ਜੀ ਇਹ ਕੀ ਗੱਲ ਹੈ ?"

"ਆਪ ਦੇ ਹੋਠਾਂ ਵਿਚ ਇਕ ਫੁਲਹਸੀ ਜੜੀ ਹੈ, ਇਹ ਕਿਸੀ ਹੋਰ ਦੀ ਜਾਪਦੀ ਹੈ, ਇਸ ਵਿਚ ਕੋਈ ਸੋਹਣਾ ਭੇਤ ਹੱਸ ਰਿਹਾ ਹੈ, ਮੈਨੂੰ ਜੀ ਪਤਾ ਨਹੀਂ ਪਿਆ ਲਗਦਾ, ਦਿਲ ਰੂਹ-ਜਾਨ ਮੇਰੀ ਖਿੱਚੀ ਜਾ ਰਹੀ ਹੈ, ਮੈਂ ਬੇਬਸ ਹੋ ਰਹੀ ਹਾਂ ਕੁਛ ਦਿਲ-ਚੁਭਵਾਂ ਮਰਨ ਮਰਨ ਨੇੜੇ ਆਉਂਦਾ ਦਿਸ ਰਿਹਾ ਹੈ, ਪਰ ਪ੍ਰਭਾਵ ਬੜਾ ਉੱਚਾ ਹੈ, ਇਉਂ ਲਗਦਾ ਹੈ ਕਿ ਮੈਂ ਰੱਬ ਦੇ ਦਰ ਤੇ ਖੜੀ ਹਾਂ, ਮੇਰੇ ਹੱਥ ਜੁੜਦੇ ਜਾਂਦੇ ਹਨ, ਮੇਰਾ ਸਿਰ ਡਿਗਦਾ ਜਾਂਦਾ ਹੈ, ਇਹ ਸਿਰ ਆਪ ਦੇ ਕਦਮਾਂ ਤੇ ਰੱਖਣ ਨੂੰ ਜੀਅ ਲੋਚਦਾ ਹੈ। ਮੱਥਾ ਮੇਰਾ ਧੜਕ ਰਿਹਾ ਹੈ, ਰੂਹ ਹਲੂਲ ਹੋ ਰਿਹਾ ਹੈ, ਰੋਣ, ਰੋਣ ਆਪ-ਮੁਹਾਰਾ ਆ ਰਿਹਾ ਹੈ। ਮਨ ਇੰਨਾਂ ਮਿੱਠਾ ਹੋ ਗਿਆ ਹੈ ਕਿ ਦਿਲ ਕਰਦਾ ਹੈ ਹਰ ਇਕ ਦੁਖੀ ਦਰਦੀ ਦਿਸੀਂਦੇ ਉੱਪਰ ਇਕ ਫਟੜ ਪੰਛੀ ਦੇ ਜ਼ਖਮ ਲਈ, ਇਕ ਘਾਇਲ ਘੋੜੇ ਦੇ ਦੁੱਖ ਉੱਪਰ, ਇਕ ਤੀਵੀਂ ਦੇ ਅੱਥਰੂ ਉੱਪਰ ਕਿਸੀ ਬੱਚੇ ਦੀ ਖ਼ਾਤਰ ਆਪਾ ਵਾਰ ਸੁੱਟ ਦਿਆਂ।

"ਜੀ ਤੁਸੀਂ ਦਸੋ ਇਹ ਕੀ ਵਰਤ ਰਿਹਾ ਹੈ ?"

ਨੂਰ ਜੀ - ਪਿਆਰੀ ਜੀ ! ਮੈਂ ਆਪ ਦੇ ਵਚਨਾਂ ਦਾ ਭੁੱਖਾ ਹਾਂ, ਤੁਸੀਂ ਬੋਲੀ ਜਾਓ।

ਸਵਾਣੀ - ਜੀ, ਤੁਸੀਂ ਦੱਸੋ ਨਾ ਕੇ ਗੱਲ ਹੈ ? ਮੈਨੂੰ ਅਨੇਕਾਂ ਭਰਮ ਪੈ ਰਹੇ ਹਨ ?

ਅੱਲਾ ਭੁੱਲ ਰਿਹਾ ਹੈ, ਕੁਛ ਕੂੜ ਕੂੜ ਦਿਸ ਰਿਹਾ ਹੈ, ਤੁਸੀਂ ਸੱਚ ਸੱਚ ਦਿਸ ਰਹੇ ਹੋ, ਤੁਸੀਂ ਅੱਲਾ ਅੱਲਾ ਹੋ ਰਹੇ ਹੋ, ਤੇ ਮੈਂ ਆਪਣੇ ਦਿਲ ਵਿਚ ਸ਼ਰਮਾ ਰਹੀ ਹਾਂ ਕਿ ਮੇਰੇ ਅੰਦਰ ਇਹ ਕੀ ਕੁਫਰ ਵਰਤ ਰਿਹਾ ਹੈ ? ਤੁਸੀਂ ਕੀ ਆਖੋਗੇ ! ਇਸ ਕਾਰਣੋਂ ਗੱਲ ਕਰਨੋਂ ਰੁਕ ਰਹੀ ਸਾਂ, ਤੇ ਜੇ ਮੈਂ ਆਪਣੇ ਦਿਲ-ਮੂਰਖ ਦੀ ਗੱਲ ਮੰਨ ਕੇ ਆਪ ਦੇ ਕਦਮਾਂ ਤੇ ਡਿੱਗਦੀ ਤਦ ਇਕ ਨਾਟਕੀ ਜਿਹੀ ਗੱਲ ਦਿਖਾਵਾ ਜਿਹਾ ਦਿੱਸਦਾ, ਮੈਂ ਡਰ ਗਈ ਤੁਸੀਂ ਕੀ ਕਹੋਗੇ !

ਮੈਂ ਆਪਣੇ ਦਿਲ ਵਿਚ ਹੀ ਸ਼ਰਮਾ ਰਹੀ ਸਾਂ, ਪਰ ਸਾਈਂ ਜੀ ! ਇਹ ਗੱਲ ਕੀ ਹੈ, ਇਹਨਾਂ ਸਫਰਾਂ ਵਿਚ ਆਪ ਨੂੰ ਕੀ ਲੱਭਾ ਹੈ ?

ਨੂਰ ਜੀ - ਪਿਆਰੀ ਜੀ ! ਗੱਲ ਕਰੀ ਜਾਓ, ਮੇਰਾ ਉੱਤਰ ਉਡੀਕ ਕਰਨ ਵਿਚ ਆਪ ਦੇ ਕਥਨ ਦਾ ਪ੍ਰਵਾਹ ਰੁਕ ਜਾਏਗਾ।

ਸਵਾਣੀ - ਪਰ ਕੀ ਕਰਾਂ ? ਸਾਈਂ ਜੀ, ਤੁਸੀਂ ਕੁਛ ਹੋਰ ਹੋ ਆਏ ਹੋ ਜਾਂ ਮੇਰੇ ਦਿਲ ਵਿਚ ਕੋਈ ਹਿੰਦੂ ਆ ਬੈਠਾ ਹੈ, ਮੇਰਾ ਮਨ ਬੁਤ-ਖਾਨਾ ਹੋ ਗਿਆ ਹੈ, ਮੈਨੂੰ ਦਿਸਦਾ ਹੈ ਮੈਂ ਕਾਫ਼ਰ ਕਾਫ਼ਰ ਹੋ ਰਹੀ ਹਾਂ, ਤੁਸੀਂ ਕੀ ਕਹੋਗੇ ? ਨਾ ਮੈਂ ਦਸ ਸਕਦੀ ਹਾਂ, ਨਾ ਛੁਪਾ ਸਕਦੀ ਹਾਂ ਜੀ ! ਤੁਸੀਂ ਕੀ ਹੋ ਆਏ ਹੋ ? ਅਗੇ ਤਾਂ ਇੰਨਾਂ ਕਦੀ ਵੀ ਨਹੀਂ ਸੀ ਹੋਇਆ।

ਨੂਰ ਜੀ - ਪਿਆਰੀ ਜੀ ! ਮੈਂ ਤਾਂ ਆਪ ਦਾ ਹਾਂ, ਉਹੀ ਹਾਂ, ਪਰ ਤੁਸੀਂ ਠੀਕ ਠੀਕ ਆਪਣੇ ਮਹਬੂਬੀ ਰੰਗ ਵਿਚ ਹੋ, ਸੁਹਣੇ ਤਾਂ ਸਦਾ ਬੁਤ ਹੀ ਹੁੰਦੇ ਹਨ, ਤੇ ਹਮਾਤੜ ਪੁਜਾਰੀ ਸਦਾ ਕਾਫ਼ਰ ਹੀ ਹੁੰਦੇ ਹਾਂ। 'ਕੁਫਰ' ਇਸੀ 'ਪਿਆਰ-ਪੂਜਾ' ਦਾ ਹੀ ਤਾਂ ਦੂਜਾ ਨਾਂ ਹੈ, ਸਾਰੇ ਮਜ਼ਬ ਇਸੀ ਪਿਆਰ ਦੇ ਮਗਰ ਪੈ ਜਾਂਦੇ ਹਨ, ਆਖਦੇ ਹਨ ਸੋਹਣਿਆਂ ਬੁੱਤਾਂ ਦਾ ਪਿਆਰ ਕਾਫਰ ਬਣਾ ਦਿੰਦਾ ਹੈ, ਪਰ ਉਲਟੀ ਗੱਲ ਸਾਨੂੰ ਤਾਂ ਬੁੱਤ ਦੇਖ ਕੇ ਹੀ ਰੱਬ ਯਾਦ ਆਉਂਦਾ ਹੈ।

ਸਵਾਣੀ - ਨਹੀਂ ਜੀ ! ਮੈਂ ਮਜ਼ਬ ਨੂੰ ਨਹੀਂ ਕੋਸ ਰਹੀ, ਮੈਂ ਤਾਂ ਆਪ ਨੂੰ ਆਪਣੀ ਹਾਲਤ ਦੱਸ ਰਹੀ ਹਾਂ, ਤੁਸੀਂ ਇਸ ਨੂਰਾਨੀ ਉੱਚੀ ਸੁਹਣੀ ਸੂਰਤ ਵਿਚ 'ਰੱਬ' 'ਰੱਬ' ਦਿਸ ਰਹੇ ਹੋ।

ਨੂਰ ਜੀ - ਪਿਆਰੀ ਜੀ ! ਬੱਸ ਇਹੋ ਕੁਫਰ ਹੈ।

ਸਵਾਣੀ - ਨਹੀਂ ਜੀ, ਮੈਂ ਤਾਂ ਤੁਸਾਡੇ ਪਿਛੇ ਸਦਾ ਨਮਾਜ਼, ਰੋਜ਼ੇ ਵਿਚ ਰਹੀ ਹਾਂ, ਅੱਲਾ ਦਾ ਨਾਮ ਵੀ ਤਸਲੀ ਨਾਲ ਬਾਰ ਬਾਰ ਲੈਂਦੀ ਰਹੀ ਹਾਂ, ਪਰ ਅਜ ਆਪ ਦੇ ਦਰਸ਼ਨਾਂ ਨਾਲ ਮੇਰਾ ਪੁਰਾਣਾ ਈਮਾਨ ਕੁਛ ਥਿੜਕ ਗਿਆ ਹੈ, ਮੈਨੂੰ ਤਾਂ ਇਸੇ ਗੱਲ ਦਾ ਪਤਾ ਨਹੀਂ ਪਿਆ ਲਗਦਾ, ਤੁਸੀਂ ਦਸੋ ਨਾ?

ਨੂਰ ਜੀ - ਪਿਆਰੀ ਜੀ ! ਤੁਸੀਂ ਘਾਬਰੋ ਨਹੀਂ, ਮੈਂ ਤਾਂ ਮੁੱਢ ਥੀਂ ਵਿਆਹ ਥੀਂ ਪਹਿਲਾਂ ਦਾ ਕੁਛ ਦਹਿਰਿਯਾ ਦਹਿਰਿਯਾ ਹਾਂ, ਆਪ ਨੂੰ ਦੇਖਣਾ, ਪਿਆਰ ਕਰਨਾ ਮੇਰਾ ਇਸਲਾਮ ਹੈ। ਆਪ ਨੂੰ ਪਤਾ ਹੀ ਹੈ ਕਿ ਮੈਂ ਆਪ ਦੇ ਮੂੰਹ ਦੀਵੇ ਦਾ ਪਤੰਗਾ ਹਾਂ, ਕਈ ਵਾਰ ਮੋਇਆਂ, ਕਈ ਵਾਰ ਜੀਵਿਆਂ ਤੇ ਮੈਂ ਜੀਂਦਾ ਆਪ ਦੇ ਰੂਪ ਤੇ ਹਾਂ ਮੈਂ ਪਲਦਾ ਆਪ ਦੇ ਪਿਆਰ ਤੇ ਹਾਂ ਤੇ ਮੈਂ ਸਦਾ ਆਪ ਦੇ ਸਦਕੇ ਹਾਂ ਤੇ ਤੁਸੀਂ ਸਦਾ ਨਮਾਜ਼ ਰੋਜ਼ਾ ਗੁਜ਼ਾਰਦੇ ਹੋ, ਕੁਰਾਨ ਸ਼ਰੀਫ ਰੋਜ਼ ਪੜ੍ਹਦੇ ਹੋ, ਮੈਂ ਆਪ ਨੂੰ ਸਦਾ ਕਹਿੰਦਾ ਹੁੰਦਾ ਹਾਂ ਕਿ ਇਹ ਕੀ ਜੱਫਰ ਜਾਲਦੇ ਹੋ, ਜੇ ਇਸ ਯਤਨ ਨਾਲ ਕੁਛ ਬਣਨਾ ਹੁੰਦਾ ਤਾਂ ਲੱਖਾਂ ਹਾਫ਼ਜ਼ ਦੂਨੀਆਂ ਵਿਚ ਵਿਚਰਦੇ ਹਨ, ਇਕ ਦਾ ਚਿਹਰਾ ਆਪ ਵਰਗਾ ਰੱਬ ਦਾ ਬਖਸ਼ਿਆ ਹੋਇਆ ਹੁੰਦਾ। ਗੱਲ ਤਾਂ ਕੁਝ ਹੋਰ ਸੀ, ਹੋਰ ਦੀ ਹੋਰ ਹੋ ਚੁਕੀ ਹੈ, ਪਰ ਤੁਸਾਂ ਕਦੀ ਸਾਡੀ ਗਰੀਬਾਂ ਦੀ ਗੱਲ ਨਾ ਮੰਨੀ, ਧਰਤੀ ਮੁਸਲਮਾਨਾਂ ਦੀ ਹੋਈ ਤੂੰ ਪਰਾਈ ਧੀ ਹੋਈ, ਭਈ ਡਰ ਕੇ ਚੁਪ ਹੀ ਕਰ ਰਹੀਦਾ ਸੀ ਕਿ ਮਜ਼ਬ ਬੁਰੀ ਬਲਾ ਹੈ ਜੋ ਤੀਮੀਂ ਆਪਣੀ ਦੀ ਹਮਦਰਦੀ ਨੂੰ ਵੀ ਖੋਹ ਲੈਂਦਾ ਹੈ। ਕਿਸੀ ਵਿਚ ਸੱਚੀ ਹਮਦਰਦੀ, ਇਸ਼ਕ ਪਾਣੀ ਹੈ, ਹਮਦਰਦੀ ਪਾਣ ਵਾਲਾ ਤਾਂ ਕੋਈ ਹੋਰ ਹੈ, ਜਿਸ ਨੇ ਹੈਵਾਨ ਮਾਂ ਦੇ ਦਿਲ ਵਿਚ ਆਪਣੇ ਬੱਚੇ ਲਈ ਦਰਦ ਪਾਯਾ ਹੈ, ਕੁਸ਼ਟੀ ਮਾਂ ਆਪਣੇ ਬੱਚੇ ਨੂੰ ਗਲੇ ਲਾ ਕੇ ਚੁੰਮਦੀ ਹੈ, ਉਪਰ ਅਸਮਾਨਾਂ ਵਲ ਤਕਦੀ ਹੈ, ਰਸ ਨਾਲ ਭਰਦੀ ਹੈ, ਸ਼ੁਕਰ ਕਰਦੀ ਹੈ, ਗਾਂ ਵੱਛਾ ਚੱਟਦੀ ਹੈ, ਸ਼ੇਰਨੀ ਦੁੱਧ ਪਿਆਲਦੀ ਹੈ, ਉਹ ਕੋਈ ਹੈ, ਜਿਸ ਨੇ ਇਨਸਾਨ ਦੇ ਦਿਲ ਵਿਚ ਵੀ ਦਰਦ ਪਾਯਾ ਹੈ, ਤੇ ਅੱਖਾਂ ਵਿਚ ਮਿਤ੍ਰਤਾ ਦੀ ਅੰਮ੍ਰਿਤ ਭਰੀ ਬੂੰਦ ਰਖੀ ਹੈ ਤੇ ਅੰਗਾਂ ਵਿਚ ਇਕ ਦੂਜੇ ਦੀ ਮਦਦ ਕਰਨ ਦਾ ਸਾਹਸ ਭਰ ਦਿਤਾ ਹੈ।

ਪਿਆਰੀ ਜੀ ! ਉਹ ਅਦਾ ਮੁਸਲਮਾਨਾਂ ਵੀ ਆਪ ਦੀ, ਇਹ ਅਦਾ ਕਾਫਰਾਨ ਵੀ ਆਪ ਦੀ, ਮੈਨੂੰ ਤਾਂ ਚਾਹੇ-ਤੁਸੀਂ ਕਿਸੀ ਖਿਆਲ ਵਿਚ ਹੋਵੋ-ਪਿਆਰੇ ਲਗਦੇ ਹੋ, ਮੈਂ ਕਰਾਂ ਕੀ? ਮੇਰੀ ਜਿੰਦ-ਜਾਨ ਪ੍ਰਾਨ ਜੋ ਆਪ ਦਾ ਰੂਪ ਹੋਇਆ। ਤੁਸੀਂ ਮੇਰੀ ਹਮੇਸ਼ਾ ਦੀ ਈਦ ਦਾ ਚੰਨ ਹੋ, ਮੈਂ ਤਾਂ ਗਰੀਬ ਜਿਹਾ ਨਿਕੇ ਜਿਹੇ ਦਿਲ ਵਾਲਾ ਮਾੜਾ ਜਿਹਾ ਬੰਦਾ ਹਾਂ, ਵੱਡੇ ਵੱਡੇ ਲੋਕਾਂ ਨੂੰ ਵੱਡੇ ਵੱਡੇ ਠੁਲ੍ਹੇ ਉੱਚੇ ਲੰਮੇ ਖੁਦਾ ਚਾਹੀਏ।

ਸਵਾਣੀ - ਨਹੀਂ ਜੀ, ਮੇਰਾ ਇਹ ਮਤਲਬ ਨਹੀਂ ਸੀ, ਮੈਂ ਤਾਂ ਹੋਰ ਗੱਲ ਪਈ ਪੁੱਛਦੀ ਹਾਂ।

ਨੂਰ ਜੀ - ਦੱਸੋ ?

ਸਵਾਣੀ - ਨਹੀਂ ਜੀ, ਤੁਸੀਂ ਜਲਾਲੀ ਡਾਢਪੁਣਾ ਕਿਥੇ ਗਵਾ ਆਏ ਹੋ ? ਆਪ ਦੇ ਨੈਣਾਂ ਵਿਚ ਅੱਥਰੂ ਸੇਜਲ ਕੇਹੀ ਹੈ ? ਆਪ ਨਾਲ ਛੂਹ ਕੇ ਇਕ ਮਿਕਨਾਤੀਸੀ ਰੌਅ ਕੇਹੀ ਛਿੜ ਜਾਂਦੀ ਹੈ ? ਇਹ ਚੁਪ ਕਹੀ ਗਾਉਂਦੀ ਹੈ ? ਇਹ ਨਿੱਸਲਤਾ ਕੇਹੀ ਆਉਂਦੀ ਹੈ ?

ਮੈਨੂੰ ਤਾਂ ਆਪ ਦਾ ਉਹ ਕੜਾਪਨ ਆਪ ਦਾ ਗਹਿਣਾ ਲਗਦਾ ਸੀ, ਹੁਣ ਤੁਸੀਂ ਬੁੱਟੇ ਬੁੱਟੇ ਲਗਦੇ ਹੋ, ਪਰ ਗਰੀਬ ਸਾਦਗੀ ਵਿਚ ਵੀ ਬਿਨ ਗਹਿਣੇ ਕਿਸੀ ਹੋਰ ਸ਼ੋਭਾ ਵਿਚ ਹੋ, ਕੁਛ ਤਿਆਗੀ ਤਿਆਗੀ ਜਾਪਦੇ ਹੋ, ਇਕ ਅਥਾਹ ਉਦਾਸੀ ਆਪ ਵਿਚ ਸਮਾਈ ਹੈ, ਆਪ ਘਰ ਵਿਚ ਮੇਰੇ ਪਾਸ ਬੈਠੇ ਹੋ, ਪਰ ਮਨ ਕਿਸੀ ਆਲੀਸ਼ਾਨ ਉਦਾਸੀ ਵਿਚ ਝੂੰਮ ਰਿਹਾ ਹੈ; ਮੇਰੇ ਦਿਲ ਵਿਚ ਇਹ ਖੋਹ ਖੋਹ ਪੈ ਰਹੀ ਹੈ।

ਨੂਰ ਜੀ - ਪਿਆਰੀ ਜੀ ! ਆਪ ਦੇ ਪਿਆਰ ਦੀ ਬਿਹਬਲਤਾ ਆਪ ਨੂੰ ਟਪਲਾ ਦੇ ਰਹੀ ਹੈ। ਮੈਂ ਤਾਂ ਐਦਕੀਂ ਦੇ ਸਫਰ ਵਿਚ ਕਈ ਸ਼ਹਿਰ, ਗਰਾਵਾਂ, ਬੀਆਬਾਨਾਂ ਦੇ ਤੇ ਪਰਬਤਾਂ ਜੰਗਲਾਂ ਦੇ ਪਾਣੀ ਪੀ ਪੀ ਜਵਾਨ ਗਭਰੂ ਹੋ ਆਯਾ ਹਾਂ, ਮੈਂ ਤਾਂ ਸਮਝਿਆ ਸੀ ਕਿ ਤੁਸੀਂ ਮੈਨੂੰ ਦੇਖ ਕੇ ਹੈਰਾਨ ਹੋਵੋਗੇ ਕਿ ਇਕ ਅੱਧਖੜ ਖੁੱਸੇ ਟੁੱਟੇ ਆਦਮੀ ਵਿਚ ਮੁੜ ਕਿੰਨਾ ਬਾਲਪਨ ਆ ਗਿਆ ਹੈ। ਮੇਰਾ ਜੀ ਹੁਣ ਕਰਦਾ ਹੈ ਮੁੜ ਬਾਲਾਂ ਨਾਲ ਗੀਟੇ ਤੇ ਖੋੜ ਤੇ ਕਾਲਚੇ ਖੇਡਾਂ ਤੇ ਠੀਕ ਜਿਨ੍ਹਾਂ ਜਿਨ੍ਹਾਂ ਸ਼ਹਿਰਾਂ ਵਿਚੋਂ ਦੀ ਮੈਂ ਆਯਾ ਹਾਂ ਉਥੇ ਮੇਰੇ ਦੋਸਤ ਯਾਰ ਸਭ ਬਾਲ ਹੀ ਬਣੇ ਹਨ।

ਸਵਾਣੀ - ਪਰ ਜੀ ! ਇਹ ਰੰਗ ਨਿਰੇ ਪਾਣੀਆਂ ਨਾਲ ਨਹੀਂ ਚੜ੍ਹਦੇ, ਨਾ ਇਹ ਖੇੜੇ, ਨਾ ਇਹ ਆਲੀਸ਼ਾਨ ਉਦਾਸੀ, ਨਾ ਇਹ ਗ੍ਰਹਿਣ ਵਿਚ, ਘਰ ਵਿਚ ਬੈਠੇ ਜੰਗਲਾਂ ਦੀ ਏਕਾਂਤ ਖੁਸ਼ੀ ਦੇ ਖੇਡ, ਇਹ ਤਾਂ ਕੋਈ ਗੂੜ੍ਹ ਰੰਗ ਹਨ, ਦੱਸੋ ਨਾ ਕੀ ਹੋਯਾ ਹੈ ? ਇਹ ਭੇਦ ਵਾਲੀ ਗੱਲ ਕੀ ਹੈ ?

ਨੂਰ ਜੀ - ਪਿਆਰੀ ਜੀ, ਆਪ ਨੂੰ ਅੱਜ ਕੀ ਹੋਇਆ ਹੈ ? ਆਪ ਨੂੰ ਮੈਂ ਕਿਉਂ ਓਪਰਾ ਓਪਰਾ ਦਿੱਸਦਾ ਹਾਂ ? ਆਪ ਦੇ ਦਿਲ ਵਿਚ ਤਾਂ ਖੁਸ਼ੀ ਭਰਨੀ ਸੀ, ਤੁਸੀਂ ਮੈਨੂੰ ਆਪਣਾ ਨਾ ਜਾਣ ਕੇ ਪਿਆਰ ਦੀ ਥਾਂ ਮੇਰੀ ਪੂਜਾ ਕਰਨ ਲਗ ਗਏ ਮੈਨੂੰ ਬੰਦੇ ਦੀ ਥਾਂ ਖ਼ੁਦਾ ਬਣਾ ਛੱਡਿਆ। ਆਪ ਦਾ ਪੂਜਾ ਕਰਨਾ ਦੱਸਦਾ ਹੈ ਕਿ ਆਪ ਦੇ ਰੋਜ਼ੇ ਨਮਾਜ਼ ਵਾਲੇ ਸ਼ਰਈ ਸੁਭਾਉ ਨੇ ਆਪ ਦੇ ਪਿਆਰ ਨੂੰ ਇਹ ਸ਼ਕਲ ਦੇ ਦਿਤੀ ਹੈ। ਪੂਜਾ ਕਰਨ ਵਾਲਾ ਤਾਂ ਭਾਵੇਂ ਮੁਰਾਦ ਜ਼ਰੂਰ ਪਾਊ, ਪਰ ਜਿਨ੍ਹਾਂ ਨੂੰ ਪਿਆਰ ਮਿਲਦਾ ਸੀ ਉਹ ਪੂਜਾ ਥੀਂ ਤੰਗ ਪੈਂਦੇ ਹਨ, ਪਿਆਰ ਵਿਚ

ਰੂਹ ਤੇ ਦਿਲ ਦੀ ਸਹਿਜ ਸੁਭਾਵਨਾ ਹੁੰਦੀ ਹੈ, ਆਪ ਮੁਹਾਰੀ ਹੁੰਦੀ ਹੈ। ਪਰ ਪੂਜਾ ਵਿਚ ਸਦਾ ਹੀ ਕੋਈ ਨਾ ਕੋਈ ਅਣਪਛਾਤੀ, ਅਣਜਾਤੀ ਜੇਹੀ ਨਾਟਕੀ ਚੇਸ਼ਟਾ ਬੇ-ਮਲੂਮੀ ਪੈ ਜਾਂਦੀ ਹੈ। ਸ਼ਰੀਅਤ ਥੀਂ ਮੈਂ ਸੁਭਾਵਿਕ ਇਸ ਕਰਕੇ ਸਦਾ-ਆਪ ਜਾਣਦੇ ਹੋ-ਤੰਗ ਰਿਹਾ ਹਾਂ, ਪੂਜਾ ਜਦ ਪਿਆਰ ਹੁੰਦੀ ਹੈ, ਤਦ ਹੀ ਸਹਿਜ ਨੂੰ ਪ੍ਰਾਪਤ ਕਰਦੀ ਹੈ। ਇਹ ਗੱਲ ਵੱਖਰੀ ਰਹੀ ਕਿ ਪਿਆਰ ਪਿਆਰ ਵਿਚ ਫਰਕ ਹੈ, ਉਹ ਤਾਂ ਆਪਣਾ ਆਪਣਾ ਵਿਤ ਹੈ, ਉਸ ਨਾਲ ਵੀ ਕਿਸੀ ਦਾ ਕੋਈ ਵਾਹ ਨਹੀਂ ਚਲਦਾ। ਗਿਆਨ ਨੇ ਪੱਥਰ-ਬੰਦਿਆਂ ਨੂੰ ਕਦੀ ਇਨਸਾਨ ਤਾਂ ਨਹੀਂ ਬਣਾ ਦੇਣਾ, ਆਦਮੀ ਨੂੰ ਫਰਿਸ਼ਤਾ ਤਾਂ ਨਹੀਂ ਕਰ ਦੇਣਾ। ਰਾਗੀ ਹਰ ਕੋਈ ਨਹੀਂ ਹੋ ਸਕਦਾ। ਓਹੋ ਕਿਤਾਬਾਂ, ਓਹੋ ਮਸਲੇ, ਮੁਹੰਮਦ ਸਾਹਿਬ ਦੇ ਚਾਰ ਯਾਰਾਂ, ਚਾਰ ਖਲੀਫਿਆਂ ਵਰਗਾ ਮੁੜ ਨਾ ਕੋਈ ਜੰਮਿਆ। ਓਹੋ ਨਮਾਜ਼ਾਂ, ਓਹੋ ਰੋਜ਼ੇ, ਓਹੋ ਬਾਂਗਾਂ, ਓਹੋ ਤਸਬੀਆਂ, ਨਾ ਕੋਈ ਮੁਹੰਮਦ ਮੁੜ ਹੋਇਆ ਨਾ ਖਦੀਜਾ, ਨਾ ਉਹ ਤੀਖਣ ਹੈਵਾਨੀਅਤ ਜਲਾ ਦੇਣ ਵਾਲੀ ਰੱਬੀ ਪਿਆਰ ਮੌਲਵੀਆਂ ਨੂੰ ਨਸੀਬ ਹੋਏ, ਮਨਸੂਰ ਨੂੰ ਸੂਲੀ ਕੰਡੇ ਵਾਂਗ ਵੀ ਨਾ ਚੁਭੀ, ਪਰ ਸਾਨੂੰ ਕੰਡੇ ਸੂਲੀ ਵਾਂਗ ਲਗਦੇ ਹਨ। ਪਿਆਰ ਵਿਚ ਦਰਦ ਹੈ, ਪਰ ਇਹ ਮੌਲਾ ਦੇ ਰੰਗ ! ਕੋਈ ਫੁੱਲ, ਕੋਈ ਸੂਰਜ, ਕੋਈ ਪੈਗੰਬਰ ਖੁਦਾ ਦੇ ਪਿਆਰ ਵਿਚ, ਕੋਈ ਇਕ ਨਿਮਾਣਾ ਨੂਰ ਦੀਨ ਆਪਣੀ ਸਵਾਣੀ ਦੇ ਰੰਗ ਰੂਪ ਵਿਚ ਅਧੀਰ ਬੰਦਾ। ਹਾਂ ਜੀ, ਇਹ ਵੀ ਇਕ ਹਸਤੀ ਹੈ, ਰੱਬ ਦੀ ਹੈ, ਸਭ ਕੁਛ ਸੋਹਣਾ ਹੈ ਉਹਦਾ।

ਸਵਾਣੀ – ਨਹੀਂ ਜੀ ! ਆਪ ਕੀ ਆਖ ਰਹੇ ਹੋ ? ਮੈਂ ਤਾਂ ਆਪਣੇ ਦਿਲ ਨੂੰ ਇਹੋ ਜਿਹੀ ਪੂਜਾ ਥੀਂ ਤਾਂ ਬੜੇ ਯਤਨਾਂ ਨਾਲ ਰੋਕ ਰਹੀ ਹਾਂ, ਪਰ ਮਲੋਮਲੀ ਆਪ ਦੇ ਅੱਜ ਦੇ ਦੀਦਾਰ ਮੈਨੂੰ ਇਉਂ ਮੋੜ ਰਹੇ ਹਨ, ਤੁਸੀਂ ਸਾਹਮਣੇ ਬੈਠੇ ਅੱਲਾ ਦਿੱਸ ਰਹੇ ਹੋ, ਅਦਬ ਨਾਲ ਮਲੋਮਲੀ ਸਿਰ ਝੁਕ ਰਿਹਾ ਹੈ।

ਨੂਰ ਜੀ – ਪਰ ਕੀ ਹੁਣ ਆਪ ਮੈਨੂੰ ਪਿਆਰ ਨਹੀਂ ਕਰਦੇ ? ਓਹੋ ਮਲਾਣਿਆਂ ਵਾਲੀਆਂ ਗੱਲਾਂ ਕਰਨ ਲਗ ਪਏ ਹੋ ?

ਸਵਾਣੀ – ਨਹੀਂ ਜੀ, ਤੱਕੋ ਨਾ, ਤੱਕੋ ਨਾ। (ਸਵਾਣੀ ਕੰਬ ਰਹੀ ਸੀ ਹੋਂਠ ਕੰਬ ਰਹੇ ਸਨ ਕੁਛ ਰੁਕ ਗਈ)।

ਨੂਰ ਜੀ – ਪਿਆਰੀ ਜੀ ਦੱਸੋ ਨਾ ?

ਸਵਾਣੀ – ਮੈਂ ਕੀ ਦੱਸਾਂ ? ਆਪ ਨੂੰ ਤਾਂ ਪਤਾ ਹੀ ਹੈ ਨਾ, ਮੈਂ ਕੀ ਆਖਾਂ ? ਮੈਂ ਕੀ ਦੱਸਾਂ ? ਮੈਂ ਨਿਮਾਣੀ ਸ਼ਰੀਅਤ ਦੀ ਮਾਰੀ ਵਿਚ ਪਿਆਰ ਕਿੱਥੇ ? ਪਰ ਆਪ ਜਾਣਦੇ ਹੋ, ਆਪ ਨੇ ਮੈਨੂੰ ਕਬੂਲ ਕੀਤਾ ਹੋ ਹੋਇਆ ਹੈ। ਮੇਰੇ ਵਿਚ ਪਿਆਰ ਕਿੱਥੇ ?

ਨੂਰ ਜੀ – ਪਿਆਰੀ ਜੀ ! ਮੈਨੂੰ ਪਤਾ ਹੈ, ਮੇਰੇ ਆਣ ਨਾਲ ਆਪਦਾ ਰੋਮ ਰੋਮ ਪਿਆਰ ਨਸ਼ੇ ਨਾਲ ਭਰ ਰਿਹਾ ਹੈ, ਦਿਲ ਬਿਹਬਲ ਹੋ ਬੇ-ਕਾਬੂ ਹੋ ਰਿਹਾ ਹੈ, ਪਰ ਆਪ ਉੱਚੇ ਰਾਠ, ਸਤੀ ਜਨਾਨੀ ਹੋ, ਆਪ ਬਿਜਲੀਆਂ ਨੂੰ ਆਪਣੀਆਂ ਵੱਖੀਆਂ ਵੱਖੀਆਂ ਵਿਚ ਬਬੇਕ ਬਬੇਕ ਸੁਲਾ ਦਿੰਦੇ ਹੋ ਆਪ ਦਾ ਆਵਾਜ਼ ਮਿੱਠਾ ਹੋ ਗਿਆ ਹੈ, ਅੱਗੇ ਹੀ ਮਿੱਠਾ ਸੀ, ਪਰ ਹੁਣ ਬਹਿਸ਼ਤ ਦਾ ਮੇਵਾ ਹੋ ਗਿਆ।

ਆਪ ਦਾ ਜੁੱਸਾ ਮਿਸ਼ਰੀ ਦੀ ਡਲੀ ਹੋ ਆਪ ਦੀ ਆਪਣੀ ਜ਼ਬਾਨ ਪਰ ਆਪ ਨੂੰ ਆਪ ਮਿੱਠਾ ਲਗ ਰਿਹਾ ਹੈ। ਆਪ ਦਾ ਰੂਹ ਪਿਆਰ ਗਰਮੀ ਵਿਚ ਨਿੱਘਾ ਹੋ ਰਿਹਾ ਹੈ ਤੇ ਲੂੰ ਲੂੰ 'ਤੂੰਹੀ' 'ਤੂੰਹੀ' ਕਰ ਰਿਹਾ ਹੈ। ਸ਼ੁਕਰ ਹੈ, ਸੁਆਦ ਵਿਚ ਹੈ, ਪਿਆਰ ਵਿਚ ਹੈ।

ਹੁਣ ਉਹ ਸਵਾਣੀ ਰੁਕ ਨਾ ਸਕੀ, ਉਸ ਆਪਣਾ ਸਿਰ ਨੂਰਦੀਨ ਨੂਰ ਦੇ ਅੰਬਾਰ ਦੀ ਝੋਲੀ ਵਿਚ ਰਖ ਦਿਤਾ, ਆਪਣੀਆਂ ਲੰਮੀਆਂ ਪਤਲੀਆਂ ਬਾਹਵਾਂ ਫੁੱਲਾਂ ਦੇ ਹਾਰ ਵਾਂਗ ਨਿਸੱਤਿਆਂ ਹੋ ਸੁੱਟ ਦਿਤੀਆਂ ਤੇ ਬੇਹੋਸ਼ ਜਿਹੀ ਕੰਬਦੀ ਕਬੂਤਰਨੀ ਵਾਂਗ ਦੋ ਸਾਲਾਂ ਦੀ ਵਿਛੜੀ ਪ੍ਰਿਆ ਆਪਣੇ ਪ੍ਰਿਆਵਰ ਨੂਰ ਨੂੰ ਇਉਂ ਧਾ ਮਿਲੀ। ਅੱਥਰੂਆਂ ਦੇ ਹੜ੍ਹਾਂ ਵਿਚ ਪਿਆਰ, ਸਮਾਧੀ ਵਿਚ ਗੜੂੰਦ ਹੋਈ ਤੇ ਕਮਰੇ ਵਿਚ ਚੰਬੇਲੀ ਦੇ ਚਿੱਟੇ ਫੁੱਲਾਂ ਦੀ ਬਰਖਾ ਹੋਈ, ਜਿਹੜੀ ਕਿਸੇ ਡਿੱਠੀ ਨਹੀਂ ਸੀ ਤੇ ਨਾ ਕਿਸੇ ਨੂੰ ਦਿੱਸ ਸਕਦੀ ਸੀ ਹਾਂ, ਨੂਰ ਦੀਨ ਨੂੰ ਮਾੜੀ ਜਿਹੀ ਚੰਬੇ ਦੀ ਖੁਸ਼ਬੂ ਆਈ ਤੇ ਕੁਛ ਅਚਰਜ ਹੋਇਆ ਕਿ ਉਹ ਮਹਿਕ ਕਿੱਥੋਂ ਆਈ ਤੇ ਕਿਸ ਦੀ ਹੈ।

੩

ਅੱਗ ਬੁਝ ਗਈ, ਨੌਕਰ ਨੌਕਰਾਣੀ ਕੋਈ ਬਿਨਾਂ ਬੁਲਾਏ ਉਸ ਕਮਰੇ ਵਿਚ ਆ ਹੀ ਨਹੀਂ ਸਨ ਸਕਦੇ। ਕਮਰੇ ਵਿਚ ਦੀਵਾ ਵੀ ਬਲ ਬਲ ਕੇ ਹਿਸ ਚੁੱਕਾ ਸੀ, ਤੇਲ ਤਾਂ ਓਸ ਵਿਚ ਸੀ, ਪਰ ਬੱਤੀ ਖਤਮ ਹੋ ਚੁਕੀ ਸੀ। 'ਨੂਰ' ਦੀਆਂ ਬਾਹਾਂ ਵਿਚ ਉਹ ਰੂਪ ਦੀ ਚਾਂਦੀ-ਡਲੀ ਬੇਹੋਸ਼ ਪਈ ਹੈ ਤੇ 'ਨੂਰ' ਉਸੀ ਤਰ੍ਹਾਂ ਅਡੋਲ ਕਿਸੇ ਰਸ ਵਿਚ ਚੁਪ ਮਗਨਤਾ ਦੀ ਹਾਲਤ ਵਿਚ ਨਿੱਸਲ ਬੈਠਾ ਹੈ, ਅਹਿੱਲ ਸਹਿਜ ਆਸਨ ਵਿਚ ਬੈਠਾ ਹੈ, ਵਿਸਮਾਦ ਜਿਹੇ ਵਿਚ ਬੇਹੋਸ਼ ਹੈ। ਆਪ ਦੇ ਨੈਣਾਂ ਵਿਚੋਂ ਅੰਗੂਰ ਦੇ ਨਿੱਕੇ ਦਾਣਿਆਂ ਵਾਂਗ ਅੱਥਰੂ ਕਦੀ ਕਦੀ ਲਟਕ ਖਲੋਂਦੇ ਹਨ ਤੇ ਨੈਣਾਂ ਥੀਂ ਢਹਿ ਕੇ ਸਵਾਣੀ ਦੇ ਸੱਜਰੇ ਗੁੰਦੇ ਕੇਸਾਂ ਵਿਚ ਜਾ ਜਜ਼ਬ ਹੁੰਦੇ ਹਨ।

ਅੱਧੀ ਰਾਤ ਦਾ ਸਮਾਂ ਹੋਣ ਲਗਾ ਹੈ। ਹਾਲੇ ਜਾਗ ਨਹੀਂ ਆਈ। ਬਿਰਹਾ ਵੀ ਬੜਾ ਥਕਾ ਦਿੰਦਾ ਹੈ, ਪਰ ਆਖਰ ਸਵਾਣੀ ਦੀ ਅੱਖ ਖੁਲ੍ਹੀ, ਸੁਰਤਿ ਆਈ। ਪਿਆਰੇ ਦੇ ਬਸਤ੍ਰਾਂ ਨੂੰ ਛੂਹਦੀ ਹੈ, ਹੱਥਾਂ ਨੂੰ ਆਪਣੇ ਹੱਥਾਂ ਵਿਚ ਲੈਂਦੀ ਹੈ, ਹੱਥ ਸਖਤ ਠੰਢੇ ਹਨ। ਉੱਠੀ ਪਰ ਲੜਖੜਾ ਕੇ ਢਹਿ ਪੈਂਦੀ ਹੈ।

ਸਿਰ ਅਕਸਮਾਤ ਨੂਰ ਦੇ ਚਰਨਾਂ ਤੇ ਜਾ ਲਗਦਾ ਹੈ, ਉਹਦੇ ਢਹਿਣ ਨਾਲ ਪਿਆਰ-ਕੁੱਠੇ ਅਫਗਾਨ ਦੀ ਸਮਾਧੀ ਖੁਲ੍ਹਦੀ ਹੈ। ਉਹ ਵੀ ਘਬਰਾ ਕੇ ਉਠਦਾ ਹੈ।

ਨੂਰ ਜੀ - ਕਿਉਂ ਪਿਆਰੀ ?

ਸਵਾਣੀ - ਨਹੀਂ ਜੀ, ਕੁਛ ਨਹੀਂ।

ਨੂਰ ਜੀ - ਸੱਟ ਤਾਂ ਨਹੀਂ ਲਗੀ।

ਸਵਾਣੀ - ਨਹੀਂ ਜੀ, ਸਿਰ ਦੀ ਮੁਰਾਦ ਪੂਰੀ ਹੋਈ ਹੈ।

ਨੂਰ ਜੀ - ਕਿੱਧਰ ਚੱਲੇ ਹੋ ?

ਸਵਾਣੀ - ਜੀ, ਅੱਗ ਬੁਝ ਗਈ ਹੈ। ਜ਼ਰਾ ਇਕ ਚਲਗੋਜ਼ੇ ਦਾ ਮੁੱਢ ਲਿਆਉਂਦੀ ਹਾਂ, ਕਮਰਾ ਸਾਰਾ ਠੰਢਾ ਹੋ ਗਿਆ ਹੈ। ਤੁਸੀਂ ਖੇਚਲ ਨਾ ਕਰੋ। ਹਨੇਰਾ ਹੈ ਮੇਰੇ ਹੱਥਾਂ ਪੈਰਾਂ ਨੂੰ ਇਸ ਹਨੇਰੇ ਵਿਚ ਕਾਫੀ ਚਾਨਣ ਹੈ।

ਨੂਰ ਜੀ - ਅੱਜ ਸ਼ਿਰਨੀ ਨੂੰ ਕੀ ਹੋਇਆ ਹੈ, ਉਹ ਮਰ ਜਾਣੀ ਅੱਗ ਹੀ ਚਾ ਬਾਲਦੀ, ਆਪ ਪਰ ਕੋਈ ਕਪੜਾ ਗਰਮ ਹੀ ਚਾ ਮਲਕੜੇ ਪਾ ਜਾਂਦੀ।

ਸਵਾਣੀ - ਨਹੀਂ ਜੀ, ਓਸ ਦਾ ਕਸੂਰ ਨਹੀਂ ਮੇਰਾ ਕਸੂਰ ਹੈ।

ਨੂਰ ਜੀ - ਕੀ ਆਪ ਨੂੰ ਠੰਢ ਲਗੀ ਹੈ ?

ਸਵਾਣੀ - ਨਹੀਂ ਜੀ, ਆਪ ਨੂੰ ਲੱਗੀ ਹੋਵੇਗੀ, ਆਪ ਇੰਨਾ ਸਫਰ ਕਰਕੇ ਆਏ ਤੇ ਮੈਂ ਅੱਗ ਭੀ ਰਾਤ ਭਰ ਬਰਾਬਰ ਨਾ ਬਾਲ ਸਕੀ।

ਨੂਰ ਜੀ - ਪਰ ਆਪ ਨੇ ਮੇਰੇ ਦਿਲ ਵਿਚ ਤਾਂ ਸੂਰਜ ਚਾੜ੍ਹ ਦਿਤਾ ਹੈ।

ਸਵਾਣੀ - ਨਹੀਂ ਜੀ, ਇਹ ਮੇਰਾ ਨਿਰੋਲ ਪਾਗਲਪਨ ਹੈ ਕਿ ਆਪ ਨੂੰ 'ਖ਼ੁਦਾ ਖ਼ੁਦਾ' ਆਖਦੀ, ਆਪ ਦੇ ਸਰੀਰ ਨੂੰ ਨਾ ਅੰਨ ਦੇ ਸਕੀ, ਨਾ ਕਮਰਾ ਗਰਮ ਰੱਖ ਸਕੀ। ਆਪਣੇ ਦਿਲ ਦੇ ਵਹਿਣਾਂ ਵਿਚ ਆਪ ਦੀ ਥਕਾਵਟ ਦਾ ਚੇਤਾ ਹੀ ਨਹੀਂ ਰਿਹਾ, ਆਪ ਦਾ ਭੋਜਨ ਚਾਹ ਆਰਾਮ ਦਾ ਖਿਆਲ ਹੀ ਨਾ ਕੀਤਾ, ਹਾਏ, ਮੈਂ ਕੇ ਕੀਤਾ ?

ਨੂਰ ਜੀ - ਪਿਆਰੀ ਜੀ ! ਬੜੀ ਦੇਰ ਬਾਅਦ ਮੈਂ ਅੱਜ ਉਹ ਆਰਾਮ ਕੀਤਾ ਜਿਹੜਾ ਮਹੱਲਾਂ, ਤਖਤਾਂ ਉੱਪਰ ਨਹੀਂ ਹੈ। ਪੀਨਸਾਂ, ਬਿਸਤਰਿਆਂ, ਤਾਜਾਂ ਵਿਚ ਨਹੀਂ ਹੈ।

ਪਿਆਰੀ ਜੀ ! ਮੈਂ ਉਹ ਆਰਾਮ ਪਾਇਆ ਹੈ ਜਿਹੜਾ ਬਾਦਸ਼ਾਹਾਂ ਪਾਸ ਨਹੀਂ ਹੈ, ਆਲਮਾਂ ਪਾਸ ਨਹੀਂ ਹੈ, ਜਾਹਲਾਂ ਪਾਸ ਨਹੀਂ ਹੈ।

ਇਤਨੇ ਨੂੰ ਸਵਾਣੀ ਨੇ ਅੱਗ ਦਾ ਭਾਂਬੜ ਮੁੜ ਬਾਲ ਦਿਤਾ, ਗੱਭਰੂ ਤੇ ਵਹੁਟੀ ਨੇ ਆਪਣੇ ਹੱਥ ਪੈਰ ਸੇਕੇ, ਸਵਾਣੀ ਉੱਠੀ ਤੇ ਭਾਰੇ ਕੰਬਲ ਤੇ ਰਜ਼ਾਈਆਂ ਨਾਲ ਵਾਲੇ ਸੌਣ ਦੇ ਕਮਰੇ ਵਿਚੋਂ ਚੁੱਕ ਲਿਆਈ, ਇਕ ਦੋ ਪੋਸਤੀਨਾਂ ਲੈ ਆਈ। ਇਕ ਪੋਸਤੀਨ ਉਹਦੀ ਆਪਣੀ ਬੜੀ ਕੀਮਤੀ ਚੀਨ ਦੀ ਸੀ ਤੇ ਸ਼ਿਰਨੀ ਸੋਹਣੀ ਲੰਮੀ ਨਾਜ਼ਕ ਨਾਲ ਆਈ, ਕੁਛ ਉਹ ਚੁੱਕ ਲੈ ਆਈ ਕੁਛ ਸਵਾਣੀ ਚੁੱਕ ਲੈ ਆਈ। ਕਾਲੀਨ ਪਰ ਹੀ ਗਰਮ ਕੱਪੜੇ ਖ਼ੂਬ ਸਜਾ ਦਿਤੇ, ਬਿਸਤਰ ਬਣਾ ਦਿਤੇ, ਕਮਰਾ ਵੀ ਨਿੱਘਾ ਹੋ ਗਿਆ। ਸ਼ਹੂਰ ਜ਼ਨਾਨਖਾਨੇ ਦਾ ਨੌਕਰ ਸਾਵੀ ਚਾਹ ਲੈ ਆਇਆ। ਸ਼ਿਰਨੀ ਹੁਕਮ ਦੀ ਇੰਤਜ਼ਾਰ ਵਿਚ ਚੁਪ ਖੜੀ ਹੈ, ਪਰ ਹਸੂੰ ਹਸੂੰ ਕਰਦੀ, ਇਉਂ ਜਾਪਦੀ ਸੀ ਜੇ ਜ਼ਰਾ ਵੀ ਕੋਈ ਛੇੜੇ ਤਾਂ ਉਹ ਖਿੜ ਖਿੜ ਹੱਸ ਪਵੇਗੀ।

ਸਵਾਣੀ ਪਿਆਲਾ ਭਰ ਕੇ ਨੂਰ ਜੀ ਦੇ ਪੇਸ਼ ਕਰ ਰਹੀ ਹੈ।

ਨੂਰ ਜੀ – ਪਿਆਰੀ ਜੀ ! ਸ਼ਿਰਨੀ ਨੂੰ ਵੀ ਪਿਲਾਉ, ਓਹਦਾ ਪਿਆਲਾ ਵੀ ਤੁਸੀਂ ਆਪ ਭਰ ਕੇ ਦਿਉ, ਰੋਜ ਆਪ ਨੂੰ ਉਹ ਪਿਲਾਂਦੀ ਹੈ ਅੱਜ ਤੁਸੀਂ ਉਹਨੂੰ ਪਿਲਾਉ।

ਸਵਾਣੀ – ਅੱਛਾ ਜੀ !

ਨੂਰ ਜੀ ਸ਼ਿਰਨੀ ਵੱਲ ਨਜ਼ਰ ਉਠਾ ਕੇ ਤੱਕਦੇ ਹਨ ਤੇ ਭਰੀ ਨਜ਼ਰ ਤਕਦੇ ਹਨ।

ਨੂਰ ਜੀ – ਹੇ ਸ਼ਿਰਨੀ ! ਤੂੰ ਠਿਠਰ ਰਹੀ ਹੈਂ ਇਹ ਲੈ ਸਵਾਣੀ ਆਪਣੀ ਦੀ ਸੰਬੂਰੀ ਪਾ ਲੈ, ਇਸ ਵਿਚ ਤੂੰ ਨਿੱਘੀ ਹੋ ਜਾਵੇਂਗੀ :

ਸ਼ਿਰਨੀ – ਨਹੀਂ ਜੀ, ਮੈਨੂੰ ਸਰਦੀ ਨਹੀਂ ਲੱਗ ਰਹੀ, ਮੈਂ ਤਾਂ ਨਾਲੇ ਅੱਗ ਪਾਸੇ ਖੜੀ ਹਾਂ।

ਸਵਾਣੀ – ਸ਼ਿਰਨੀ ! ਜੋ ਕਹਿੰਦੇ ਹਨ ਕਰਦੀ ਕਿਉਂ ਨਹੀਂ? ਜ਼ਨਾਨੀਆਂ ਦੀ ਆਦਤ ਹੈ ਜ਼ਰੂਰ ਕੁਛ ਨਾਂਹ ਨੁਕਰ ਕਰਨਾ, ਭਾਵੇਂ ਅੰਦਰੋਂ ਦਿਲ ਚਾਹੁੰਦਾ ਹੀ ਹੋਵੇ। ਦੰਦੋੜਿੱਕਾ ਜਿਹਾ ਤੈਨੂੰ ਪੈ ਰਿਹਾ ਹੈ ਤੇ ਕਹਿੰਦੀ ਜਾਂਦੀ ਹੈਂ– "ਜੀ ਸਰਦੀ ਨਹੀਂ ਲਗਦੀ।"

ਸ਼ਿਰਨੀ – ਤੇ ਸਵਾਣੀ ਜੀ ! ਮੈਂ ਆਪਣੀ ਪੋਸਤੀਨ ਲੈ ਆਉਂਦੀ ਹਾਂ।

ਸਵਾਣੀ – ਕੇਹੀ ਮੂਰਖ ਹੈ ਇਹ ਸੰਬੂਰੀ ਹੁਣ ਤੇਰੀ ਹੈ। ਪਾ, ਜਲਦੀ ਪਾ, ਇਸ ਸੰਬੂਰੀ ਵਿਚ ਤੂੰ ਮੈਂ ਲਗੇਗੀ, ਛੇਤੀ ਕਰ।

ਸ਼ਿਰਨੀ ਸੰਬੂਰੀ ਨੂੰ ਚੁੰਮ ਕੇ ਆਪਣੇ ਮਥੇ ਤੇ ਰੱਖ ਕੇ ਪਾ ਲੈਂਦੀ ਹੈ ਤੇ ਬੜੀ ਹੀ ਫਬਦੀ ਹੈ।

ਨੂਰ ਜੀ – ਅੱਛਾ ਸ਼ਿਰਨੀ ! ਹੁਣ ਤੂੰ ਜਾਹ ਆਰਾਮ ਕਰ, ਅਸੀਂ ਚਾਹ ਆਪੇ ਪੀ ਲਵਾਂਗੇ।

ਸਵਾਨੀ – ਪਰ ਜੀ, ਸ਼ਿਰਨੀ ਬੜੀ ਚੰਗੀ ਲੱਗਣ ਲਗ ਗਈ ਹੈ, ਮੇਰੇ ਦਿਲ ਨੂੰ ਖਿੱਚ ਰਹੀ ਹੈ।

ਸ਼ਿਰਨੀ – ਹਜ਼ੂਰ ! ਆਪ ਦੀ ਸੰਬੂਰੀ ਨੇ ਮੇਰਾ ਰੁਤਬਾ ਵਧਾ ਦਿੱਤਾ ਹੈ, ਮੇਰਾ ਰੂਹ ਖੁਸ਼ੀ ਵਿਚ ਆਇਆ ਹੈ, ਕੁਛ ਅਰਸ਼ ਦਾ ਹੂਟਾ ਜਿਹਾ ਮਿਲਿਆ ਹੈ, ਮੈਂ ਉੱਡ ਉੱਡ ਰਹੀ ਹਾਂ।

ਸਵਾਨੀ – ਕੀ ਸ਼ਿਰਨੀ ! ਕਦੀ ਤੇਰਾ ਦਿਲ ਕੀਤਾ ਸੀ ਕਿ ਸੰਬੂਰੀ ਤੂੰ ਪਾਵੇਂ ?

ਸ਼ਿਰਨੀ – ਨਹੀਂ ਜੀ।

ਸਵਾਨੀ – ਨਾ ਬਈ ਸੱਚ ਦੱਸ ਦੇ, ਦਿਲ ਤਾਂ ਬਿਨਾਂ ਕਿਸੀ ਦੀ ਰਜ਼ਾਮੰਦੀ ਦੇ ਵੀ ਵਾਸ਼ਨਾ ਛੱਡ ਦਿੰਦਾ ਹੈ।

ਸ਼ਿਰਨੀ – ਨਹੀਂ ਜੀ।

ਸਵਾਨੀ – ਅੜੀਏ ! ਹੱਸੂ ਹੱਸੂ ਕਰਦੀ ਹੈਂ ਕੁਛ ਤਾਂ ਗੱਲ ਹੈ, ਪਰ ਅੱਜ ਸਾਨੂੰ ਭੇਤ ਵਾਲੀ ਗੱਲ ਕੋਈ ਵੀ ਨਹੀਂ ਦੱਸਦਾ।

ਸ਼ਿਰਨੀ – ਨਹੀਂ ਜੀ।

ਸਵਾਨੀ – ਮੁੜ ਸੱਚ ਦੱਸ ਖਾਂ !

ਸ਼ਿਰਨੀ – ਹਾਂ ਜੀ ਅੱਜ ਸ਼ਾਮਾਂ ਵੇਲੇ ਜਦ ਮੈਂ ਇਹ ਸਜਾ ਰਹੀ ਸਾਂ ਤਾਂ ਮੇਰਾ ਦਿਲ ਕੀਤਾ ਸੀ ਕਿ ਮੈਂ ਇਹ ਸੰਬੂਰੀ ਪਾ ਕੇ ਸ਼ੀਸ਼ੇ ਵਿਚ ਦੀ ਤੱਕਾਂ, ਮੈਨੂੰ ਕਿਹੋ ਜਿਹੀ ਲਗਦੀ ਹੈ, ਪਰ ਮੈਂ ਆਪਣੇ ਦਿਲ ਨੂੰ ਧਿਕਾਰ ਦਿੱਤੀ ਸੀ।

ਨੂਰ ਜੀ – ਸ਼ਿਰਨੀ ! ਸੱਚ ਤੂੰ ਇਸ ਸੰਬੂਰੀ ਵਿਚ ਕਿਸੀ ਵੱਡੇ ਮੁਲਕ ਦੀ ਮਲਕਾ ਲਗਦੀ ਹੈਂ।

ਸ਼ਿਰਨੀ – ਜੀ, ਮੈਂ ਅੱਜ ਸੰਬੂਰੀ ਪਾ ਕੇ ਅਜੀਬ ਤਮਾਸ਼ਾ ਇਕ ਖਿਣ ਦੀ ਖਿਣ ਵਿਚ ਦੇਖਿਆ ਹੈ।

ਨੂਰ ਜੀ – ਕੀ ?

ਸ਼ਿਰਨੀ – ਪਰ ਜੀ ! ਕੀ ਦੱਸਾਂ ? ਨਹੀਂ ਦੱਸਦੀ, ਮੇਰੀ ਖੁਸ਼ੀ ਦਾ ਪਾਗਲਪਨ ਹੋਊ।

ਨੂਰ ਜੀ - ਦੱਸ ਨਾ ?

ਸਵਾਣੀ - ਦੱਸਦੀ ਕਿਉਂ ਨਹੀਂ ?

ਸ਼ਿਰਨੀ - ਸਵਾਣੀ ਜੀ ! ਮਾਲਕ ਜੀ ਅੱਜ ਕੁਛ ਹੋਰ ਹੀ ਹਨ, ਉਹ ਨਹੀਂ ਹਨ ਜੇਹੜੇ ਹੁੰਦੇ ਸਨ, ਕਈ ਝਾਂਵਲੇ ਕਈ ਸ਼ਕਲਾਂ ਦੇ ਪੈਂਦੇ ਹਨ, ਪਰ ਮੈਂ ਬਿਆਨ ਨਹੀਂ ਕਰ ਸਕਦੀ।

ਸਵਾਣੀ ਇਹੋ ਮੈਂ ਵੀ ਅਰਜ਼ ਕੀਤੀ ਹੈ, ਨਵੇਂ ਰੂਪ ਤੱਕੇ ਹਨ, ਮੇਰੇ ਰੂਹ ਨੇ ਟਹੇ ਹਨ, ਪਰ ਇਹ ਤਾਂ ਸਾਨੂੰ ਦੱਸਦੇ ਹੀ ਨਹੀਂ।

ਨੂਰ ਜੀ - ਨਹੀਂ ਸ਼ਿਰਨੀ ਤੇਰੇ ਮਨ ਦੀ ਖੇਡ ਹੈ, ਠੀਕ ਤੈਨੂੰ ਤੇਰੀ ਪੋਸਤੀਨ ਦੀ ਖੁਸ਼ੀ ਨੇ ਮਸਤ ਕਰ ਦਿਤਾ ਹੈ।

ਸ਼ਿਰਨੀ - ਨਹੀਂ ਜੀ, ਮਾਲਕ ! ਆਪ ਦੀ ਸ਼ਕਲ ਕੁਛ ਹਿੰਦੂਆਂ ਵਾਲੀ ਹੋ ਗਈ ਹੈ।

ਨੂਰ ਜੀ - ਜਾਹ ਮੂਰਖੇ ! ਮਰ ਜਾਣੀ ਆਪਣੀ ਨਾਨੀ-ਮਾਂ ਦੀਆਂ ਸ਼ਕਲਾਂ ਦੇ ਸੁਫਨੇ ਪਈ ਲੈਂਦੀ ਹੈਂ। ਤੂੰ ਠੀਕ ਕੁਛ ਉੱਡ ਰਹੀ ਹੈਂ।

ਸ਼ਿਰਨੀ - ਜੀ, ਮੈਂ ਹੁਣ ਜਾਂਦੀ ਹਾਂ।

ਪਰ ਸਵਾਣੀ ਨਹੀਂ ਚਾਹੁੰਦੀ ਕਿ ਉਹ ਜਾਵੇ, ਸ਼ਿਰਨੀ ਦੇ ਪੈਰ ਉਠਦੇ ਨਹੀਂ, ਓਹ ਜਾਂ ਨਹੀਂ ਸਕਦੀ। ਆਪਣੀ ਸਵਾਣੀ ਪਾਸ ਬਹਿ ਜਾਂਦੀ ਹੈ।

ਸਵਾਣੀ - ਹੋਰ ਕੀ ਤੈਨੂੰ ਦਿੱਸਦਾ ਹੈ ?

ਸ਼ਿਰਨੀ - ਨਹੀਂ ਜੀ ਕੁਛ ਨਹੀਂ, ਮਾਲਕ ਬਹੂੰ ਚੰਗੇ ਲਗਦੇ ਹਨ, ਇੰਨੇ ਜਿਹੜੇ ਦੱਸਣੇ ਮੇਰੀ ਵਿਤ ਤੋਂ ਬਾਹਰ ਹੈ।

ਸਵਾਣੀ - ਨਹੀਂ, ਤੂੰ ਗੱਲ ਭੁਲਾਉਂਦੀ ਹੈਂ, ਅਸਲੀ ਗੱਲ ਇਹ ਨਹੀਂ ਸੀ।

ਨੂਰ ਜੀ - ਨਹੀਂ ਸ਼ਿਰਨੀ ਸੱਚ ਸੱਚ ਦਸ ਦੇਹ ਮੈਂ ਜੂ ਕਹਿੰਦਾ ਹਾਂ।

ਸ਼ਿਰਨੀ - ਜੀ! ਮੈਨੂੰ ਇਹ ਹੈਰਾਨੀ ਹੋਈ ਕਿ ਅੱਗੇ ਸਵਾਣੀ ਜੀ ਤਾਂ ਦਾਤਾਂ ਦਾਨ ਕਰਦੇ ਸੀ ਪਰ ਮਾਲਕ ਜੀ ਕੁਛ ਰੰਜ ਹੀ ਮੰਨਦੇ ਸਨ। ਕੁਛ ਬਹੁਤ ਖੁਸ਼ੀ ਨਹੀਂ ਸਨ ਹੋਂਦੇ ਤੇ ਅੱਜ ਆਪ ਦਰਯਾ ਹਨ, ਹੀਰੇ ਜਵਾਹਰਾਤ ਆਪ ਦੀਆਂ ਅੱਖਾਂ ਵਿਚ ਠੀਕਰੀਆਂ ਹਨ ਤੇ ਇਸ ਹਾਲਤ ਵਿਚ ਹਨ ਕਿ ਮੁੱਠਾਂ ਭਰ ਭਰ ਗਰੀਬਾਂ ਨੂੰ ਬਖਸ਼ ਦੇਣ, ਥੱਕਣ ਨਾ, ਦੇਂਦੇ ਹੀ ਜਾਣ।

ਸਵਾਣੀ - ਜਾਹ ! ਜਾਹ ! ਝੱਲੀ ਜਿਹੀ ! ਤੂੰ ਠੀਕ ਪਾਗਲਾਂ ਵਾਲੀਆਂ ਕਦੀ ਕੋਈ ਕਦੀ ਕੋਈ, ਗੱਲਾਂ ਕਰਦੀ ਹੈਂ।

ਨੂਰ ਜੀ – ਨਹੀਂ ਸ਼ਿਰਨੀ ਠੀਕ ਕਹਿੰਦੀ ਹੈ, ਮੇਰਾ ਦਿਲ ਦੇਣ ਥੀਂ ਸੰਕੋਚ ਕਰਦਾ ਸੀ, ਨੌਕਰ ਚਾਕਰ ਤਾਂ ਇਸ ਗੱਲ ਦੇ ਸਰਬੱਗਿਆ ਹੁੰਦੇ ਹਨ। ਤੈਨੂੰ ਆਪਣੇ ਪਿਆਰ ਤੇ ਉਦਾਰਤਾ ਵਿਚ ਮੇਰੇ ਨਿੱਕੇ ਜੀ ਦੇ ਨਿੱਕਾਪਨ ਦਾ ਕਦੀ ਪਤਾ ਨਹੀਂ ਲਗਾ।

ਸ਼ਿਰਨੀ – ਜੀ ! ਮੈਂ ਇਕ ਹੋਰ ਚੀਜ਼ ਵੇਖਨੀ ਹਾਂ।

ਨੂਰ ਜੀ – ਸ਼ਿਰਨੀਏਂ ! ਓਹ ਕੀ ?

ਸ਼ਿਰਨੀ – ਨਹੀਂ ਜੀ ! ਦੱਸਣ ਵਿਚ ਕੀ ਫਾਇਦਾ ਹੈ ? ਜੋ ਤੱਕਿਆ ਸੋ ਤੱਕਿਆ।

ਸਵਾਣੀ – ਪਰ ਸ਼ਿਰਨੀਏਂ। ਤੇਰੀਆਂ ਅੱਖਾਂ ਤੇਰੀਆਂ ਹਨ ਕਿ ਮੇਰੀਆਂ ?

ਸ਼ਿਰਨੀ – ਓਹੋ ਹੋ, ਇਹ ਤਾਂ ਮੈਂ ਭੁੱਲ ਹੀ ਗਈ। ਮੇਰੀਆਂ ਚਸ਼ਮਾਂ, ਹੱਥ ਪੈਰ ਸਭ ਕੁਛ ਤੁਹਾਡਾ ਹੈ।

ਸਵਾਣੀ – ਤਦ ਫਿਰ ਦੱਸਣਾ ਤੇਰਾ ਕਿਵ ਹੋਯਾ ?

ਸ਼ਿਰਨੀ – ਜੀ ਮੈਨੂੰ ਇਉਂ ਜਾਪਦਾ ਹੈ ਜਿਵੇਂ ਮਾਲਕ ਜੀ ਬੜੇ ਜਵਾਹਰਾਤ ਲਿਆਏ ਹਨ, ਕੋਈ ਖਾਣ ਹੀ ਲਭ ਪਈ ਹੈ, ਉਹ ਸਾਰੀ ਪੁੱਟ ਬਕਸਾਂ ਵਿਚ ਭਰ ਕੇ ਲਿਆਏ ਹਨ, ਇਨ੍ਹਾਂ ਦੇ ਮੱਥੇ ਤੇ ਮੈਨੂੰ ਹੀਰੇ ਦੀਆਂ ਡਲੀਆਂ ਚਮਕਦੀਆਂ ਦਿੱਸਦੀਆਂ ਹਨ। ਮੇਰੀਆਂ ਅੱਖਾਂ ਤੇ ਉਹਨਾਂ ਦਾ ਚਮਤਕਾਰ ਪੈਂਦਾ ਹੈ ਤੇ ਅੱਖਾਂ ਬੰਦ ਹੋ ਹੋ ਜਾਂਦੀਆਂ ਹਨ। ਮੈਂ ਇਨ੍ਹਾਂ ਦੇ ਮੱਥੇ ਦੀ ਝਾਲ ਨਹੀਂ ਝੱਲ ਸਕਦੀ।

ਨੂਰ ਜੀ – ਸ਼ਿਰਨੀ ! ਤੂੰ ਬੜੀ ਸਿਆਣੀ ਹੈਂ, ਇਹ ਸਿਆਣਪ ਕਿਹੜੇ ਥੈਲੇ ਵਿਚ ਬੰਦ ਕਰਕੇ ਰੱਖੀ ਹੋਈ ਸਾਈ।

ਸਵਾਣੀ – ਛੱਡੋ ਜੀ, ਇਸ ਝੱਲੀ ਅਲਬੇਲੀ ਦੀਆਂ ਗੱਲਾਂ ਇਹ ਤਾਂ ਇਉਂ ਛਿੜੀ ਸਾਰੀ ਰਾਤ ਨਾ ਥੱਕੇ। ਇਕ ਵੇਰੀ ਯਾਦ ਜੇ ਕਿਵ ਓਪਰੀ ਬੋਲੀ ਬੋਲਣ ਲਗ ਗਈ ਸੀ। ਕਹਿੰਦੀ ਸੀ ਮੈਨੂੰ ਹਿੰਦੂ ਨਾਨੀ ਸੁਫਨੇ ਵਿਚ ਸਿਖਾ ਗਈ ਹੈ, ਜਦ ਹੋਸ਼ ਆਈ ਸੁ ਤਾਂ ਕੁਛ ਦੱਸ ਹੀ ਨਹੀਂ ਸੀ ਸਕਦੀ ਕੀ ਹੋਇਆ ਸੀ।

ਨੂਰ ਜੀ – ਨਹੀਂ ਸਵਾਣੀ ! ਸ਼ਿਰਨੀ ਸੱਚ ਕਹਿ ਰਹੀ ਹੈ।

ਸ਼ਿਰਨੀ – ਜੀ ਮੈਂ ਇਕ ਹੋਰ ਚੀਜ਼ ਦੇਖ ਰਹੀ ਹਾਂ।

ਨੂਰ ਜੀ – ਓਹ ਕੀ ?

ਸ਼ਿਰਨੀ – ਆਪ ਦੇ ਮੱਥੇ ਤੇ ਕਿਸੀ ਦੇ ਗੁਪਤ ਦਸਤਖਤ ਹਨ, ਤੀਰ ਨਾਂਲ ਵਾਹੇ ਹਨ, ਪਰ ਪੜੇ ਨਹੀਂ ਜਾਂਦੇ। ਉਹ ਅੱਖਰ ਮੈਨੂੰ ਨਹੀਂ ਆਉਂਦੇ ਮੈਨੂੰ ਆਪ ਦੇ ਪੜੇ ਫਾਰਸੀ ਅੱਖਰ ਵੀ ਨਹੀਂ ਆਉਂਦੇ, ਪਰ ਕੋਈ ਇਹ ਬੋਲੀ ਨਹੀਂ ਜਿਹੜੇ ਬੰਦੇ ਆਮ ਬੋਲਦੇ ਹਨ।

ਸਵਾਣੀ - ਮੈਂ ਕਿਹਾ ਸੀ ਨਾ ਇਹ ਝੱਲੀ ਹੈ ਵਾਹੀ ਤਬਾਹੀ ਦੱਬੀ ਜਾਏਗੀ ਇਹਨੂੰ ਹੁਣ ਜਾਣ ਦਿਓ।

"ਸ਼ਿਰਨੀ ! ਜਾਹ ਸੌਂ"

ਸ਼ਿਰਨੀ - ਹਜ਼ੂਰ ! ਹੁਣ ਮੈਂ ਜਾਂਦੀ ਹਾਂ।

ਨੂਰ ਜੀ - ਸ਼ਿਰਨੀ ! ਸ਼ਾਬਾਸ਼ ! ਤੂੰ ਬੜੀ ਚੰਗੀ ਹੈਂ, ਜਾਹ ਸੌਂ।

੪

ਸਵਾਣੀ ਆਪਣੇ ਘਰ ਵਾਲੇ ਨਾਲ ਮੁੜ ਗੱਲੀਂ ਲਗ ਪਈ।

"ਜੀ ਆਪ ਨੂੰ ਜਿਥੇ ਹੱਥ ਲਗਦਾ ਹੈ ਹੱਥ ਸਵਾਦ ਨਾਲ ਭਰ ਜਾਂਦਾ ਹੈ, ਇਹ ਸਵਾਦ ਜੀਭ ਉੱਪਰ ਚੜ੍ਹਦਾ ਹੈ ਤੇ ਦਿਲ ਵਿਚ ਜਾ ਕੇ ਚੁਭਦਾ ਹੈ ਤੇ ਇਕ ਤੀਖਣ ਤੇਜ਼ ਧਾਰ ਵਾਲਾ ਕੋਈ ਅਣ-ਪਛਾਤਾ ਜਿਹਾ ਸੁਖ-ਰੂਹ ਇਉਂ ਅਨੁਭਵ ਕਰਦਾ ਹੈ। ਜਿਵੇਂ ਦਰਦ ਜਿਹਾ ਅੰਦਰਵਾਰ ਛਿੜ ਜਾਂਦਾ ਹੈ, ਸਭ ਅੰਦਰ ਦੀਆਂ ਤਰਬਾਂ ਹਿਲ ਜਾਂਦੀਆਂ ਹਨ।"

ਨੂਰ ਜੀ - ਸਵਾਣੀ ! ਹੁਣ ਸੌਂ ਜਾਹ ਭੋਰ ਹੋਣ ਲਗੀ ਹੈ।

ਸਵਾਣੀ - ਨਹੀਂ ਜੀ, ਮੈਨੂੰ ਸੌਣ ਥੀਂ ਪਹਿਲਾਂ ਦੱਸੋ ਕੀ ਵਰਤਿਆ ਹੈ ? ਭੇਤ ਵਾਲੀ ਗੱਲ ਕੀ ਹੈ ? ਅੱਜ ਘਰ, ਮੰਦਰ ਮੰਦਰ ਲਗਦਾ ਹੈ, ਸ਼ਿਰਨੀ ਦੀ ਔਧੀ ਹਿੰਦੂ-ਮਾਂ ਯਾਦ ਆ ਰਹੀ ਹੈ। ਤੁਸਾਂ ਵਿਚ ਇਕ ਨਵਾਂਪਨ ਹੈ ਉਹ ਕਿਥੋਂ ਤੇ ਕਿਕੂੰ ਆਯਾ ਹੈ ? ਤੁਸਾਡਾ ਰੂਪ ਰੰਗ ਕੁਛ ਹੋਰ ਹੈ।

ਨੂਰ ਜੀ - ਸਵਾਣੀਏਂ ! ਇਹਨਾਂ ਗੱਲਾਂ ਦਾ ਪਿੱਛਾ ਨਹੀਂ ਕਰੀਦਾ।

ਸਵਾਣੀ - ਨਹੀਂ ਜੀ, ਦੱਸੋ ਜ਼ਰੂਰ ਦੱਸੋ ?

ਨੂਰ ਜੀ - ਜੇ ਨਾ ਦੱਸਾਂ ਤਾਂ!

ਸਵਾਣੀ - ਇਹ ਕਿਵੇਂ ਹੋ ਸਕਦਾ ਹੈ ? ਪਿਆਰ ਵਿਚ, ਸਾਡੀ ਹਰ ਗੱਲ ਵਿਚ ਸਾਂਝ ਹੈ, ਇਹ ਤਾਂ ਜੀਣ ਮਰਨ ਦਾ ਖੇਲ ਹੈ।

ਨੂਰ ਜੀ - ਪਰ ਦੱਸਣ ਕੀ ਹੋਇਆ ? ਜੋ ਕੁਛ ਮੇਰੇ ਪਾਸ ਸੀ ਸੋ ਆਪ ਨੇ ਵੰਡਾ ਹੀ ਲਿਆ ਹੈ, ਬੱਸ, ਇਹੋ ਭੇਤ ਵਾਲੀ ਸ਼ੈ ਹੈ ਜਿਹੜੀ ਲੂੰਆਂ ਰਾਹੀਂ ਰੂਹ ਤਕ ਅੱਪੜਦੀ ਹੈ।

ਸਵਾਣੀ - ਜੀ ਇਹ ਕੀ ਹੈ ? ਇਹੋ ਤਾਂ ਮੈਂ ਪੁਛਦੀ ਹਾਂ। ਮੇਰੀ ਪੁੱਛ ਮੁੜ ਆਪ ਮੈਨੂੰ ਦਿੰਦੇ ਹੋ ? ਜੀ ਦੱਸੋ ਨਾ ਤੁਸੀਂ ਮੇਰੀ ਜਿੱਦ ਨਾਲ ਕੁਛ ਅੰਦਰੋਂ ਖਫ਼ਾ ਤਾਂ ਨਹੀਂ ਹੋ ਰਹੇ ?

ਨੂਰ ਜੀ - ਪਿਆਰੀ ਖ਼ਫ਼ਗੀ ਦੀ ਕਾਹਦੀ ਗੱਲ ਹੈ, ਪਰ ਤੂੰ ਪੁੱਛਦੀ ਹੈਂ ਉਹ ਸਵਾਲ ਜਿਸ ਦਾ ਜਵਾਬ ਰੂਹ ਵਿਚ ਹੈ, ਜ਼ਬਾਨ ਪਰ ਨਹੀਂ, ਬੋਲੀ ਵਿਚ ਨਹੀਂ, ਬੁੱਧੀ ਵਿਚ ਨਹੀਂ, ਉਹ ਮੈਂ ਦੱਸਾਂ ਕਿਸ ਤਰ੍ਹਾਂ ?

ਸਵਾਣੀ - ਨਹੀਂ ਜੀ, ਆਪ ਦਸ ਸਕਦੇ ਹੋ, ਆਪ ਨੂੰ ਕਿਥੋਂ ਤੇ ਕੀਕੂੰ ਮਿਲੀ ?

ਨੂਰ ਜੀ - ਅੱਛਾ ਇਹ ਤਾਂ ਤੂੰ ਮੰਨਿਆ ਹੈ ਨਾ, ਕਿ ਤੈਨੂੰ ਉਹ ਚੀਜ ਰੂਹ ਵਿਚ ਚੰਗੀ ਲਗੀ ਹੈ ?

ਸਵਾਣੀ - ਜੀ ਹਾਂ।

ਨੂਰ ਜੀ - ਅੱਛਾ, ਤੈਨੂੰ ਕੁੱਛ ਪਤਾ ਲੱਗਾ ਹੈ ਕਿ ਕਿਸ ਤਰ੍ਹਾਂ ਤੈਨੂੰ ਪ੍ਰਾਪਤ ਹੋਈ ?

ਸਵਾਣੀ - ਨਹੀਂ ਜੀ, ਹਾਂ ਜੀ ਸੱਚੀਂ ਆਪ ਨੂੰ ਮਿਲਣ ਨਾਲ, ਆਪ ਨੂੰ ਛੋਹਣ ਨਾਲ।

ਨੂਰ ਜੀ - ਪਿਆਰੀ ਜੀ ! ਬਸ ਇਹੋ ਉੱਤਰ ਹੈ ਆਪ ਦੇ ਪ੍ਰਸ਼ਨ ਦਾ। ਇਹ ਗੱਲ ਦੱਸੀ ਨਹੀਂ ਜਾਂਦੀ ਇਹ ਕੁਛ ਚੀਜ਼ ਹੈ ਜੇਹੜੀ ਕਿਸੀ ਨਾ ਕਿਸੀ ਨੂੰ ਗ਼ੈਬ ਥੀਂ ਆਣ ਲਗਦੀ ਹੈ, ਤੁਸੀਂ ਹੁਣ ਜਾਣੂੰ ਹੋ ਚੁਕੇ ਹੋ, ਹੋਰ ਕੋਈ ਗੱਲ ਨਹੀਂ।

ਸਵਾਣੀ - ਨਹੀਂ ਜੀ ਤੁਸੀਂ ਭੇਤ ਦੱਸੋ ?

ਨੂਰ ਜੀ - ਭੇਤ ਖੁੱਲਾ ਹੈ !

ਸਵਾਣੀ - ਪਰ ਮੈਨੂੰ ਦੱਸੋ ਆਪ ਨੂੰ ਕਿਸ ਤਰ੍ਹਾਂ ਪ੍ਰਾਪਤ ਹੋਈ ?

ਨੂਰ ਜੀ - ਇਹਦੇ ਪੁੱਛਣ ਦਾ ਕੀ ਲਾਭ ? ਪਿਆਸੇ ਨੂੰ ਪਾਣੀ ਮਿਲੇ, ਕਿਥੋਂ ਮਿਲੇ ? ਭੁੱਖੇ ਨੂੰ ਰੋਟੀ ਮਿਲੇ, ਕਿਥੋਂ ਮਿਲੇ ?

ਸਵਾਣੀ - ਨਹੀਂ ਜੀ ਦੱਸੋ ?

ਨੂਰ ਜੀ - ਮੁੜ ਉਹੋ ਗੱਲ, ਜਾਹ ਸਵਾਣੀ ਸੌਂ, ਹੁਣ ਤਾਂ ਸੂਰਜ ਵੀ ਨਿਕਲਣ ਵਾਲਾ ਹੋਣਾ ਹੈ।

ਇਹੋ ਗੱਲਾਂ ਕਰਦਿਆਂ ਕਰਦਿਆਂ ਨੂਰ ਜੀ ਨੂੰ ਨੀਂਦਰ ਆ ਗਈ ਅਤੇ ਉਹ ਲੇਟ ਗਏ ਤੇ ਲੇਟਦੇ ਸਾਰ ਘੂਕ ਸੌਂ ਗਏ।

ਜਦੋਂ ਸੌਂ ਗਏ ਤਦ ਸਵਾਣੀ ਨੂੰ ਹੋਸ਼ ਆਈ ਕਿ ਆਪਣੀ ਨਿਕੰਮੀ ਪੁੱਛ ਗਿੱਛ ਦੀ ਖਾਤਰ ਉਸ ਨੇ ਨੂਰ ਜੀ ਨੂੰ ਗੱਲਾਂ ਗੱਲਾਂ ਵਿਚ ਹੀ ਕਿੰਨੀ ਖੇਚਲ ਦਿੱਤੀ ਹੈ, ਕੁਛ ਇਸ ਗੱਲ ਦੇ ਪਸ਼ਚਾਤਾਪ ਜਿਹੇ ਵਿਚ ਉਹ ਵੀ ਪੋਸਤੀਨਾ, ਕੰਬਲਾਂ ਵਿਚ ਆਰਾਮ ਨਾਲ ਸੌਂ ਗਈ, ਸੁੱਤੀ ਨਹੀਂ ਨੀਂਦਰ ਨੇ ਝੋਲ ਪਾ ਲਈ।

੫

ਮਕਾਨ ਦੇ ਜ਼ਨਾਨੇ ਹਿੱਸੇ ਵਿਚ ਹੀ ਇਕ ਨੌਕਰਾਂ ਦਾ ਨਿਕਾ ਜਿਹਾ ਪਾਸਾ ਸੀ, ਜਿਥੇ ਇਕ ਕਮਰੇ ਵਿਚ ਤਾਂ ਸ਼ਿਰਨੀ ਰਹਿੰਦੀ ਸੀ ਤੇ ਇਕ ਹੋਰ ਵਿਚ ਨੌਕਰ ਰਾਤ ਦੇ ਕੰਮ ਕਾਜ ਲਈ ਪਹਿਰੇ ਉੱਤੇ ਹੋਣ ਰਹਿੰਦੇ ਸਨ। ਉਸ ਰਾਤ ਸ਼ਿਰਨੀ, ਸ਼ਹੂਰਾ ਤੇ ਇਕ ਹੋਰ ਨੌਕਰਾਣੀ ਸਭ ਉਨ੍ਹਾਂ ਕਮਰਿਆਂ ਵਿਚ ਹੀ ਹਾਜ਼ਰ ਸਨ, ਉਨ੍ਹਾਂ ਵਿਚ ਵੀ ਅੱਗ ਬਾਲੀ ਹੋਈ ਸੀ ਤੇ ਉਹ ਸੇਕਦੇ ਤੇ ਗੱਲਾਂ ਕਰਦੇ ਹਨ।

ਸ਼ਿਰਨੀ – ਕਿਉਂ ਸ਼ਹੂਰਾ! ਸਾਡੇ ਮਾਲਕ ਦੇ ਆਵਣ ਨਾਲ ਤਾਂ ਸਾਡੇ ਘਰ ਅੱਜ ਉਹ ਖੁਸ਼ੀ ਆਈ ਹੈ ਜਿਹੜੀ ਕਿਸੇ ਨਵੇਂ ਰੱਬ ਦੇ ਸੁੱਚੇ ਬੰਦੇ ਦੇ ਸਜਰੇ ਮਿਲਾਪ ਵਿਚ ਹੁੰਦੀ ਹੈ?

ਸ਼ਹੂਰਾ – ਸ਼ਿਰਨੀਏ ! ਤੂੰ ਤਾਂ ਪੋਸਤੀਨ ਪਾ ਕੇ ਮੁੜ ਹਿੰਦੂ ਬਣ ਗਈ ਹੈਂ ਤੇ ਗੱਲਾਂ ਕਰਦੀ ਹੈਂ ਮਥਰਾ ਦੇ ਕਾਫਰਾਂ ਵਾਂਗ। ਤੇਰੇ ਅੰਦਰ ਅੱਧਾ ਲਹੂ ਹਿੰਦੂ ਹੈ ਹੀ ਨਾ, ਆਖਰ ਅੱਧੀ ਹਿੰਦੋਸਤਾਨ ਹੈਂ, ਤੈਨੂੰ ਬੱਸ ਮਜ਼ਬ ਦੀਆਂ ਗੱਲਾਂ ਹੀ ਸੁਝਦੀਆਂ ਹਨ, ਅਸਾਂ ਗਰੀਬਾਂ ਦਾ ਕੀ ਮਜ਼ਬ? ਬੱਸ ਦੋ ਟੁਕੜੇ ਗੋਗੀ ਦੇ? ਇਹ ਸਭ ਅਮੀਰਾਂ ਦੀਆਂ ਚੀਜ਼ਾਂ ਹਨ, ਮੁਸਲਮਾਨ ਅਮੀਰ ਮੁਸਲਮਾਨ ਗਰੀਬਾਂ ਨੂੰ ਕਿਵੇਂ ਨਹੀਂ ਕੋਸਦੇ ਪ੍ਰਬੰਧ ਮੁਲਕਾਂ ਦਾ ਕਿਵ ਕਰਦੇ ਹਨ, ਗਰੀਬਾਂ ਦੀ ਛਾਤੀ ਤੇ ਮੂੰਗ ਦਲਣ ਹੁੰਦੇ ਹਨ ਤੇ ਫਿਰ ਸਪਾਰੇ ਪੜ੍ਹਦੇ ਹਨ। ਨਹੀਂ ਭਾਈ, ਮੈਂ ਠੱਲਾ ਜਿਹਾ ਆਦਮੀ ਹਾਂ, ਮੈਨੂੰ ਤਾਂ ਨਮਾਜ਼ ਲਈ ਕਦੀ ਚਿੱਟੇ ਲੀੜੇ ਹੀ ਨਹੀਂ ਲੱਭੇ। ਇਕ ਦਿਨ ਲਭਦੇ ਹਨ ਤਾਂ ਦੋ ਦਿਨ ਨਹੀਂ ਲਭਦੇ। ਬੱਸ, ਦੋ ਗੋਗੀਆਂ ਖਾਧੀਆਂ ਤੇ ਲੰਮੀ ਤਾਣ ਸੁੱਤੇ, ਅਸੀਂ ਤਾਂ ਹੀ ਇੰਨੇ ਕੁ ਮਜ਼ਬ ਨੂੰ ਸਮਝਦੇ ਹਾਂ, ਬਾਕੀ ਗੱਲਾਂ ਹੀ ਹਨ ਨਾ, ਅੱਲਾ ਕਿਸ ਡਿੱਠਾ ਹੈ। 'ਜਿਸ ਕੀ ਲਾਠੀ ਉਸੀ ਕੀ ਭੈਂਸ' ਭੈਂਸ ਦਾ ਰੱਬ ਪਤਾ ਨਹੀਂ ਕਿਥੇ ਹੈ।

ਸ਼ਿਰਨੀ – ਸ਼ਹੂਰਿਆ ! ਤੂੰ ਤਾਂ ਬੇਸ਼ਹੂਰੀਆਂ ਗੱਲਾਂ ਕਰਨ ਲਗ ਪਇਓਂ, ਤੈਨੂੰ ਮਾਲਕ ਦੇ ਆਣ ਦੀ ਖੁਸ਼ੀ ਨਹੀਂ?

ਸ਼ਹੂਰਾ – ਕੀ ਖ਼ੁਸ਼ੀ ਸੜੀਏ ! ਹਿੰਦੂ ਜਿਹਾ ਲਗਦਾ ਹੈ, ਕਾਫ਼ਰ ਹੈ, ਨਾ ਰੋਜ਼ਾ, ਨਾ ਨਿਮਾਜ਼, ਨਾ ਕਲਮਾ।

ਸ਼ਿਰਨੀ – ਪਰ ਹੈ ਤਾਂ ਮੁਸਲਮਾਨ ਬੇ ਸ਼ਹੂਰਿਆ !

ਸ਼ਹੂਰਾ – ਹਾਂ ਇਹ ਤਾਂ ਠੀਕ ਹੈ, ਹੈ ਤਾਂ ਮੁਸਲਮਾਨ।

ਸ਼ਿਰਨੀ – ਤੂੰ ਬੜਾ ਨਿਮਕ ਹਰਾਮ ਹੈਂ !

ਸ਼ਹੂਰਾ – ਸੜੀਏ ! ਮੈਂ ਤਾਂ ਆਪਣੇ ਢਿੱਡ ਦਾ ਚਾਕਰ ਹਾਂ, ਮੈਨੂੰ ਤਾਂ ਭੁੱਖ ਹੀ ਨਹੀਂ ਸਾਹ ਲੈਣ ਦਿੰਦੀ।

ਸ਼ਿਰਨੀ – ਰੱਬ ਸਭ ਨੂੰ ਦਿੰਦਾ ਹੈ।

ਸ਼ਹੂਰਾ – ਸਭ ਨੂੰ ਨਹੀਂ, ਆਪਣੇ ਨੂੰ ਦਿੰਦਾ ਹੈ।

ਸ਼ਿਰਨੀ – "ਸਭ ਉਹਦੇ ਆਪਣੇ ਹਨ।"

ਸ਼ਹੂਰਾ – ਨਹੀਂ।

ਸ਼ਿਰਨੀ – ਤਾਂ ਫਿਰ ਕਿਹੜੇ ?

ਸ਼ਹੂਰਾ – ਜੰਗਲ ਤਕੇ ਨੀ ਨਾ. ਉਹ ਬੂਟੇ ਤੇ ਬੂਟੀਆਂ ਜਿਹੜੀਆਂ ਜ਼ਮੀਨ ਵਿਚ ਗੱਡੀਆਂ ਹੁੰਦੀਆਂ ਹਨ, ਜਿਨ੍ਹਾਂ ਦੀਆਂ ਜੜ੍ਹਾਂ ਅੰਦਰ ਹੁੰਦੀਆਂ ਹਨ, ਉਹ ਤਾਂ ਜੀਂਦੀਆਂ ਹਨ, ਪੱਥਰਾਂ ਵਿਚ ਵੀ ਉਨ੍ਹਾਂ ਦੀ ਗੋਗੀ ਅੱਲਾ ਨੇ ਜ਼ਰੂਰ ਰਖੀ ਦਿਸਦੀ ਸੀ, ਪਰ ਜਿਹੜੇ ਆਪਣੀਆਂ ਜੜ੍ਹਾਂ ਪੱਟ ਬਾਹਰ ਹੋ ਜਾਂਦੇ ਹਨ, ਉਹ ਸੁੱਕ ਜਾਂਦੇ ਹਨ, ਉਨ੍ਹਾਂ ਨੂੰ ਰੱਬ ਗੋਗੀ ਨਹੀਂ ਦਿੰਦਾ ਉਹ ਬਾਲਣ ਬਣਦੇ ਹਨ। ਇਹ ਤੂੰ ਹੀ ਸਾੜ ਰਹੀ ਹੈਂ।

ਸ਼ਿਰਨੀ – ਸ਼ਹੂਰਾ ! ਗੱਲ ਤਾਂ ਡਾਢੀ ਚੰਗੀ ਕਹੀ ਹੈ, ਪਰ ਬੰਦੇ ਤਾਂ ਸਾਰੇ ਰੱਬ ਦੇ ਹਨ।

ਸ਼ਹੂਰਾ – ਨਹੀਂ।

ਸ਼ਿਰਨੀ – ਕਿਵ ?

ਸ਼ਹੂਰਾ – ਬਸ ਉਹੋ ਉਹਦੇ ਹਨ ਜਿਹੜੇ ਉਸ ਵਿਚ ਗਡੇ ਖੜੇ ਹਨ, ਇਹ ਗੱਲ ਮੈਨੂੰ–ਸਾਈਂ ਅੱਲਾ ਉਹਦਾ ਭਲਾ ਕਰੇ – ਸ਼ਾਹ ਦਿਲਗੀਰ ਨੇ ਦੱਸੀ ਹੈ।

ਸ਼ਿਰਨੀ – ਤਾਂ ਤੂੰ ਰੋਟੀ ਦੇ ਫਿਕਰ ਵਿਚ ਕਿਉਂ ਹੈਂ ? ਤੂੰ ਗਡੀਜ ਜਾਹ, ਹੁਣ ਤਾਂ ਗੰਗਾ ਵਗ ਖਲੋਤੀ ਹੈ।

ਸ਼ਹੂਰਾ – ਸ਼ਾਹ ਦਿਲਗੀਰ ਨੇ ਵੀ ਗੱਲਾਂ ਬੜੀਆਂ ਦੱਸੀਆਂ ਹਨ, ਮਗਜ਼ ਭਰ ਸੁਣਿਆ ਸੂ, ਪਰ ਮੇਰੀਆਂ ਜੜਾਂ ਰੱਬ ਦੀ ਛਾਤੀ ਵਿਚ ਗੱਡੀਆਂ ਨਹੀਂ ਜਾ ਸਕੀਆਂ। ਸੋ ਮੈਂ ਕੇ ਕਰਾਂ ? ਤੇ ਤੂੰ ਖਤਰਾਣੀ ਆਪਣੀ ਬੋਲੀ ਭੁੱਲਦੀ ਨਾਂਹ; ਹੈਂ !

ਮੁੜ ਗੰਗਾ ਤੇ ਗੰਗਾ, ਅਸਾਂ ਮੁਸਲਮਾਨਾਂ ਨੂੰ ਗੰਗਾ ਨਾਲ ਕੀ ? ਸਾਨੂੰ ਤਾਂ ਕੋਈ ਗੌਂਸ ਵਲੀ ਕੋਈ ਪੀਰ, ਕੋਈ ਔਲੀਆ ਮਿਲੇ ਤਾਂ ਹੀ ਕੁਛ ਬਣੇ ਨਾ ! ਮਾਲਕ ਸਾਡਾ ਕਾਫਰ ਹੈ, ਸਾਨੂੰ ਪਤਾ ਹੈ, ਪਰ ਉਹਦਾ ਨਿਮਕ ਖਾਂਦੇ ਹਾਂ, ਤੇ ਹੈ ਉਹ ਮੁਸਲਮਾਨ ਸੋ ਮੂੰਹ ਸਾਡਾ ਬੰਦ ਹੈ।

ਸ਼ਿਰਨੀ - ਵਾਹ ਵਾਹ, ਸ਼ਹੂਰਾ ! ਬੜਾ ਚਿਰ ਕਠੇ ਦਿਨ ਕਟੇ ਹਨ। ਆ ਤੈਨੂੰ ਤਾਂ, ਨਿਕੇ ਜਿਹੇ ਬਾਲ ਬੂਟੇ ਨੂੰ ਤਾਂ, ਰੱਬ-ਧਰਤੀ ਵਿਚ ਗੱਡ ਦਿਵਾਹਾਂ।

ਸ਼ਹੂਰਾ - ਕਿਸ ਤਰ੍ਹਾਂ ?

ਸ਼ਿਰਨੀ - ਤੱਕੀ ਨਾ ! ਮੇਰੀ ਅੱਖ ਬੈਠਿਆਂ ਹੁਣੇ ਲਗ ਗਈ ਸੀ, ਤੇ ਮੈਂ ਮੁੜ ਸਵਾਣੀ ਦੇ ਕਮਰੇ ਵਿਚ ਖੜੀ ਹਾਂ, ਦੋਵੇਂ ਘੂਕ ਸੁੱਤੇ ਹੋਏ ਸਨ।

ਸ਼ਹੂਰਾ - ਪਰ ਤੂੰ ਮੁੜ ਉੱਥੇ ਗਈ ਹੀ ਨਹੀਂ।

ਸ਼ਿਰਨੀ - ਓਏ ! ਮੈਂ ਸੁਫਨੇ ਦੀ ਗੱਲ ਕਰਦੀ ਹਾਂ।

ਸ਼ਿਰਨੀ - ਓਏ ਇਕ ਨੀਂਦਰ ਦੇ ਸੁਫਨੇ ਹੁੰਦੇ ਹਨ, ਇਕ ਜਾਗ ਦੇ ਸੁਫਨੇ ਹੁੰਦੇ ਹਨ।

ਸ਼ਹੂਰਾ - ਅੱਛਾ ਚੰਗਾ ਦਸ ?

ਸ਼ਿਰਨੀ - ਮੈਂ ਕੀ ਤੱਕਦੀ ਹਾਂ ਕਿ ਉਨ੍ਹਾਂ ਦਾ ਕਮਰਾ ਨੂਰ ਦੇ ਬਣੇ ਫਰਿਸ਼ਤੀਆਂ ਨਾਲ ਭਰਿਆ ਪਿਆ ਹੈ ਤੇ ਇਕ ਦਾ ਹੱਥ ਸਾਡੇ ਮਾਲਕ ਦੇ ਸਿਰ ਤੇ ਹੈ। ਇਕ ਉਹਦੇ ਕੇਸਾਂ ਨੂੰ ਆਪਣੇ ਹੱਥ ਵਿਚ ਲੈ ਉਛਾਲ ਰਿਹਾ ਹੈ, ਤੇ ਇਕ ਸਾਡੀ ਸੁੱਤੀ ਹੋਈ ਸਵਾਣੀ ਦੇ ਸਿਰਹਾਣੇ ਖੜਾ ਕਹਿੰਦਾ ਹੈ, "ਮਰੇਗੀ ਨਹੀਂ, ਆਪਣੀ ਹੈ।"

ਇਨ੍ਹਾਂ ਗੱਲਾਂ ਦੀ ਮੈਨੂੰ ਕੋਈ ਸਮਝ ਨਹੀਂ ਪਈ, ਪਰ ਦੇਖੇ ਜ਼ਰੂਰ ਮੈਂ, ਗੱਲਾਂ ਵੀ ਉਨ੍ਹਾਂ ਦੀਆਂ ਇਉਂ ਸੁਣੀਆਂ ਤੇ ਇਨ੍ਹਾਂ ਕੰਨ੍ਹਾਂ ਨਾਲ ਸੁਣੀਆਂ।

ਪਰ ਜਦ ਉਹ ਟੁਰ ਗਏ ਤਦ ਇਕ ਮਹੀਨ ਬਰੀਕ ਰਾਗ ਹੋਇਆ ਜਿਹਦੇ ਬੋਲ ਮੈਨੂੰ ਕੋਈ ਪਤਾ ਨਹੀਂ ਲੱਗੇ, ਪਰ ਸੁਰਾਂ ਦੀ ਥਰਥਰਾਹਟ ਨਾਲ ਕਮਰਾ ਸਾਰਾ ਇਕ ਰੂਹ ਹੋ ਰਿਹਾ ਸੀ, ਉਹ ਸਵਾਦ ਮੇਰੇ ਜਿਸਮ ਨੂੰ ਨਹੀਂ ਭੁਲਦਾ ਜਿਸਮ ਮੇਰਾ ਦਿਮਾਗ ਬਣ ਗਿਆ ਹੈ ਜਿਹੜਾ ਅਚਰਜ ਸਵਾਦ ਚਖ ਰਿਹਾ ਹੈ।

ਹੁਣ ਮੈਂ ਜਾਗ ਪਈ ਹਾਂ, ਪਰ ਮੇਰੇ ਵਾਲ ਵਾਲ ਵਿਚ ਉਹ ਸੁਰਾਂ ਅਟਕੀਆਂ ਖਲੋਤੀਆਂ ਹਨ। ਸ਼ਹੂਰਾ ! ਤੈਨੂੰ ਨਹੀਂ ਸੁਣਾਈ ਦਿੰਦੀਆਂ ?

ਸ਼ਹੂਰਾ - ਨਹੀਂ ।

ਸ਼ਿਰਨੀ - ਸੁਣ !

ਸ਼ਹੂਰਾ - ਤੇਰੇ ਸੁਫਨੇ ਦੇ ਰਾਗ ਮੇਰੇ ਕੰਨ ਕਿਵੇਂ ਸੁਣ ਸਕਦੇ ਹਨ?

ਸ਼ਿਰਨੀ - ਨਹੀਂ ਸ਼ਹੂਰਾ ਸੁਣ, ਤੈਨੂੰ ਸੁਣਾਈ ਦੇਣਗੇ।

ਸ਼ਹੂਰਾ - ਮੈਂ ਜੂ ਕਿਹਾ, ਇੰਨੀਆਂ ਨਸਲਾਂ ਮੁਸਲਮਾਣੀ ਬਾਅਦ ਵੀ ਆਖਰ ਉਹ ਹਿੰਦੂ ਖ਼ੂਨ ਤੈਨੂੰ ਸਾਹ ਨਹੀਂ ਲੈਣ ਦਿੰਦਾ। ਮੁਸਲਮਾਨ ਜਬਰ ਨਾਹ ਕਰਦੇ ਤਦ ਸਾਰੀ ਦੁਨੀਆਂ ਇਸ ਵੇਲੇ ਹੋਰ ਸਾਰੇ ਮਜ਼੍ਹਬ ਭੁਲ ਜਾਂਦੀ, ਪਰ ਹੂਸ਼ ਲੋਕੀ ਸਨ ਨਾ। ਰੂਹਾਂ ਤੇ ਜਬਰ ਕਿਵੇਂ ਚਲੇ? ਜਿਸਮ ਤਾਂ ਜਬਰ ਨਾਲ ਬੰਨ੍ਹ ਲਏ। ਖੈਰ ਸ਼ਿਰਨੀਏਂ! ਲਾ ਲੈ ਜ਼ੋਰ, ਮੈਨੂੰ ਸੁਫਨਾ ਕਿਵੇਂ ਦਿਸੂ?

ਸ਼ਿਰਨੀ - ਨਹੀਂ ਵੀਰ! ਦਿਸੂ, ਮੈਂ ਜੋ ਕਹਿਨੀ ਹਾਂ।

ਸ਼ਹੂਰਾ - ਅੱਛਾ ਬਈ, ਸੁਣਨ ਦੀ ਚਾਹ ਕਰਦਾ ਹਾਂ।

ਸ਼ਿਰਨੀ - ਚੰਗਾ ਸੁਣ।

ਸ਼ਿਰਨੀ ਦੀਆਂ ਅੱਖਾਂ ਬੰਦ ਹੋ ਗਈਆਂ। ਆਪਣੇ ਬਿਸਤਰੇ ਵਿਚ ਬੈਠੀ ਹੈ ਕੜੱਕ ਕਰਕੇ ਬਿਨਾਂ ਉਹਦੀ ਮਰਜ਼ੀ ਦੇ ਸੁਰਤ ਇਕਾਗਰ ਹੋਈ; ਜਿਵੇਂ ਕਿਸੀ ਫਰਿਸ਼ਤੇ ਨੇ ਹਥ ਨਾਲ ਪਕੜ ਕੇ ਕੇਸਾਂ ਦੇ ਜੂੜੇ ਵਾਂਗ ਖਿਚ ਕਿਆੜਾ ਬੰਨ ਦਿੱਤਾ ਹੈ। ਸੁਰਤ ਨੂੰ ਇਕਾਗਰ ਕਰਨ ਵਾਲੇ ਲੋਕਾਂ ਨੂੰ ਪਤਾ ਹੈ ਕਿ ਕੇਸਾਂ ਦਾ ਜੂੜਾ ਇਕੱਠੀ ਸੁਰਤ ਦੇ ਜੂੜੇ ਦੀ ਉੱਪਰਲੀ ਮੁਹਰ ਹੈ। ਕੋਈ ਆਉਂਦਾ ਹੈ ਤੇ ਲੋੜ ਵੇਲੇ ਆਪਣੀ ਹੱਥੀਂ ਸੁਰਤਿ ਨੂੰ ਕੰਘਾ ਕਰਕੇ ਖਿੱਚ ਕੇ ਉੱਪਰ ਬੰਨ੍ਹ ਦਿੰਦਾ ਹੈ, ਕਿਸੇ ਵੇਲੇ ਪੀੜ ਵੀ ਹੁੰਦੀ ਹੈ, ਤੇ ਕੜਾਕਾ ਵੱਜਦਾ ਹੈ। ਤੇ ਜਿਸ ਹਾਲਤ ਨੂੰ ਪਾਤੰਜਲ ਜੀ ਇਕ ਰਿਆਜ਼ੀ ਦੇ ਸਵਾਲ ਵਾਂਗੂ ਪੇਸ਼ ਕਰਦੇ ਹਨ, ਉਹ ਕੋਈ ਅਗੰਮੀ ਗੱਲ ਹੈ। ਅਗੰਮੀ ਮਹਾਂਪੁਰਖ ਅੰਦਰ ਆ ਮਲਕੜੇ ਹੀ ਚਿੱਲੇ ਚਾਹੜ ਜਾਂਦਾ ਹੈ, ਕਮਾਨ ਵਾਂਗ ਸੁਰਤ ਕੱਸੀ ਜਾਂਦੀ ਹੈ ਤੇ ਇਕ ਖਿਣ ਲਈ-ਭਾਵੇਂ ਸਾਧਾਰਨ ਆਦਮੀ ਹੀ ਹੋਵੇ - ਸਮਰਥ ਪੁਰਖ ਕਿਸੀ ਦੀ ਕਮਾਨ ਹੋ ਜਾਂਦਾ ਹੈ ਤੇ ਜੋ ਕੋਈ ਸੰਕਲਪ ਉਸ ਅਫੁਰ ਅਵਸਥਾ ਵਿਚ ਫੁਰੇ ਉਹ ਤੀਰ ਵਾਂਗ ਜਾ ਨਿਸ਼ਾਨੇ ਤੇ ਵੱਜਦਾ ਹੈ। ਇਹ ਤੀਰ-ਕਮਾਨ, ਤਲਵਾਰ ਦੀਆਂ ਖੇਡਾਂ ਅੰਦਰ ਸੁਰਤਿ ਦੀਆਂ ਖੇਡਾਂ ਦੇ ਚਿੰਨ੍ਹ ਹਨ।

ਇਉਂ ਕੜਕ ਹੋਈ ਤੇ ਸ਼ਿਰਨੀ ਦੀ ਸੁਰਤਿ ਅੰਦਰ ਵਲ ਚੱਕਰ ਖਾ ਅਕਾਸ਼ ਦੀ ਸੈਲਾਨੀ ਹੋ ਗਈ। ਬੈਠੀ ਹੈ, ਪਰ ਉੱਡ ਰਹੀ ਹੈ, ਅੱਖਾਂ ਬੰਦ ਹਨ, ਅੱਥਰੂ ਆਨੰਦ ਦੇ ਡਿੱਗ ਰਹੇ ਹਨ, ਬੇਹੋਸ਼ ਬੈਠੀ ਹੈ, ਪਰ ਰੋਮ ਰੋਮ ਵਿਚ ਇਲਾਹੀ ਸੁਰਾ "ਸੁਣਿਆਂ" ਦਾ ਅਲਾਪ ਹੈ, "ਮੰਨੈ" ਦੀ ਹਾਲਤ ਵਿਚ ਆਪ ਮਗਨ ਹੈ, ਉਹ ਕਿਸੀ ਦੀ ਮਦਦ ਦਵਾਰਾ ਅਰੂੜ ਚੜ੍ਹ ਬੈਠੀ ਹੈ। ਉਧਰ ਸ਼ਹੂਰੇ ਦੀਆਂ ਅੱਖਾਂ ਬੰਦ ਹੋਈਆਂ ਹਨ - ਚੁਪ ਮਸਤੀ ਉਸ ਪਰ ਛਾ ਰਹੀ ਹੈ, ਜਿਵੇਂ ਕਿਸੀ ਮੁਰਸ਼ਿਦ

ਨੇ ਚਪੇੜ ਮਾਰ ਅਕਲ ਦਾ ਵਿੰਗ ਕੱਢ ਦਿਤਾ ਹੈ ਤੇ ਉਹਦੀ ਸੁਰਤਿ ਦਾ ਮੂੰਹ ਸਿੱਧਾ ਕਰ ਛੱਡਿਆ ਹੈ। ਦੋ ਬੁਤ ਹੋਏ ਕਿਸੀ ਦੀਆਂ ਕਠ-ਪੁਤਲੀਆਂ ਬਣੇ ਬੈਠੇ ਹਨ, ਜਿਵੇਂ ਸੱਚ-ਮੁੱਚ ਚੁਪ ਦਾ ਕੋਈ ਰਾਗ ਹੈ, ਜਿਸ ਦੇ ਸਵਾਦ ਨੇ ਧੜਕਦੀਆਂ ਜਿੰਦਾਂ ਨੂੰ ਅਹਿਲ-ਖੁਸ਼ੀ ਦੇ ਬੇਜਾਨ ਬੁਤ ਬਣਾ ਦਿਤਾ ਹੈ। ਸ਼ਹੂਰੇ ਜਿਹਾ ਖਰਦਰਾ, ਠੁੱਲ੍ਹਾ ਮਨੁਖ ਵੀ ਉਸ ਸਵਾਦ ਵਿਚੋਂ ਹਿਲ ਨਹੀਂ ਸਕਦਾ। ਉਸ ਚੁਪ ਨੂੰ ਸੁਣ ਰਿਹਾ ਹੈ, ਉਹਦੇ ਰੂਹ ਦੇ ਕੰਨ ਉਸ ਧੁਨੀ ਦੇ ਸਵਰ ਕਾਬੇ ਵਿਚ ਜੁੜੇ ਹੋਏ ਹਨ ਤੇ ਸ਼ਿਰਨੀ ਚੁਪ ਰਾਗ ਅਲਾਪ ਰਹੀ ਹੈ। ਸੂਰਜ ਚੜ੍ਹ ਆਇਆ ਹੈ, ਪਰ ਮਜਾਲ ਹੈ ਕੋਈ ਚਿੜੀ ਸ਼ਿਰਨੀ ਦੀ ਉਸ ਚੁਪ ਵਿਚ ਫੜਕ ਵੀ ਸਕੇ।

੬

ਸਵਾਣੀ - ਜੀ ਕੁਛ ਸਮਝ ਨਹੀਂ ਪੈਂਦੀ ਸ਼ਿਰਨੀ ਨੂੰ ਕੀ ਹੋ ਗਿਆ ਹੈ, ਰਾਤਾਂ ਤਾਂ ਝੱਲੀਆਂ ਗੱਲਾਂ ਕਰ ਰਹੀ ਸੀ, ਪੋਸਤੀਨ ਪਾਣ ਦੀ ਢਿਲ ਹੋਈ ਹੈ ਕਿ ਉਹਨੂੰ ਕੁਛ ਹੋ ਗਿਆ ਹੈ, ਚੱਲੋ ਉਹਨੂੰ ਦੇਖੋ ਤਾਂ ਸਹੀ।

ਨੂਰ ਜੀ - ਸਵਾਣੀਏਂ ! ਕੀ ਹੋਇਆ ! ਕੁਛ ਨਹੀਂ, ਮਸਤ ਹੈ, ਪੋਸਤੀਨ ਦੀ ਬਹੁਮੁੱਲੀ ਖੁਸ਼ੀ ਉਹਨੂੰ ਚੜ੍ਹੀ ਹੋਈ ਹੈ, ਪਰ ਚੱਲ ਤਕੀਏ !

ਸਵਾਣੀ - ਚੱਲੋ ਜੀ। ਉਹਦਾ ਚਿਹਰਾ ਲਾਲਾਂ ਵਾਂਗ ਭਖ ਰਿਹਾ ਹੈ ਤੇ ਇਉਂ ਸਮਾਂ ਚੌਗਿਰਦੇ ਨੂੰ ਬੰਨ੍ਹ ਰਿਹਾ ਹੈ ਜਿਵੇਂ ਕੋਈ ਰਾਗ ਅਲਾਪ ਹੋ ਰਿਹਾ ਹੋਵੇ ਤੇ ਉਧਰ ਤਕੋ ਉਹ ਭੈੜਾ ਸ਼ਹੂਰਾ ਬੇਸ਼ਹੂਰਾ ਵੀ, ਜਿਹੜਾ ਮਜ਼ਬ ਨੂੰ ਫਟੇ ਮਾਰਦਾ ਹੁੰਦਾ ਹੈ ਤੇ ਬੜੀਆਂ ਗਲਾਂ ਰੋਟੀ ਪਿਟੀ ਦੀਆਂ ਕਰਦਾ ਰਹਿੰਦਾ ਹੈ, ਉਸੇ ਮਸਤੀ ਵਿਚ ਬੱਝਾ ਪਿਆ ਹੈ। ਸਾਹਮਣੇ ਬੈਠਾ ਹੈ ਜਿਵੇਂ ਸੁਣ ਰਿਹਾ ਹੈ ਤੇ ਮੈਂ ਵੀ ਜਦ ਵੇਖਣ ਗਈ ਤਦ ਬੂਹੇ ਨਾਲ ਸਿਰ ਲਾ ਕੇ ਕਿੰਨਾਂ ਚਿਰ ਖੜੀ ਰਹੀ, ਹਿਲਣ ਹੀ ਨਾ ਹੋਵੇ। ਗੱਲਾਂ ਹੋਠਾਂ ਤੇ ਕਹਿਣ ਨੂੰ ਆਵਣ ਦਾ ਉੱਦਮ ਹੀ ਨਾ ਕਰੇ, ਦਰੋ ਦੀਵਾਰ ਵਜਦ ਵਿਚ ਆ ਰਹੇ ਹਨ, ਮੇਰਾ ਦਿਲ ਖੁਸ਼ੀ ਵਿਚ ਹੈ ਪਰ ਮਨ ਵਿਚ ਰੜਕ ਜ਼ਰੂਰ ਹੈ ਕਿ ਐਤਕੀਂ ਤੁਸੀਂ ਕੀ ਲਿਆਏ ਹੋ ? ਖੁਸ਼ੀ ਘਰ ਆਈ ਹੈ, ਇੰਨਾ ਇਕਬਾਲ ਕਿ ਰੂਹ ਵਿਚ ਮਲੋਮਲੀ ਚਾਅ ਚੜ੍ਹਦਾ ਹੈ। ਕੁਛ ਹੋਰ ਯਾਦ ਹੀ ਨਹੀਂ ਆਉਂਦਾ ਕਿ ਕਦੀ ਕਿਧਰੇ ਦੁਖ ਦਰਦ ਵੀ ਇਸ ਦੁਨੀਆਂ ਵਿਚ ਹੈ। ਦਿਲ ਕਰਦਾ ਹੈ ਉਠੀਏ ਆਪ ਦੀ ਖਾਤਰ ਤਵਾਜ਼ੋ ਕਰੀਏ, ਕੁਛ ਰਿੰਨ੍ਹ ਪਕਾ ਅੱਗੇ ਧਰੀਏ, ਪਰ ਤਕੋ ਇਹ ਹਾਲਤ ਸ਼ਿਰਨੀ ਦੀ ਹੈ। ਸ਼ਹੂਰੇ ਦੀ ਤੇ ਮੇਰੀ ਉੱਨੀ ਨਹੀਂ,

ਉਸ ਪੁੱਛ ਦੀ ਰੜਕ ਕਰ ਕੇ, ਪਰ ਮੈਨੂੰ ਖੁਸ਼ੀ ਉੱਠਣ ਨਹੀਂ ਦਿੰਦੀ, ਸਿਰ ਵਿਚ ਝੂੰਮਾਂ ਪੈ ਰਹੀਆਂ ਹਨ, ਦਿਲ ਦੀਆਂ ਪੀਂਘਾਂ ਅਸਮਾਨ ਤੇ ਚੜ੍ਹੀਆਂ ਹਨ, ਬਾਹਾਂ ਲਟਕਦੀਆਂ ਜਾਂਦੀਆਂ ਹਨ, ਪੈਰ ਥਿੜਕਦੇ ਜਾਂਦੇ ਹਨ, ਮੁੜ ਮੁੜ ਨਸ਼ੀਲੀ ਨੀਂਦਰ ਜਿਹੀ ਆਉਂਦੀ ਹੈ, ਇਹ ਦੁਖ ਦਾ ਦਾਰੂ ਕੀ ਲਿਆਏ ਹੋ ? ਕੁਛ ਕਰਨ ਹੀ ਨਹੀਂ ਹੁੰਦਾ, ਮੈਂ ਉੱਠੀ ਸਾਂ ਫਜਰੀਂ ਕਿ ਸ਼ਿਰਨੀ ਨੂੰ ਜਗਾਵਾਂ ਤੇ ਸ਼ਹੂਰੇ ਨੂੰ ਕਹਾਂ ਕਿ ਰੋਟੀ ਪਾਣੀ ਦੇ ਆਹਰ ਲਗੇ, ਪਰ ਤਕੋ ਇਹ ਤਮਾਸ਼ਾ!

ਨੂਰ ਜੀ – ਸਵਾਣੀਏਂ ! ਮੈਂ ਜੁ ਕਿਹਾ ਸੀ ਬਰਫ ਨਹੀਂ ਮਿਹਰ ਵੱਸ ਰਹੀ ਹੈ।

ਸਵਾਣੀ – ਜੀ ! ਇਹ ਕੋਈ ਭੇਤ ਵਾਲਾ ਹੀਰਾ ਲੈ ਆਏ ਹੋ ਪਾਰਸ ਲੈ ਆਏ ਹੋ, ਜਿਸ ਦਾ ਇੰਨਾਂ ਅਸਰ ਹੈ।

ਨੂਰ ਜੀ – ਸਵਾਣੀਏ ਹੀਰੇ ਤੇ ਪਾਰਸ ਅਸਰਾਂ ਨੂੰ ਜਜ਼ਬ ਕਰਦੇ ਹਨ ਤੇ ਅਗੇ ਦਿੰਦੇ ਹਨ, ਅਸਰ ਪੈਦਾ ਕਰਨ ਵਾਲੇ ਕੋਈ ਕਰਤਾਰ ਤਾਂ ਨਹੀਂ।

ਸਵਾਣੀ – ਫਿਰ ਦਸੋ ਨਾ ਕੀ ਭੇਦ ਹੈ ?

ਨੂਰ ਜੀ – ਪਿਆਰੀ ਜੀ ! ਆਪ ਉਤੇ ਹਾਲਤ ਵਾਰਦ ਹੋ ਚੁਕੀ ਹੈ। ਹੁਣ ਦੇਖੋ ਸਾਹਮਣੇ ਸ਼ਿਰਨੀ ਤੇ ਸ਼ਹੂਰਾ ਫੱਟੇ ਪਏ ਹਨ, ਨਹੀਂ, ਪਾਕ ਹੋਏ ਪਏ ਹਨ, ਮੁਕੰਮਲ ਅਵਸਥਾ ਵਿਚ ਚੜ੍ਹੇ ਬੈਠੇ ਹਨ।

ਸਵਾਣੀ – ਠੀਕ ਹੈ ਜੀ ! ਮੇਰਾ ਤਾਂ ਲੂੰ ਲੂੰ ਕਿਸੀ ਹਿਆਤੀ ਵਿਚ ਡੁੱਬਿਆ ਪਿਆ ਹੈ। ਮੈਂ ਤਾਂ ਆਪਣੇ ਆਪ ਨੂੰ ਮੁੜ ਆਪਣੇ ਕੰਵਾਰਾਪਨ ਦੀ ਆਵਣਤਾ ਤੇ ਮਹਸੂਮਤਾ ਤੇ ਸੁਚ ਜੋਸ਼ ਵਿਚ ਦੇਖ ਰਹੀ ਹਾਂ, ਮੈਂ ਤਾਂ ਇਕ ਤਰ੍ਹਾਂ ਦੀ ਦੂਜੀ ਹਿਆਤੀ ਵਿਚ ਅੱਪੜ ਪਈ ਹਾਂ, ਮੁੜ ਜਵਾਨੀ ਫੁੱਟਣ ਨੂੰ ਫਿਰਦੀ ਹੈ, ਮੇਰੇ ਅੰਗਾਂ ਵਿਚ ਹਰਨੋਟੀਆਂ ਦੀਆਂ ਛਾਲਾਂ ਜਾਗ ਰਹੀਆਂ ਹਨ, ਪਰ ਸਵਾਦ ਵਿਚ ਨਿੱਸਲਤਾ ਵਿਚ ਸੁਖ-ਕੜੀ ਨਾਲ ਜਕੜੀ ਬੇਬੱਸ ਮੁਰਦਾ ਜਿੰਦਾ ਪਈ ਹਾਂ !

ਨੂਰ ਜੀ – ਬੱਸ, ਸਵਾਣੀਏ ! ਜੋ ਕੁਛ ਭੇਤ ਵਾਲੀ ਗੱਲ ਹੈ, ਉਹ ਇਹ ਹੈ, ਬਾਕੀ ਕਦੀ ਅੱਗੇ ਦੀ ਗੱਲ ਹੈ। ਕਹਾਣੀ ਦਾ ਸਵਾਦ ਨਹੀਂ ਰਹਿੰਦਾ ਜੇ ਪਹਿਲੇ ਕਾਂਡ ਵਿਚ ਹੀ ਸਭ ਪ੍ਰਸ਼ਨ ਹੱਲ ਕਰ ਦਈਏ। ਸੋ ਇਹ ਜ਼ਿੰਦਗੀ ਹੈ ਤੇ ਇਥੇ ਪਹਿਲਾ ਕਾਂਡ ਹੀ ਪੜ੍ਹਨਾ ਉਚਿਤ ਹੈ।

ਸਵਾਣੀ – ਪਿਆਰੇ ਜੀ ! ਪਰ ਮੈਨੂੰ ਦੱਸ ਦਿਓ ? ਜ਼ਰੂਰ ਦੱਸੋ ?

ਨੂਰ ਜੀ – ਪਿਆਰੀ ਜੀ, ਬੱਸ ਇਹ ਕੁਛ ਹੈ।

ਸਵਾਣੀ – ਅੱਛਾ ਤੁਸੀਂ ਇਕ ਹੁੰਦੇ ਹੋ, ਨਾ ਸਹੀ, ਪਰ ਤੱਕੋ ਉਹ ਸ਼ਿਰਨੀ ਬੈਠੀ ਹੈ।

ਸ਼ਿਰਨੀ ਤੇ ਸ਼ਹੂਰਾ ਉਵੇਂ ਹੀ ਬੈਠੇ ਸਨ ਜਿਵੇਂ ਉਸ ਘੜੀ ਉਨ੍ਹਾਂ ਦਾ ਰੂਹ ਜੁੜਿਆ ਸੀ। ਸ਼ਿਰਨੀ ਦੀਆਂ ਬਰਫ-ਚਿੱਠੀਆਂ ਗੱਲ੍ਹਾਂ ਤੇ ਗਰਮ ਅੱਥਰੂ ਕਿਰ ਰਹੇ ਹਨ, ਸੂਰਜ ਦੀਆਂ ਲਾਲੀਆਂ ਸਫੈਦੀਆਂ ਵਿਚ ਚਮਕ ਰਹੀਆਂ ਸਨ, ਹਾਂ ਬਰਫਾਂ ਵਿਚ ਗਰਮ ਪਾਣੀ ਦੇ ਚਸ਼ਮੇ ਖੌਲਦੇ ਹਨ, ਪਰ ਬੜੀਆਂ ਉਚਾਈਆਂ ਤੇ, ਪਰ ਹਾਲੇ ਤਕ ਉਥੇ ਕਮਾਲ ਦੀ ਚੁਪ ਸੀ, ਆਪਣੇ ਅੰਦਰ ਦੇ ਲਹੂ ਦੇ ਗੇੜੇ ਦੀ ਸ਼ਾਂ-ਸ਼ਾਂ ਉਥੇ ਖੜੇ ਹੋ ਸਪਸ਼ਟ ਸੁਣਾਈ ਦਿੰਦੀ ਸੀ ਤੇ ਜ਼ਰਾ ਹੋਰ ਨੇੜੇ ਸ਼ਿਰਨੀ ਪਾਸ ਜਾ ਖੜੇ ਹੋਈਏ ਤਦ ਇਕ ਅੰਦਰ ਨਾਦ ਸੁਣਾਈ ਦੇਣ ਲਗ ਜਾਂਦਾ ਸੀ। ਇਉਂ ਜਾਪਦਾ ਸੀ ਕਿ ਕੋਈ ਆ ਕੇ ਆਵਾਜ਼ ਦੇ ਰਿਹਾ ਹੈ ਤੇ ਆਵਾਜ਼ ਨਾਲ ਅੰਦਰ ਦੇ ਅਸਮਾਨ ਇਉਂ ਗੂੰਜਣ ਲਗਦੇ ਸਨ, ਜਿਵੇਂ ਕਿਸੇ ਗੁੰਬਦ ਵਿਚ ਕੋਈ ਰਾਗ ਦੀ ਸਦ ਹੋਵੇ। ਪਰ ਨਾ ਸ਼ਿਰਨੀ, ਨਾ ਸ਼ਹੂਰੇ, ਨਾ ਸਵਾਣੀ ਨੂੰ ਉਸ ਆਵਾਜ਼ ਦੀ ਆਵਾਜ਼ ਸੁਣਾਈ ਦਿੰਦੀ ਸੀ, ਉਨ੍ਹਾਂ ਨੂੰ ਕੇਵਲ ਥਰਥਰਾਹਟ ਆਂਦੀ ਸੀ, ਜਿਹੜੀ ਉਹਨਾਂ ਦੇ ਦਿਲ ਦੀ ਕਿੰਗਰੀ ਤੇ ਜਾ ਵਜਦੀ ਸੀ ਤੇ ਉਹਨਾਂ ਦੇ ਦਿਲ ਸੋਹਣੀ ਚੁੰਬਿਤ ਚੁਪ ਵਿਚ ਅਸਗਾਹ ਅਨੰਦ ਨੂੰ ਸਿਜਦਾ ਕਰਦੇ ਸਨ, ਰੋਮ ਰੋਮ ਪੁਕਾਰ ਰਿਹਾ ਸੀ, ਪਰ ਬੇਅਖਰੀ ਆਵਾਜ਼ ਸੀ, ਖੁਸ਼ੀ ਦੇ ਸੋਮੇ ਵਾਲ ਵਾਲ ਫੁਟ ਰਹੇ ਸਨ, ਪਰ ਹਾਲਤ ਅਕਹਿ ਸੀ।

ਘਰ ਵਾਲਾ ਅੱਗੇ ਵਧ ਗਿਆ, ਸਵਾਣੀ ਪਿਛੇ ਖੜੀ ਹੈ ਤੇ ਉਸ ਅੱਗੇ ਵਧ ਕੇ ਸ਼ਿਰਨੀ ਦੇ ਮੋਢੇ ਤੇ ਹੱਥ ਰਖਿਆ ਤੇ ਕਿਹਾ, "ਸ਼ਿਰਨੀ ਚਾਹ ਬਣਾਉਣੀ ਹੈ, ਆਇਆਂ ਦੀ ਇਕ ਦੋ ਦਿਨ ਤਾਂ ਮਿਹਮਾਨੀ ਜ਼ਰੂਰ ਹੁੰਦੀ ਹੈ।"

ਸ਼ਹੂਰਾ ਤਾਂ ਚੌਂਕ ਕੇ ਏਨੇ ਨੂੰ ਰਸੋਈ ਖਾਨੇ ਵਲ ਚੁਪਕੇ ਹੀ ਟੁਰ ਗਿਆ ਤੇ ਮਾਲਕ ਦੇ ਹੱਥ ਲਗਦਿਆਂ ਹੀ ਸ਼ਿਰਨੀ ਦੀ ਨੀਂਦਰ ਤਾਂ ਖੁਲ੍ਹ ਗਈ, ਪਰ ਨਿਰਬਲ ਸੀ, ਉੱਠਣ ਲਗੀ ਨੂੰ ਨੂਰ ਜੀ ਨੇ ਆਪਣੀਆਂ ਬਾਹਾਂ ਵਿਚ ਫੜ ਸਹਾਰਾ ਦੇ ਕੇ ਬਿਠਾ ਲਿਆ ਤੇ ਸਵਾਣੀ ਨੂੰ ਕਿਹਾ : ਪਿਆਰੀ ਜੀ; ਤੁਸੀਂ ਵਿਹਲੇ ਵਿਹਲੇ ਇਕ ਪਿਆਲਾ ਗਰਮ ਸੜਦੀ ਸੜਦੀ ਚਾਹ ਦਾ ਲੈ ਆਓ।

ਨੂਰ ਜੀ – ਸ਼ਿਰਨੀ ! ਕੀ ਹੋਇਆ ਈ ?

ਸ਼ਿਰਨੀ – ਜੀ ਕੁਛ ਨਹੀਂ, ਮੈਂ ਤਾਂ ਸੌਂ ਗਈ ਸਾਂ, ਮੈਂ ਉੱਠਾਂ ਨਾ, ਛੱਡੋ ਨਾ, ਮੈਂ ਆਪ ਲਈ ਚਾਹ ਬਣਾ ਲਿਆਵਾਂ।

ਨੂਰ ਜੀ – ਸ਼ਿਰਨੀ ! ਇਸ ਵਕਤ ਨੂੰ ਆਪ ਸਾਰੀ ਦੀ ਸਾਰੀ ਰੱਬੀ ਸ਼ਰਬਤ ਹੋਈ ਹੋਈ ਹੈਂ ਤੇ ਤੂੰ ਆਪ ਇਕ ਭਰਪੂਰ ਅੰਮ੍ਰਿਤ ਰੂਪ ਹੋਈ ਹੋਈ ਹੈਂ, ਤੂੰ ਹਾਲੇ ਉੱਠ ਨਾ, ਸਰੀਰ ਨਿਰਬਲ ਹੋ ਗਿਆ ਹੈ, ਖੁਸ਼ੀ ਦੀ ਅਤਿ ਹੋ ਚੁਕੀ ਹੈ।

ਸ਼ਿਰਨੀ - ਹਾਏ ! ਮੈਂ ਕੇਹੀ ਭੈੜੀ ਹਾਂ ? ਮੈਂ ਅੱਜ ਮਾਲਕ ਦੇ ਘਰ ਆਵਣ ਦਾ ਪਹਿਲੀ ਪ੍ਰਭਾਤ ਵੀ ਸੁੱਤੀ ਰਹੀ। ਮੈਂ ਆਪਣੀ ਸੇਵਾ ਗੁਜ਼ਾਰ ਨਾ ਸਕੀ, ਮੇਰਾ ਰੋਜ਼ਾ, ਨਮਾਜ਼ ਤਾਂ ਆਪ ਦੀ ਸੇਵਾ ਕਰਨਾ ਸੀ। ਮੇਰੀ ਨਮਾਜ਼ ਕਜ਼ਾ ਹੋ ਗਈ। ਹਾਏ ! ਹਾਏ ! ਮੈਂ ਕੇਹੀ ਭੈੜੀ ਹਾਂ। ਹਾਏ, ਮੈਂ ਕੇ ਕਰਾਂ ? ਰੋਣ ਲਗ ਪਈ, ਭੁਬਾਂ ਮਾਰ ਕੇ ਰੋਣ ਲਗ ਪਈ।

ਨੂਰ ਜੀ - ਸ਼ਿਰਨੀ ! ਤੂੰ ਆਪਣੀ ਕੀਮਤ ਆਪਣੇ ਅਥਰੂਆਂ ਵਿਚ ਰੋਹੜ ਰਹੀ ਹੈਂ, ਤੂੰ ਹਾਲਤ ਨੂੰ ਪਛਾਣ ਨਹੀਂ ਸਕੀ !

ਸ਼ਿਰਨੀ - ਨਹੀਂ ਜੀ, ਤੁਸੀਂ ਸਫਰਾਂ ਝਾਗਦੇ ਥੱਕੇ ਮਾਂਦੇ ਆਏ, ਰਾਤੀਂ ਸੁਤੇ ਨਹੀਂ ਤੇ ਮੈਂ ਸਵੇਰ ਸਾਰ ਚਾਹ ਦਾ ਪਿਆਲਾ ਵੀ ਹਾਜ਼ਰ ਨਹੀਂ ਕਰ ਸਕੀ, ਮੇਰੇ ਜਿਹਾ ਨਿਕਰਮਣ ਕੌਣ ਹੈ ?

ਨੂਰ ਜੀ - ਸ਼ਿਰਨੀ ! ਤੇਰਾ ਸੋਹਣਾ ਬਰਫਾਨੀ ਪ੍ਰਭਾਵ ਵਰਗਾ ਰੂਪ ਮੇਰੇ ਜੀ ਦੀ ਖਾਤਰ ਬੱਸ ਕਾਫੀ ਹੈ, ਸਰੀਰ ਦੀਆਂ ਖਾਤਰਾਂ ਦੀ ਮੁੜ ਕਾਈ ਲੋੜ ਨਹੀਂ ਰਹਿ ਜਾਂਦੀ।

ਸ਼ਿਰਨੀ - ਨਹੀਂ ਜੀ; ਹੱਥ ਅੱਗ ਨਾ ਬਾਲੀ ਹੱਥ ਕਿਸ ਕੰਮ ? ਮੂੰਹ ਨੇ ਫੂਕਾਂ ਨਾ ਮਾਰੀਆਂ ਮੂੰਹ ਕਿਸ ਕੰਮ ? ਦਿਲ ਨਾਲ, ਚਾਅ ਨਾਲ, ਚਾਹ ਨਾ ਤਿਆਰ ਕੀਤੀ, ਪਿਆਲੇ ਵਿਚ ਇਕ ਗੀਤ ਨਾ ਭਰਿਆ, ਦਿਲ ਕਿਸ ਕੰਮ ? ਪੈਰਾਂ ਨਾਲ ਚੱਲ ਕੇ ਚਾਹ ਦੀ ਤਸ਼ਤਰੀ ਚੱਕੀ ਆਪ ਦੇ ਕਮਰੇ ਤੱਕ ਨਾ ਗਈ ਪੈਰ ਕਿਸ ਕੰਮ ? ਮੈਂ ਕਿਸ ਕੰਮ ? ਹਾਂ ਜੀ ਹਾਜ਼ਰ ਕਰਕੇ ਬੋਲੀ ਨਾ ਜ਼ੁਬਾਨ ਕਿਸ ਕੰਮ ? ਆਪ ਨੂੰ ਪੀਂਦਾ ਦੇਖ ਦੇਖ ਆਪਣੇ ਹੋਂਠਾਂ ਵਿਚ ਆਪ ਦੇ ਚਾਹ ਪੀਣ ਦੇ ਸਵਾਦ ਨੂੰ ਚਖਿਆ ਨਾ ਹੋਠ ਕਿਸ ਕੰਮ ? ਮੈਂ ਕਿਸ ਕੰਮ ? ਮੈਂ ਕਿਸ ਕੰਮ ? ਹਾਏ ! ਮੁੜ ਭੁਬਾਂ ਮਾਰ ਕੇ ਰੋਣ ਲਗ ਪਈ।

ਨੂਰ ਜੀ - ਸ਼ਿਰਨੀ ! ਚਾਹ ਪੀ ਲੈ, ਤੇਰੀ ਸਵਾਣੀ ਲਿਆਈ ਹੈ।

ਸ਼ਿਰਨੀ - ਸਵਾਣੀ ਜੀ, ਮੈਂ ਕਿਸ ਕੰਮ ?

ਸਵਾਣੀ - ਬੇਟਾ, ਸਭ ਕੰਮ ਤੂੰ ਹੀ ਕਰਨੇ ਹਨ।

ਸ਼ਿਰਨੀ - ਨਹੀਂ ਜੀ, ਮੈਂ ਅੱਜ ਚਾਹ ਵੀ ਨਹੀਂ ਬਣਾ ਸਕੀ।

ਸਵਾਣੀ - ਸ਼ਿਰਨੀ ਬੇਟਾ ਚਾਹ ਪੀ ਲੈ ! ਮਾਲਕ ਆਪ ਪਿਆਲਾ ਫੜਿਆ ਹੈ ਤੇ ਤੇਰੇ ਮੂੰਹ ਨਾਲ ਲਾ ਰਹੇ ਹਨ।

ਚਾਹ ਦਾ ਘੁਟ ਭਰ ਕੇ ਤੇ ਨੂਰ ਜੀ ਵਲ ਨੈਣ ਖੋਲ੍ਹ ਕੇ ਤਕ ਕੇ, ਹੋਠ ਰੋਣ ਵਾਲੇ ਬੱਚੇ ਜਿਹੇ ਬਣਾ ਕੇ, ਘੁਲੇ ਚਿਹਰੇ ਤੇ ਰੂਹ ਵਾਲੀ ਸ਼ਿਰਨੀ ਪੁਛਦੀ ਹੈ - "ਮਾਲਕ ! ਅੱਜ ਮੈਨੂੰ ਕੀ ਹੋਇਆ ਹੈ।"

ਨੂਰ ਜੀ – ਤੇਰੇ ਉਪਰ ਅੱਜ ਅੱਲਾ ਦੀ ਨਜ਼ਰ ਹੋਈ ਹੈ, ਤੂੰ ਅੱਜ ਰੱਬ ਪਾਸ ਉੱਚੀ ਬੈਠੀ ਹੈਂ।

ਸ਼ਿਰਨੀ – ਸਵਾਣੀ ਜੀ, ਤੁਸਾਂ ਚਾਹ ਪੀ ਲਈ ਹੈ।

ਸਵਾਣੀ – ਸ਼ਿਰਨੀਏਂ ! ਤੇਰੇ ਦੀਦਾਰ ਪੀਤੇ ਹਨ। ਅੱਜ ਦੀ ਚਾਹ ਦੀ ਕਾਈ ਲੋੜ ਨਹੀਂ , ਮੇਰੀ ਜਿੰਦ ਤੂੰ ਨਿੱਘੀ ਕੀਤੀ ਹੈ।

ਚਾਹ ਦਾ ਪਿਆਲਾ ਪੀ ਕੇ ਆਪਣੇ ਬਲ ਵਿਚ ਆ ਗਈ, ਹਰਨੋਟੀ ਵਾਂਗ ਇਕ ਛਾਲ ਮਾਰ ਸਵਾਣੀ ਦੇ ਗਲੇ ਜਾ ਲਗੀ ਤੇ ਠੰਢੇ ਸਾਹ ਲੈ ਕਹਿਣ ਲਗੀ – "ਸਵਾਣੀ ਜੀ ! ਤੂੰ ਮੇਰੀ ਮਾਂ, ਮੈਂ ਤੇਰੀ ਧੀ ਹਾਂ, ਹੁਣ ਗੁਲਾਮ ਨਹੀਂ।"

ਸਵਾਣੀ – ਸ਼ਿਰਨੀ ! ਤੂੰ ਗੁਲਾਮ ਕਦੀ ਵੀ ਨਹੀਂ ਸੀ, ਸਦਾ ਮੇਰੀ ਧੀ ਸੈਂ, ਤੈਨੂੰ ਦੱਸ ਖਾਂ ਕਦੀ ਕੋਈ ਖੇਚਲ ਮੈਂ ਥੀਂ ਪਹੁੰਚੀ ਹੈ ?

ਸ਼ਿਰਨੀ – ਨਹੀਂ ਜੀ, ਮੈਂ ਤਾਂ ਆਪ ਪਾਸ ਸਦਾ ਸੁਖੀ ਹਾਂ। ਮਾਵਾਂ ਧੀਆਂ ਨਾਲ ਕੇ ਕਰਦੀਆਂ ਹਨ ? ਵਿਆਹੀਆਂ ਜਾਣ ਤੇ ਲੋਕੀਂ ਉਹਨਾਂ ਨਾਲ ਹਿਸਾਬ ਕਰਦੇ ਹਨ, ਹਿਸਾਬ ਵਿਚ ਵਰਤਦੇ ਹਨ, ਉਹ ਬਗਾਨੀਆਂ ਹੋ ਜਾਂਦੀਆਂ ਹਨ। ਤੁਸੀਂ ਸਦਾ ਮੇਰੇ ਨਾਲ ਬੇ-ਹਿਸਾਬੀਆਂ ਲਾਡ ਮੁਰਾਦਾਂ ਕਰਦੇ ਹੋ !

ਤਿੰਨੇ ਅੰਦਰ ਦੇ ਕਮਰੇ ਵਲ ਗਏ। ਅੱਗੇ ਸ਼ਹੂਰੇ ਨੇ ਚਾਹ ਬਣਾ ਕੇ ਰਖੀ ਧਰੀ ਸੀ।

ਸਵਾਣੀ ਨੇ ਪਹਿਲਾਂ ਸ਼ਹੂਰੇ ਨੂੰ ਪੁਛਿਆ –

"ਕਿਉਂ ਬਈ ਤੂੰ ਚਾਹ ਪੀ ਲਈ ਹੈ ?"

"ਅੰਮਾ ਜੀ ! ਬਣੀ ਧਰੀ ਹੈ ?"

"ਹੱਛਾ ਜਾਓ ਪੀਓ, ਬੜੀ ਠੰਢ ਹੈ।"

ਸ਼ਹੂਰਾ ਕੁਛ ਘਬਰਾ ਜਿਹਾ ਗਿਆ, ਸ਼ਿਰਨੀ ਵਲ ਨੀਝ ਲਾ ਕੇ ਤਕਿਆ ਸੂ, ਸ਼ਿਰਨੀ ਹੱਸ ਪਈ ਤੇ ਉਸ ਨੂੰ ਹੱਸਦਾ ਦੇਖ ਸ਼ਹੂਰਾ ਆਪਣੇ ਕਮਰੇ ਵਿਚ ਚਾਹ ਪੀਣ ਚਲਾ ਗਿਆ।

ਕਾਂਡ ਦੂਜਾ

੧

ਏਸ਼ੀਆ ਦੇ ਸਾਰੇ ਸ਼ਹਿਰ ਇਕੋ ਜਿਹੇ ਹੁੰਦੇ ਹਨ, ਜਿਹਾ ਲਾਹੌਰ, ਜਿਹਾ ਪੀਕਿੰਗ, ਜਿਹਾ ਟੋਕੀਓ, ਤਿਹਾ ਬਗਦਾਦ। ਬਜ਼ਾਰ ਉਸੀ ਤਰ੍ਹਾਂ ਦੇ, ਖਰੀਦਾਰੀ ਉਸੀ ਤਰ੍ਹਾਂ ਦੀ, ਅਨੇਕਾਂ ਤਰ੍ਹਾਂ ਦੀਆਂ ਪੁਸ਼ਾਕਾਂ ਪਹਿਰਾਵੇ, ਕਈ ਬੋਲੀਆਂ, ਸਾਰਾ ਏਸ਼ੀਆ ਇਕੋ ਨੁਹਾਰ ਦਾ ਹੈ। ਇਹਦੇ ਮੁਲਕਾਂ ਦਾ ਜੀਵਨ, ਰੰਗ ਮਿਲਦਾ ਜੁਲਦਾ ਹੈ। ਕੋਹ ਯੂਰਾਲ ਥੀਂ ਪਰੇ ਜਾਂ ਕੋਹਕਾਫ ਦੀਆਂ ਉਚਾਈਆਂ ਟੱਪ ਕੇ ਫਰਕ ਪੈਂਦਾ ਹੈ ਤੇ ਇਕ ਦਮ ਵੱਡਾ ਫਰਕ ਪੈ ਜਾਂਦਾ ਹੈ। ਬਗਦਾਦ ਸ਼ਹਿਰ ਵਿਚ ਬਜ਼ਾਰ ਦੀ ਗਹਿਮਾ ਗਹਿਮ ਹੈ, ਬੱਦੂ ਅਰਬਾਂ ਦੇ ਊਠਾਂ ਦੇ ਕਾਫਲੇ ਇਕ ਥਾਂ ਉਤਰੇ ਸਨ, ਦੂਜੇ ਪਾਸੇ ਕਾਬਲੀ ਘੋੜਿਆਂ ਦਾ ਕਾਫਲਾ ਆਇਆ ਤੇ ਤੰਬੂ ਲਾਈ ਬੈਠਾ ਹੈ, ਬੜਾ ਭੀੜ ਭੜੱਕਾ ਹੈ, ਜ਼ਨਾਨੀਆਂ ਮਰਦ ਖੁਲ੍ਹੇ ਫਿਰ ਰਹੇ ਹਨ, ਕਈ ਖਰੀਦਾਰੀਆਂ ਹੋ ਰਹੀਆਂ ਹਨ। ਇਕ ਨੀਲੀ ਘੋੜੀ ਦਾ ਰੱਸਾ ਫੜਿਆ ਹੋਇਆ ਉਸ ਭੀੜ ਵਿਚ ਸਾਡੇ ਨੂਰ ਜੀ ਵੀ ਕਾਹਲੀ ਕਾਹਲੀ ਆ ਰਹੇ ਹਨ ਤੇ ਕੁਝ ਬੜੀ ਉਤਾਵਲੀ ਜਿਹੀ ਵਿਚ ਹਨ। ਤੰਬੂ ਪਿਛਾੜੇ ਘੋੜਾ ਬੰਨ੍ਹਦੇ ਦੌੜਦੇ ਸਾਹੋ ਸਾਹ ਹੋਏ ਮੁੜ ਬਾਹਰ ਵਲ ਆ ਰਹੇ ਹਨ। ਕਮਰ ਕੱਸਿਆ ਹੋਇਆ ਤੇ ਸਿਰ ਤੇ ਕੁੱਲਾ, ਨੀਲੀ ਲੁੰਗੀ ਪਾਈ ਹੈ ਪਰ ਨੈਣ ਸਰਸ਼ਾਰ, ਅਧ ਉੱਪਰ ਚੜ੍ਹੇ ਹੋਏ ਹਨ ਤੇ ਆਪ ਤੇਜ਼ ਕਦਮ ਕਰ ਉਥੇ ਗਏ ਹਨ, ਜਿਥੇ ਰੂਸੀ ਸੌਦਾਗਰ ਪੋਸਤੀਨਾ ਵੇਚ ਰਹੇ ਸਨ। ਘੰਟਾ ਭਰ ਆਪ ਪੋਸਤੀਨਾ ਸੰਬੂਰੀਆਂ ਦੇਖਦੇ ਰਹੇ, ਕਦੀ ਅਸਮਾਨਾਂ ਵਲ ਤੱਕਣ ਕਦੀ ਸੰਬੂਰੀਆਂ ਵਲ। ਬੜੀਆਂ ਬੜੀਆਂ ਵਧੀਆ ਚੀਜ਼ਾਂ ਤੱਕਣ, ਪਰ ਹੱਥ ਵਿਚ ਕੁਝ ਦੇਰ ਰਖ ਕੇ ਹੇਠਾਂ ਸੁਟ ਦੇਣ। ਰੂਸੀ ਸੌਦਾਗਰ ਹੈਰਾਨ ਹੁੰਦੇ ਸਨ ਕਿ ਇਹ ਕੀਹ ਕਰ ਰਿਹਾ ਹੈ। ਆਖਰ ਇਕ ਸੰਬੂਰੀ ਆਪ ਦੇ ਹੱਥਾਂ ਵਿਚੋਂ ਫੜੇ ਫੜੇ ਆਪ ਨਾ ਛੁਟੀ, ਹੱਥਾਂ ਵਿਚ ਦੇ ਅੰਦਰ ਇਕ ਕੜਾਕਾ ਜਿਹਾ ਵਜਿਆ, ਸੁਰਤਿ ਇਕਠੀ ਹੋਈ ਤੇ ਸਿਰ ਨੂੰ ਇਕ ਝੌਂਜੋੜਾ ਜਿਹਾ ਆਇਆ ਲੂੰਆਂ ਵਿਚ ਖੁਸ਼ੀ ਦਾ ਸੁਖ, ਠੰਢਾ ਸੁਖ ਹੋਇਆ।

"ਭਾਈ ! ਇਸ ਸੰਬੂਰੀ ਦਾ ਕੀ ਮੁੱਲ ਹੈ ?"

ਰੂਸੀ ਸੌਦਾਗਰ ਵੀ ਤਾੜ ਗਏ ਸਨ ਕਿ ਚੀਜ਼ ਜ਼ਰੂਰ ਬਹੁਮੁੱਲੀ ਹੋਊ। ਨੂਰ ਜੀ ਨੂੰ ਜਾਣਦੇ ਸਨ ਕਿ ਪੋਸਤੀਨਾਂ ਕਾਲੀਨਾਂ ਦਾ ਉਸ ਮੁਲਕ ਵਿਚ ਉਹੋ ਜਿਹਾ ਪਾਰਖੂ ਹੋਰ ਕੋਈ ਨਹੀਂ ਸੀ, ਉਹ ਅਦੁਤੀ ਰਸਿਕ ਗਿਆਤ ਵਾਲਾ ਬੰਦਾ ਸੀ, ਕੁਝ ਗੱਲ ਹੈ ਕਿ ਅਜ ਜਿਨ੍ਹਾਂ ਨੂੰ ਅਸੀਂ ਕੀਮਤੀ ਸਮਝਦੇ ਹਾਂ, ਇਸ ਪਾਰਖੀ ਨੇ ਸੁੱਟ ਪਾਈਆਂ ਹਨ ਤੇ ਇਕ ਇਹ ਪੋਸਤੀਨ ਪਸੰਦ ਕੀਤੀ ਹੈ। ਉਹਨਾਂ ਨੇ ਦਿਲ ਵਿਚ ਮੁੱਲ ਚੜ੍ਹਾਣ ਦੀ ਠਾਣ ਲਈ।

"ਜੀ, ਮੁੱਲ ਦੋ ਹਜ਼ਾਰ ਰੂਬਲ।"

"ਭਾਈ, ਬੜੀ ਸਸਤੀ ਹੈ, ਇਹ ਲਉ ਆਪਣਾ ਮੁੱਲ, ਪੋਸਤੀਨ ਮੇਰੀ ਹੋਈ।"

ਨੂਰ ਜੀ ਪੋਸਤੀਨ ਲੈ ਕੇ ਕੁਝ ਦੂਰ ਗਏ ਸਨ ਕਿ ਯਾਦ ਕੁਛ ਆਈ, ਮੁੜ ਪਰਤ ਆਏ ਤੇ ਕਹਿਣ ਲਗੇ – ਸਜਣੋ ! ਸਭ ਥੀਂ ਵਧੀਆ ਤੇ ਕੀਮਤੀ ਆਪ ਪਾਸ ਕਿਹੜੀ ਸੰਬੂਰੀ ਹੈ ?

ਰੂਸੀ ਸੌਦਾਗਰਾਂ ਨੇ ਆਪਣੀ ਜਾਚੇ ਜੋ ਵਧੀਆ ਸੀ ਉਹ ਪੇਸ਼ ਕੀਤੀ।

"ਅਛਾ, ਚੰਗੀ ਹੈ, ਕੀ ਮੁੱਲ ?"

"ਪੰਜ ਹਜ਼ਾਰ ਰੂਬਲ।"

"ਭਾਈ ਐਤਕੀ ਸੰਬੂਰੀਆਂ ਬੜੀਆਂ ਸਸਤੀਆਂ ਹਨ, ਇਹ ਲਓ ੫੦੦੦ ਰੂਬਲ।" ਦੋ ਸੰਬੂਰੀਆਂ ਲੈ ਕੇ ਆਪਣੇ ਤੰਬੂ ਵਿਚ ਆਏ। ਅਗੇ ਇਕ ਫ਼ਾਰਸੀ ਕਾਲੀਨ ਜਿਸ ਦੀ ਕੀਮਤ ੨੦੦੦੦ ਦੀਨਾਰ ਸੀ, ਲੈ ਕੇ ਰੱਖਿਆ ਹੋਇਆ ਸੀ, ਉਹ ਵੀ ਕੱਢਿਆ ਤੇ ਕਾਲੀਨ ਨੂੰ ਚੁੰਮਿਆ, ਫਿਰ ਪੋਸਤੀਨ ਨੂੰ ਚੁੰਮਿਆ, ਫਿਰ ਪੋਸਤੀਨ ਕਾਲੀਨ ਤੇ ਰੱਖੀ, ਫਿਰ ਦੋਹਾਂ ਨੂੰ ਚੁੰਮਿਆਂ, ਫਿਰ ਸਿਜਦਾ ਕੀਤਾ, ਫਿਰ ਬੰਧਾ, ਫਿਰ ਮਸਤਕ ਤੇ ਰੱਖਿਆ ਤੇ ਫਿਰ ਇਕ ਨਿੱਕਾ ਜਿਹਾ ਭਾਰ ਬਣਾਇਆ ਤੇ ਆਪਣੀ ਕਮਰ ਤੇ ਬੱਧਾ।

ਸਵਾਣੀ ਲਈ ਜਿਹੜੀ ਵਧੀਆ ਪੋਸਤੀਨ ਲਈ ਸੀ ਉਹ ਕੀਮਤੀ ਸਾਮਾਨ ਨਾਲ ਚਾਕਰਾਂ ਬੰਨ੍ਹ ਲਈ ਤੇ ਕਾਬਲੀ ਕਾਰਵਾਨ ਨੇ ਅਜ ਸ਼ਾਮ ਨੂੰ ਟੁਰਨਾ ਸੀ। ਝਟਪਟ ਸਾਮਾਨ ਬੰਨ੍ਹ ਲਿਆ ਤੇ ਚਾਕਰਾਂ ਨੂੰ ਕਹਿ ਕੇ ਕਿ ਮੈਂ ਪਹਿਲੀ ਮੰਜ਼ਲ ਤੇ ਸ਼ਾਮ ਤਕ ਅੱਪੜ ਪਵਾਂਗਾ ਤੁਸੀਂ ਕਾਫਲੇ ਨਾਲ ਚੱਲ ਪੈਣਾ, ਘੋੜੇ ਤੇ ਪਲਾਕੀ ਮਾਰ ਬਗਦਾਦ ਸ਼ਹਿਰ ਦੇ ਪੱਛਮ ਵਲ ਜੰਗਲ ਦੀ ਤਰਫ ਟੁਰ ਗਿਆ।

੨

ਘਨਾ ਜੰਗਲ ਹੈ, ਪਰ ਦਿਸਦਾ ਹੈ ਕਿ ਕੁਦਰਤ ਨੇ ਬਾਗ ਲਾਇਆ ਹੋਇਆ ਹੈ। ਅਗੇ ਪਿਛੇ ਤਾਂ ਰੇਗਸਤਾਨ ਹੈ, ਰੱਕੜ ਹੈ, ਨਾਲੇ ਪਹਾੜ ਵੀ ਹਨ, ਪਰ ਉਸ ਇਕ ਅੱਧ ਦੋ ਮੀਲ ਦੀ ਥਾਂ ਤੇ ਪਾਣੀ ਚਲ ਰਹੇ ਹਨ ਤੇ ਬੂਟੇ ਹਿਲ ਰਹੇ ਹਨ, ਸੁਗੰਧੀਆਂ ਮਹਿਕ ਰਹੀਆਂ ਹਨ ਤੇ ਇਕ ਉਹਲੇ ਥਾਂ ਤੇ ਇਕ ਸ਼ਿਲਾ ਹੈ, ਉਸ ਸ਼ਿਲਾ ਪਰ ਇਕ ਫੁੱਲਾਂ ਦੀ ਮਾਲਾ ਰਖੀ ਹੈ ਤੇ ਉਸ ਦੇ ਹੇਠ ਵਾਰ ਛੁਪੀ ਥਾਂ ਤੇ ਇਕ ਦਰਵੇਸ਼ ਸਫੈਦ ਰੀਸ਼ ਕੱਖਾਂ ਦੀ ਝੁੱਗੀ ਵਿਚ ਰਹਿੰਦੇ ਹਨ। ਉੱਚੇ, ਲੰਮੇ, ਪਤਲੇ, ਬਿਰਧ ਸ਼ਰੀਰ ਬੈਠੇ ਹਨ, ਚੁਪ ਹਨ, ਗੱਲ ਨਹੀਂ ਕਰਦੇ, ਪਰ ਮੱਥਾ ਹੱਸ ਰਿਹਾ ਹੈ। ਨੈਣਾਂ ਵਿਚ ਕੋਈ ਅਨਹਦ ਸ਼ਬਦ ਬੋਲ ਰਿਹਾ ਹੈ, ਹਥ ਕੁਛ ਕੰਬਦੇ ਹਨ, ਪਰ ਖੁਸ਼ੀ ਚਾਹ, ਉਮਾਹ, ਰੂਹ ਦਾ ਖੇੜਾ ਤੇ ਹਰਿਆਵਾਲ ਉਸ ਬਿਰਧ ਦਰਵੇਸ਼ ਦੇ ਦਿਲ ਵਿਚ ਵੈਸੀ ਹੀ ਸੀ ਜਿਸ ਤਰ੍ਹਾਂ ਉਹ ਰੇਗਿਸਤਾਨ ਦੇ ਚੁਗਿਰਦੇ ਵਿਚ ਉਹ ਹਰਾ ਭਰਾ ਫੁਲਾਂ ਫਲਾਂ ਵਾਲਾ ਅਦਭੁਤ ਬਾਗ਼ ਸੀ ਤੇ ਉਹ ਨਿਕਾ ਹਰਿਆ ਜੰਗਲ ਤੇ ਬਾਗ਼ ਫਕੀਰ ਸਾਈਂ ਦੇ ਦਿਲ ਦਾ ਬਾਹਰਲਾ ਚਿੰਨ੍ਹ ਸੀ। ਆਪ ਦੇ ਦਿਲ ਦੀ ਸੇਜਲ ਬਾਹਰ ਫੁੱਟੀ ਉਸ ਰੂਪ ਦੇ ਅੱਖਰਾਂ ਵਿਚ ਲਿਖ ਰਹੀ ਸੀ, ਆਪ ਦੀ ਸਫੈਦ ਲੰਮੀ ਦਾਹੜੀ ਜਿਵੇਂ ਬਰਫ ਦਾ ਝਰਨਾ ਵਹਿ ਰਿਹਾ ਸੀ, ਭਰਵੱਟੇ ਚਿਟੇ, ਪਲਕ ਚਿਟੇ, ਕੇਸ ਉਸ ਉਮਰ ਵਿਚ ਵੀ ਬੜੇ ਭਾਰੇ ਜੋ ਇਕ ਜੋਤੀ ਦੀਆਂ ਕਿਰਨਾਂ ਦੇ ਸਮੂਹ ਵਾਂਗ ਆਪ ਦੇ ਸਿਰ ਦੇ ਤਾਜ ਦਾ ਕੰਮ ਦੇ ਰਹੇ ਹਨ। ਭੇਤ ਵਾਲੀ ਗੱਲ ਤੇ ਰੂਹ ਦਾ ਕਮਾਲ ਸਾਈਂ ਜੀ ਦੇ ਨੈਣਾਂ ਵਿਚ ਸੀ ਜੋ ਆਪ ਸਦਾ ਛੁਪਾ ਕੇ ਰਖਦੇ ਸਨ, ਅੱਖਾਂ ਸਦਾ ਮੀਟੀਆਂ ਰਖਦੇ ਸਨ। ਬਗ਼ਦਾਦ ਵਾਲੀ ਸਾਰੀ ਵਲਾਇਤ ਆਪ ਦੇ ਅਦਬ ਵਿਚ ਸੀ, ਕੋਹ ਕਾਕੇਸ਼ੀਅਸ ਦੇ ਲੋਕ ਵਹੀਰਾਂ ਪਾ ਕੇ ਸਾਲ ਵਿਚ ਇਕ ਵੇਰ ਆਉਂਦੇ ਤੇ ਮੇਲਾ ਕਰਦੇ ਸਨ, ਜਗਿਆਸੂ ਸਦਾ ਆਉਂਦੇ ਸਨ, ਬਸ ਦਰਸ਼ਨ ਕਰਨਾ ਤੇ ਮੁੜ ਜਾਣਾ, ਪਰ ਆਪ ਦਾ ਮਹਿਰਮ ਬੰਦਾ ਆਪਣੇ ਅਸਲੀ ਰਾਜ਼ ਦਾ ਕੋਈ ਕੋਈ ਸੀ। ਜਦ ਕਦੀ ਉਹ 'ਹਰਿ ਜਨ' ਆਉਂਦੇ ਸਨ ਤਦ ਉਹਨਾਂ ਪਰ ਉਹ ਰਬ ਦਾ ਬੰਦਾ ਆਪਣੇ ਨੈਣ ਖੋਹਲ ਉਸ ਨੈਣਾਂ ਦੀ ਚੁਪ ਦੇ ਦਰਸ਼ਨ ਕਰਾਂਦਾ, ਆਪਣੀਆਂ ਨਦਰਾਂ ਦੇ ਵਜਨ ਕਰਦਾ ਸੀ। ਦਰਵੇਸ਼ ਕੌਣ ਸੀ ? ਇਹ ਦੀਨ-ਦੁਨੀ ਦੇ ਵਾਲੀ ਸਤਿਗੁਰੂ ਉਸ ਅਕਾਲ ਜੋਤ 'ਸਤਿਗੁਰੂ ਜਾਗਤਾ ਹੈ ਦੇਉ' ਨਾਨਕ ਨਿਰੰਕਾਰੀ ਜੀ ਦਾ ਸਿੱਖ ਸੀ। ਹਜ਼ੂਰ ਦੇ ਆਪਣੀ ਹੱਥੀਂ ਬਖਸ਼ਿਆ ਬੰਦਾ ਸੀ, ਪਰ ਇਹ ਗੱਲ ਵੀ ਉਹਦੇ ਮੂੰਹੋਂ ਅਜ ਤਕ ਕਿਸੀ ਨੇ ਨਹੀਂ ਸੁਣੀ ਸੀ, ਕੋਈ ਨਹੀਂ ਜਾਣਦਾ ਸੀ ਕਿ ਆਪ ਨੂੰ ਇਹ ਮਹਾਨਤਾ ਕਿਥੋਂ ਪ੍ਰਾਪਤ ਹੋਈ ? ਮੂੰਹ ਉੱਪਰ ਚੁੱਪ ਦੀ ਮੁਹਰ ਸੀ, ਦਿਲ

ਵਿਚ ਸੀ ਜੋ ਕੁਛ ਸੀ, ਹੁਕਮ ਵਿਚ ਚੁਪ ਸਨ, ਆਪ ਦਾ ਮੂੰਹ ਉਸ ਅੰਮ੍ਰਿਤ ਵਚਨ ਨਾਲ ਭਰਿਆ ਸੀ, ਆਪ ਬੋਲਦੇ ਨਹੀਂ ਸਨ, ਮਤੇ ਅੰਮ੍ਰਿਤ ਵੀਟ ਜਾਏ। ਆਪ ਦੇ ਨੈਣ ਉਸ ਇਲਾਹੀ ਦਰਸ਼ਨ ਨਾਲ ਭਰੇ ਹੋਏ ਸਨ, ਆਪ ਖੋਲ੍ਹਦੇ ਨਹੀਂ ਸਨ ਮਤੇ 'ਦੂਸਰਾ' ਦਿਸੇ ਤੇ ਓਸ ਪਿਆਰ ਦੇ ਦਰਸ਼ਨ ਉਹਲੇ ਹੋ ਜਾਣ ।

ਨੂਰ ਜੀ ਘੋੜਾ ਭਜਾਈ ਇਧਰ ਆ ਰਹੇ ਸਨ ਇਕ ਬ੍ਰਿਛ ਹੇਠ ਘੋੜੇ ਨੂੰ ਬੱਧਾ, ਪੈਰਾਂ ਥੀਂ ਜੋੜਾ ਲਾਹਿਆ ਤੇ ਨੰਗੇ ਪੈਰੀਂ ਨੈਣਾਂ ਵਿਚ ਅਥਰੂਆਂ ਦੀ ਮਾਲਾ ਫੜੀ ਸਾਈਂ ਲੋਕਾਂ ਵਲ ਜਾ ਰਹੇ ਹਨ। ਆਪ ਦਾ ਪਵਿਤਰ ਨਾਮ ਵੀ ਨੂਰ ਜੀ ਨੂੰ ਨਹੀਂ ਪਤਾ ਸੀ, ਨੂਰ ਜੀ ਨੂੰ ਬੱਸ ਆਪਣੇ ਆਪ ਦੀ ਖਬਰ ਸੀ। ਪਿੱਠ ਥੀਂ ਕਾਲੀਨ ਤੇ ਸੰਬੂਰੀ ਉਤਾਰ ਕੇ ਅੱਗੇ ਰਖੀਆਂ, ਬਿਰਧ ਦਰਵੇਸ਼ ਜੀ ਨੇ ਹਥ ਲਾਇਆ, ਆਪ ਨੇ ਉਸ ਕਾਲੀਨ ਨੂੰ ਚੁੰਮਿਆਂ, ਫਿਰ ਸੰਬੂਰੀ ਨੂੰ ਚੁੰਮਿਆਂ ਤੇ ਕਿੰਨੇ ਸਾਲ ਬਾਅਦ ਪਹਿਲਾ ਵਚਨ ਕੀਤਾ : "ਪਾਤਸ਼ਾਹਾਂ ਲਈ। ਆਪੇ ਪਹੁੰਚੇਗੇ, ਆਪੇ ਮੰਗਣਗੇ, ਆਪੇ ਦਰਸ਼ਨ ਦੇਣਗੇ।"

ਨੂਰ ਜੀ ਨੇ ਚਰਨਾਂ ਤੇ ਸੀਸ ਧਰਿਆ, ਕੰਬਦੇ ਬੁਢੇ ਝੁਰੜੀਆਂ ਪਏ ਹਥ ਦਰਵੇਸ਼ ਜੀ ਨੇ ਨੂਰ ਜੀ ਦੀ ਕੰਡੀ ਫੇਰੇ, ਤੇ ਫਿਰ ਵਚਨ ਹੋਇਆ "ਤੈਨੂੰ ਹੁਕਮ ਹੈ ਤੇਰੀ ਕੰਡੀ ਪਾਤਸ਼ਾਹ ਆਪ ਹਨ, ਜੋ ਕਹੇਂਗਾ ਸੋ ਪੂਰਾ ਹੋਵੇਗਾ, ਤੂੰ ਹੁਣ ਰਬ ਦਾ ਬਿਉਪਾਰੀ ਹੋਇਆ, ਤੇਰਾ ਸਾਡਾ ਬਿਉਪਾਰ ਚੱਲੇਗਾ।" ਕਿੰਨਾ ਚਿਰ ਲੰਘ ਗਿਆ, ਹੱਥ ਕੰਬਦਾ ਕੰਬਦਾ ਕੰਡੀ ਤੇ ਫਿਰ ਰਿਹਾ ਹੈ।

ਵਾਹ ਨੂਰ ਜੀ ! ਧੰਨ ਜਣਦੀ ਮਾਂ, ਜਗਿਆਸਾ ਆਪ ਦੀ ਪੂਰੀ ਹੋਈ ਨੂਰ ਜੀ ਉਠਿਆ, ਪਰ ਫਿਰ ਚਰਨਾਂ ਤੇ ਢਹਿ ਪਿਆ। ਜਿਵੇਂ ਸਵਾਣੀ ਦੀ ਹਾਲਤ ਨੂਰ ਜੀ ਨੂੰ ਮਿਲ ਕੇ ਹੋਈ ਸੀ, ਉਹੋ ਹਾਲਤ ਨੂਰ ਜੀ ਦੀ ਅਜ ਹੋ ਰਹੀ ਹੈ, ਉਠਦਾ ਹੈ ਤੇ ਮੁੜ ਮੁੜ ਡਿਗਦਾ ਹੈ। ਮੂੰਹ ਉਪਰ ਪ੍ਰਸ਼ਨ ਆਇਆ, ਕਹਿ ਨਹੀਂ ਸਕਦਾ, ਪਰ ਜਾਣੀ ਜਾਣ ਦਰਵੇਸ਼ ਮੁੜ ਬੋਲੇ :-

"ਨੂਰ ਜੀ ! ਇਹ ਭੇਤ ਸਚੇ ਸ਼ਹਿਨਸ਼ਾਹ ਆਪ ਖੋਹਲਣਗੇ ਘਬਰਾਓ ਨਹੀਂ !

ਫਿਰ ਉਹ ਕੰਬਦਾ ਹਥ ਦਰਵੇਸ਼ ਜੀ ਦਾ ਕੰਡ ਉਪਰ ਫਿਰਿਆ, ਦਾਤਾਂ ਦਾ ਕੀ ਅੰਤ ਸੀ ? ਬਖਸ਼ਿਸ਼ਾਂ ਦੇ ਦਰਿਆ ਉਹਨਾਂ ਹੱਥਾਂ ਵਿਚ ਚਲ ਰਹੇ ਸਨ।

ਨੂਰ ਜੀ ਉੱਠੇ, ਕੀ ਤਕਦੇ ਹਨ ? ਦਰਵੇਸ਼ ਜੀ ਦੇ ਸਾਰੀ ਉਮਰ ਦੇ ਬੰਦ ਹੋਏ ਨੈਣ ਸਾਫ ਤੇ ਸਾਰੇ ਖੁਲ੍ਹੇ ਉਹਨਾਂ ਵਲ ਨੀਝ ਲਾ ਤਕ ਰਹੇ ਹਨ, ਮੱਥੇ ਤੇ ਕਈ ਚੰਦਰਮਾ ਚਮਕਦੇ ਦਿੱਸੇ ਤੇ ਨੈਣਾਂ ਵਿਚ ਨਵੇਂ ਬਣੇ ਸੂਰਜਾਂ ਦਾ ਜਲਾਲ

ਸੀ, ਅੰਮ੍ਰਿਤਾ, ਰੂਪ ਧਾਰ ਉਸ ਬ੍ਰਿਧ ਦਰਵੇਸ਼ ਵਿਚ ਬੈਠੀ ਸੀ, ਸਾਰੇ ਗਗਨਾਂ ਦੇ ਸੂਰਜ ਇਉਂ ਜਾਪਦਾ ਸੀ ਕਿ ਉਹਨਾਂ ਦੇ ਨੈਣਾਂ ਪਿਛੇ ਦਗ ਦਗ ਕਰ ਰਹੇ ਹਨ, ਅਰ ਉਹ ਚਿਹਰਾ ਨੂਰ ਜੀ ਨੂੰ ਸ੍ਰਿਸ਼ਟੀ ਦਾ ਆਪਣਾ ਚਿਹਰਾ ਦਿਸਿਆ। ਨੂਰ ਜੀ ਬੇਹੋਸ਼ ਹੋ ਡਿੱਗੇ, ਧਾ ਚਰਨਾਂ ਤੇ ਡਿੱਗੇ। ਪਤਾ ਨਹੀਂ ਕਿੰਨਾ ਚਿਰ ਪਏ ਰਹੇ, ਬਸ ਦਰਵੇਸ਼ ਜੀ ਫਿਰ ਨੈਣ ਨਹੀਂ ਖੋਹਲੇ।

ਨੂਰ ਜੀ ਦਾ ਇਕ ਚਿਤ ਕਰੇ ਉਥੇ ਹੀ ਬੈਠ ਜਾਏ, ਪਰ ਹੁਕਮ ਹੋਇਆ ਸੀ : ਜਾਓ। ਭਲਾ ਜਾਣ ਵਿਚ ਹੀ ਸਮਝੋ ਮੇਲਾ ਸਰੀਰਾਂ ਵਿਚ ਤਾਂ ਹੁੰਦਾ ਹੀ ਨਹੀਂ, ਸੁਰਤਿ ਸੁਰਤਿ ਵਿਚ ਜਦ ਗਡੀਂਦੀ ਹੈ ਤਦ ਦਰਸ਼ਨ ਹੁੰਦਾ ਹੈ, ਮਿਲਾਪ ਵੀ ਹੁਦਾ ਹੈ; ਨਹੀਂ ਤਾਂ ਪੱਥਰ ਪਹਾੜ ਪਏ ਹੀ ਨਾ, ਜੰਗਲ ਦਰਿਆ ਵੱਸ ਹੀ ਰਹੇ ਹਨ, ਪਰ ਕੋਈ ਕੋਈ ਪੈਗੰਬਰ ਹੁੰਦਾ ਹੈ ? ਜਿਸਨੂੰ ਰਬ ਦਾ ਮੇਲਾ ਇਥੇ ਹੁੰਦਾ ਹੈ। ਦਰਵੇਸ਼ ਜੀ ਨਾਲ ਹੁਣ ਕੋਈ ਮਿਲਾਪ ਉਥੇ ਬੈਠੇ ਹੋਏ ਵੀ ਹੋਣਾ ਤਾਂ ਨਹੀਂ, ਮਿਲਾਪ ਤਾਂ ਆਪ ਦੀ ਮਿਹਰ ਵਿਚ ਸੀ, ਜਿਥੇ ਚਾਹੁਣ ਉਹਨਾਂ ਸੋਹਣਿਆਂ 'ਨੈਣਾਂ ਵਾਲਾ' ਮਿਲ ਸਕਦਾ ਹੈ, ਸੁਰਤਿ ਵਿਚ ਦਰਸ਼ਨ ਦੇ ਸਕਦਾ ਹੈ। ਕਾਲ ਅਰ ਅਕਾਸ਼ ਥਾਂ ਥਾਂ ਤੇ। ਸਮਾਂ ਇਹਨਾਂ ਲਈ ਕੁਝ ਨਹੀਂ ਉਹ ਤਾਂ ਸਰੀਰ ਵਿਚ ਬੈਠੇ ਵੀ ਸਮੇਂ ਅਰ ਥਾਂ, ਕਾਲ ਆਕਾਸ਼ ਥੀਂ ਉਤੇ ਰਹਿੰਦੇ ਹਨ। ਫਿਰ ਉਥੇ ਬੈਠਣਾ ਵੈਸਾ ਹੀ ਸੀ ਜਿਵੇਂ ਉਹਨਾਂ ਦੇ ਇਰਦ ਗਿਰਦ ਜਲ, ਪੰਛੀ, ਬਿਰਛ ਤੇ ਜਾਨਵਰ ਸਨ। ਮਿਲਾਪ, ਵਸਾਲ ਉਸ ਨਦਰ ਵਿਚ ਹੈ ਜੇਹੜੀ ਉਹਨਾਂ ਨੂਰ ਜੀ ਉੱਪਰ ਪਾਈ ਸੀ, ਉਹ ਨਦਰ। ਹਾਂ ਜੀ; ਰਬ ਦਾ ਨਾਮ ਗਾਉਂਦੀ ਨਦਰ ਤਾਂ ਸਦੀਆਂ ਬਾਅਦ ਕਿਸੀ ਵਿਰਲੇ ਭਾਗ ਵਾਲੇ ਤੇ ਪੈਂਦੀ ਹੈ, ਸੋ ਪੂਰਨ ਵੈਰਾਗ ਵਿਚ, ਪਰ ਜੁੜੀ ਅਵਸਥਾ ਵਿਚ, ਵਸਾਲ ਵਿਚ ਨੂਰ ਜੀ ਨੇ ਉਹਨਾਂ ਦੇ ਚਰਨਾਂ ਤੇ ਫਿਰ ਸੀਸ ਨਿਵਾਇਆ, ਪਰ ਹੁਣ ਨੂਰ ਜੀ ਦੇ ਆਪਣੇ ਦਿਲ ਦਾ ਚਾਅ ਸੀ। ਦਰਵੇਸ਼ ਜੀ ਨੇ ਕੋਈ ਉੱਤਰ ਨਾ ਦਿਤਾ, ਦੇਖਿਆ ਵੀ ਨਹੀਂ ਕਿ ਕੀ ਹੈ ? ਕੌਣ ਹੈ ? " "ਓਇ ਵੇਪਰਵਾਹ ਨਾ ਬੋਲਨੀ ਹਉ ਮਲਿਮਲਿ ਧੋਵਾ ਤਿਨ ਪਾਇ।" ਫਿਰ ਨੂਰ ਜੀ ਨੇ ਅਪਣਾ ਪੂਰਾ ਸਿਜਦਾ ਸਿਲਾ ਨੂੰ ਕੀਤਾ, ਘੜੀ ਦੋ ਘੜੀ ਅਜੀਬ ਇਕ ਹੋਰ ਰੰਗ, ਇਕ ਹੋਰ ਸਵਾਦ ਵਿਚ ਲੰਘੇ। ਸਿਰ, ਬਦਨ, ਰੂਹ ਨੂਰ ਜੀ ਹੌਲਾ ਫੁਲ ਹੋ ਗਿਆ, ਲੂੰਆਂ ਵਿਚ ਅੰਮ੍ਰਿਤ ਦੇ ਫੁਹਾਰੇ ਛੁਟ ਪਏ, ਧਰਤ ਅਕਾਸ਼ ਚਿੱਟੀ ਚੰਬੇਲੀ ਦੇ ਫੁਲਾਂ ਦੀ ਫੁਹਾਰ ਨਾਲ ਆਪ ਦੇ ਨੈਣਾਂ ਵਿਚ ਭਰ ਗਏ, ਇਉਂ ਸੁਗੰਧੀ ਨਾਲ ਘਿਰੇ, ਬਰਕਤ ਨਾਲ ਸਿੱਜੇ, ਰਬ ਨਾਲ ਜੁੜੇ, ਰੂਹ ਵਿਚ ਘੁਲੇ, ਆਪਣੀ ਘੋੜੀ ਨੀਲੀ ਤੇ ਚੜ੍ਹ ਕੇ ਆਪਣੇ ਕਾਫਲੇ ਨਾਲ ਪਹਿਲੀ ਮੰਜ਼ਲ ਤੇ ਜਾ ਮਿਲੇ।

੩

ਇਹ ਦਰਵੇਸ਼ ਪੂਰੇ ਭਾਂਡੇ ਸਿਮਰਨ ਵਾਲੇ ਸਿਖ ਫਕੀਰ ਸਨ, ਜਿਵੇਂ ਅਸੀਂ ਪਿੱਛੇ ਦਸ ਆਏ ਹਾਂ। ਕੋਹ ਕਾਫ ਤੱਕ ਦੇ ਲੋਕੀਂ ਆਪ ਪਾਸ ਦਰਸ਼ਨਾਂ ਨੂੰ ਆਉਂਦੇ ਸਨ, ਮਾਨਤਾ ਉਹਨਾਂ ਦੇ ਚੁਗਿਰਦੇ ਦੀ ਹੁੰਦੀ ਸੀ, ਉਹਨਾਂ ਦਾ ਮਿਲਾਪ ਆਮ ਨੂੰ ਨਸੀਬ ਨਹੀਂ ਸੀ, ਲੋਕਾਂ ਦੀਆਂ ਮਨਮਨੀਆਂ ਮੁਰਾਦਾਂ ਸੁਤੇ ਸਿਧ ਪੂਰੀਆਂ ਹੁੰਦੀਆਂ ਸਨ, ਆਪੇ ਰਿੰਨ੍ਹਦੇ ਤੇ ਆਪੇ ਪਕਾਂਦੇ ਸਨ, ਪਰ ਬਰਕਤ ਮਹਾਂਪੁਰਖਾਂ ਦੀ ਸੀ। ਇਹ ਗੱਲ ਲੋਕਾਂ ਦੇ ਤਜਰਬੇ ਵਿਚ ਆ ਚੁਕੀ ਸੀ, ਸਾਈਂ ਜੀ ਪਾਸ ਕੋਈ ਨਹੀਂ ਸੀ ਫਟਕਦਾ, ਪਰ 'ਗੁਰੂ ਕਾ ਲੰਗਰ' ਇਸ ਘਣੇ ਜੰਗਲ ਵਿੱਚ ਬੀ ਅਖੁੱਟ ਤੇ ਅਟੁੱਟ ਚਲਦਾ ਸੀ, ਜੋ ਆਵੇ ਸੋ ਪਰਸ਼ਾਦੇ ਛਕਦਾ ਸੀ। ਅਦਬ, ਪਿਆਰ, ਭਉ ਹਵਾ ਵਿਚ ਵੀ ਦਿਸ ਪੈਂਦਾ ਸੀ। ਆਪ ਦਾ ਪਵਿੱਤਰ ਨਾਮ 'ਸ਼ਾਹ ਬਹਿਲੋਲ' ਸੀ, ਪਰ ਲੋਕਾਂ ਨੂੰ ਪਤਾ ਨਹੀਂ ਸੀ 'ਸ਼ਾਹ ਜੀ' 'ਸ਼ਾਹ ਜੀ' ਯਾ 'ਦਰਗਾਹ' ਕਰਕੇ ਸਦਦੇ ਸੀ। ਅਜ ਤਕ ਉਹ ਸਿਲਾ ਬਗਦਾਦ ਵਿਚ ਸਾਂਭ ਕੇ ਰਖੀ ਹੋਈ ਹੈ। ਅਨੰਦ ਆਰਯਾ ਆਪਣੀਆਂ ਨਜ਼ਮਾਂ (ਸਨੇ ਬਰਡਜ਼ - ਮੈਕਲਿਨ) ਵਿਚ ਉਹਦਾ ਤਰਜਮਾ ਇਉਂ ਕਰਦਾ ਹੈ, ਇਹ ਆਪ ਦੀ ਅੰਗਰੇਜ਼ੀ ਨਸਰ-ਨਜ਼ਮ ਦਾ ਖੁਲ੍ਹਾ ਉਲਥਾ ਹੈ :-

> "ਬਗਦਾਦ ਨਗਰ ਦੇ ਬਾਹਰਵਾਰ ਇਕ ਮੰਦਰ ਵਿਚ ਇਕ ਅਰਬੀ ਵਿਚ ਉਕਰੇ ਕਤਬੇ ਨੂੰ ਪੜ੍ਹ ਕੇ ਇਹ ਕਵਿਤਾ ਲਿਖੀ, ਇਹ ਕਤਬਾ ੯੧੨ ਹਿਜਰੀ ਦਾ ਲਿਖਿਆ ਸੀ।"

ਇਸ ਪੱਥਰ ਦੀ ਸਾਦੀ ਸਿਲਾ ਤੇ ਆਣ ਤੁਸੀਂ ਬੈਠੇ ਹੋ ਗੁਰੂ ਨਾਨਕ ਪਿਆਰੇ !
ਭਾਰਤ ਦੇ ਪਾਕ ਪੁਤਰਾਂ ਦੇ ਤੁਸੀਂ ਪਾਤਸ਼ਾਹ ! ਤੇ ਉਸ ਵਿਦਿਆ ਪ੍ਰਕਾਸ਼ ਤੇ ਰਬ ਦੇ ਪੁਤਰਾਂ ਦੇ ਆਪਸ ਵਿਚ ਭਾਈਆਂ ਵਾਲੇ ਸੋਹਣੇ ਵਚਨ ਵਿਲਾਸ ਤੁਸਾਂ ਦੇ।
ਸੱਤ ਨਦੀਆਂ ਦੇ ਸੋਮਿਆਂ ਥੀਂ ਤੁਸਾਂ ਕਿਹੜਾ ਉਹ ਇਲਾਹੀ ਰਾਗ ਗਾਵਿਆ
ਜਿਸ ਨਾਲ ਈਰਾਨ ਸਾਰੇ ਦਾ ਰੂਹ ਰਜਾਇਆ ਆਪ ਨੇ !!
ਹਿਮਾਲੇ ਦੀਆਂ ਇਕਾਂਤ ਗੁਫਾਵਾਂ ਵਿਚੋਂ ਤੇ ਉਹਨਾਂ ਸੋਹਣਿਆਂ ਬਨਾਂ ਥੀਂ
ਉਹ ਕੇਹੜੀ ਸ਼ਾਂਤ ਮਗਲਤਾ ਤੁਸੀਂ ਬਗਦਾਦ ਦੇ ਗੁਲਾਬ ਦੇ ਅੰਗੂਰਾਂ ਦੇ ਬਾਗਾਂ ਵਿਚ ਆਪਣੇ ਨਾਲ ਆਣ ਵਸਾਈ ਆਪ ਨੇ !!

ਬਦਰੀ ਨਾਥ ਪਹਾੜ ਦੀ ਬਰਫਾਨੀ ਚੋਟੀ ਥੀਂ ਕਿਹੜਾ ਓਹ ਨੂਰ ਤੁਸੀਂ ਲਿਆਏ
ਜਿਸ ਨਾਲ ਛੂਹ ਕੇ ਆਪ ਨੇ ਆਪਣੇ ਫਕੀਰ ਰੂਹ ਈਰਾਨੀ ਸਿੱਖ ਸ਼ਾਹ
ਬਹਿਲੋਲ ਦੇ ਦਿਲ ਨੂੰ ਪ੍ਰਕਾਸ਼ਿਆ !!
ਬਹਿਲੋਲ ਸ਼ਾਹ ਹਜ਼ੂਰ ਦਾ ਸਿੱਖ ਹੋਇਆ,
ਅੱਠ ਪੱਖ ਪੂਰੇ, ਜੀਵਨ ਰੰਗ, ਰਾਹ ਤੇ ਹਮੇਸ਼ ਦੀ ਬਸੰਤ ਵਾਲੇ ਆਪ
ਦੇ ਸ਼ੁਭ ਬਚਨ ਸੁਣੇ ਬਹਿਲੋਲ ਨੇ,
ਤੇ ਸੁਣ ਸੁਣ ਬਹਿਲੋਲ ਦੇ ਰੂਹ ਨਾਲ ਅਨਾਰਾਂ ਦੇ ਬਾਗਾਂ ਵਿਚ ਮਰ
ਗਈਆਂ ਕੌਮਾਂ ਦੇ ਘਾਹ ਉੱਗੇ ਕਬਰਾਂ ਦੇ ਬੀਆਬਾਨ
ਕੋਲ । ਚੰਦ ਪੂਰਨਮਾ ਨੂੰ ਖਿੜਦਾ ਤੇ ਹੱਸਦਾ ਸੀ।
ਪਰ ਜਦ ਆਪ ਬਹਿਲੋਲ ਥੀਂ ਵਿਦਾ ਹੋ ਗਏ ਭਾਰਤ ਵਰਸ਼ ਨੂੰ,
ਉਹ ਫਕੀਰ ਆਪ ਦਾ, ਇਹ ਲੋਕੀਂ ਆਖਦੇ, ਨਾ ਕਿਸੀ ਹੋਰ ਨਾਲ
ਬੋਲਦਾ, ਤੇ ਨਾ ਬੰਦੇ, ਨਾ ਫਰਿਸ਼ਤੇ ਕਿਸੀ ਦੀ ਗੱਲ ਨੂੰ
ਸੁਣਦਾ ਅਚਾਹ ਉਹ !
ਉਸ ਫ਼ਕੀਰ ਆਪ ਦੇ ਦੀ ਖ਼ੁਸ਼ਬੂ ਫੈਲੀ ਸਾਰੇ ਈਰਾਨ ਵਿਚ
ਸ਼ਾਹ ਮੁਲਕ ਈਰਾਨ ਦਾ ਆਇਆ ਆਪਣਾ ਸਲਾਮ ਕਰਨ,
ਪਰ ਉਹ ਪਾਕ ਬੰਦਾ ਤੇਰਾ ਬਦਾਸ਼ਾਹਾਂ ਤੇ ਵਜੀਰਾਂ ਥੀਂ ਨਾ ਸੁਣਦਾ
ਆਪਣੀ ਸਿਫ਼ਤ ਉਹ, ਨਾ ਉਨ੍ਹਾਂ ਦੇ ਖਜ਼ਾਨਿਆਂ ਥੀਂ ਕੁਛ
ਮਨਜ਼ੂਰ ਕਰਦਾ ਬੇਪ੍ਰਵਾਹ ਉਹ !
ਇਉਂ ਜੀਵਨ ਕੱਟਿਆ ਹਜ਼ੂਰ ਦੇ ਫ਼ਕੀਰ ਨੇ, ਇਕੱਲਿਆਂ, ਏਕਾਤ
ਵਿਚ, ਮਗਨ ਜੁੜਿਆਂ ਧਿਆਨ ਵਿਚ ਤੇ ਹਜ਼ੂਰ ਦੀ ਭਗਤੀ
ਦੇ ਰੰਗ ਵਿਚ ਉਹ ਖਿੜਿਆ ਫੁਲ ਹਮੇਸ਼ ਦਾ।
ਤੇ ਜਿਸ ਸਿਲਾ ਨੂੰ ਹਜ਼ੂਰ ਦੇ ਚਰਨ ਛੋਹੇ ਬੱਸ ਉਸ ਸਿਲਾ ਦੇ ਅੱਗੇ
ਬੈਠਾ ਹੱਥ ਜੋੜ ਕੇ ਪੂਰੇ ਸੱਠ ਸਿਆਲੇ ਬਹਿਲੋਲ ਸ਼ਾਹ ਫ਼ਕੀਰ
ਆਪ ਦਾ,
ਤੇ ਇਸ ਮਣ੍ਹੋਲੀ ਨੂੰ ਛੱਡਣ ਥੀਂ ਪਹਿਲਾਂ ਉਸ ਲਿਖੇ ਇਹ ਲਵਜ
ਉਸ ਪੱਥਰ ਪਾਕ ਦੇ ਉੱਤੇ, :- "ਇਥੇ ਹਿੰਦੂ ਗੁਰੂ ਨਾਨਕ ਨੇ
ਫ਼ਕੀਰ ਬਹਿਲੋਲ ਨਾਲ ਵਚਨ ਵਿਲਾਸ ਕੀਤੇ।"
ਤੇ ਇਥੇ, ਜਦ ਥੀਂ ਗੁਰੂ ਜੀ ਟੁਰ ਗਏ ਈਰਾਨ ਥੀਂ, ਇਨ੍ਹਾਂ ਸੱਠ
ਸਿਆਲਿਆਂ ਲਈ ਬਹਿਲੋਲ ਦੇ ਰੂਹ ਨੇ ਮਾਲਕ ਦੇ ਸ਼ਬਦ
ਵਿਚ ਧਿਆਨ ਕੀਤਾ

ਜਿਵੇਂ ਪ੍ਰਭਾਤ ਚਮਕ ਪਾਏ ਸ਼ਹਿਤ-ਭਰੇ ਗੁਲਾਬ ਉਤੇ ਇਕ ਸ਼ਹਿਤ ਦੀ ਮੱਖੀ ਬੈਠੇ ਅਡੋਲ ਰਸ ਚੂਪਦੀ।"

ਨੂਰ ਜੀ ਸ਼ਾਹ ਜੀ ਪਾਸ ੧੦ ਸਾਲ ਥੀਂ ਆਉਂਦੇ ਸਨ, ਪਰ ਪੰਜ ਫੇਰੇ ਅਗੇ ਪਾ ਚੁਕੇ ਸਨ। ਦੋ ਸਾਲ ਮਗਰੋਂ ਐਤਕੀ ਫਿਰ ਆਏ ਸਨ ਤੇ ਅਜ ਛੇਵਾਂ ਫੇਰਾ ਸੀ। ਪੰਜਵੇਂ ਫੇਰੇ ਆਪ ਦੀ ਕੰਡੀ ਹੱਥ ਫਿਰਿਆ ਸੀ, ਬਰਕਤ ਪ੍ਰਾਪਤ ਹੋਈ ਸੀ। ਐਤਕੀ ਆਪ ਨੂੰ ਆਗਿਆ ਮਿਲੀ ਸੀ। ਬਾਰਾਂ ਸਾਲ ਵਿਚ ਇਸ ਵਾਰੀ ਪਹਿਲੀ ਵੇਰੀ ਤੇ ਆਖ਼ਰੀ ਵੇਰੀ ਨੈਣ ਖੋਲ੍ਹ ਕੇ ਸਾਈਂ ਲੋਕਾਂ ਦੀ ਨਿਹਾਲੀ 'ਨਦਰ' ਇਕ ਵੇਰੀ ਬੱਸ ਅਜ ਹੀ ਪਈ ਸੀ।

ਆਪ ਦੇ ਘਰ ਇਸ ਥੀਂ ਦੋ ਸਾਲ ਪਹਿਲਾਂ ਜੋ ਵਟਾਉ ਤੇ ਇਕਬਾਲ ਆਇਆ ਸੀ ਉਹ ਸਾਈਂ ਲੋਕਾਂ ਦੀ ਛੁਹ ਤੇ ਅਸੀਸ ਤੇ ਅਰਦਾਸ ਦਾ ਨਤੀਜਾ ਸੀ :-

ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ ਮਾਣਸ ਮਾਣਸ ਜਨਮੁ ਸੰਜੋਗਿ ਪਾਇਆ।। ਤਾਕੀ ਹੈ ਓਟ ਸਾਧ ਰਾਖਹੁ ਦੇਕਰਿ ਹਾਥ ਕਰਿ ਕਿਰਪਾ ਮੇਲਹੁ ਹਰਿ ਰਾਇਆ ॥ ੧ ॥ ਅਨਿਕ ਜਨਮ ਭ੍ਰਮਿ ਥਿਤਿ ਨਹੀਂ ਪਾਈ॥ ਕਰਹੁ ਸੇਵਾ ਗੁਰ ਲਾਗਉ ਚਰਨ ਗੋਵਿੰਦ ਜੀ ਕਾ ਮਾਰਗੁ ਦੇਹ ਜੀ ਬਤਾਈ ॥ ੧ ॥ ਰਹਾਉ ॥ ਅਨਿਕ ਉਪਾਵ ਕਰਉ ਮਾਇਆ ਕਉ ਬਚਿਤਿ ਧਰਉ ਮੇਰੀ ਮੇਰੀ ਕਰਤ ਸਦਹੀ ਵਿਹਾਵੈ॥ ਕੋਈ ਐਸੋ ਰੈ ਭੇਟੈ ਸੰਤੁ ਮੇਰੀ ਲਾਹੈ ਸਗਲ ਚਿੰਤ ਠਾਕੁਰ ਸਿਉ ਮੇਰਾ ਰੰਗੁ ਲਾਵੈ॥ ੨ ॥ ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ॥ ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ ॥ ੩ ॥ ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ॥ ਕਦੀ ਪਾਵਉ ਸਾਧ ਸੰਗੁ ਹਰਿ ਸਦਾ ਆਨੰਦੁ ਗਿਆਨ ਅੰਜਨਿ ਮੇਰੋ ਮਨੁ ਇਨਸਾਨੈ॥ ੪ ॥ ਸਗਲ ਆਸ੍ਰਮ ਕੀਨੇ ਮਨੂਆ ਨਹ ਪਤੀਨੇ ਬਿਬੇਕ ਹੀਨ ਦੇਹੀ ਧੋਏ॥ ਕੋਈ ਪਾਈਐ ਰੈ ਪੁਰਖੁ ਬਿਧਾਤਾ ਪਾਰਬ੍ਰਹਮ ਕੈ ਰੰਗਿ ਰਾਤਾ ਮੇਰੇ ਮਨ ਕੀ ਦੁਰਮਤਿ ਮਲੁ ਖੋਏ ॥ ੫ ॥ ਕਰਮ ਧਰਮ ਜੁਗਤਾ ਨਿਮਖ ਨ ਹੇਤੁ ਕਰਤਾ ਗਰਬਿ ਗਰਬਿ ਪੜੈ ਕਹੀ ਨ ਲੇਖੈ॥ ਜਿਸੁ ਭੇਟੀਐ ਸਫਲ ਮੂਰਤਿ ਕਰੈ ਸਦਾ ਕੀਰਤਿ ਗੁਰਪਰਸਾਦਿ ਕੋਊ ਨੇਤ੍ਰਹੁ ਪੇਖੈ ॥ ੬ ॥ ਮਨ ਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ ਬਗੁਲ ਜਿਉਂ ਧਿਆਨੁ ਲਾਵੈ ਮਾਇਆ ਰੇ ਧਾਰੀ॥ ਕੋਈ ਐਸੋ ਰੇ ਸੁਖਹਦਾਈ ਪ੍ਰਭ ਕੀ ਕਥਾ ਸੁਨਾਈ ਤਿਸੁ

ਭੇਟੇ ਗਤਿ ਹੋਈ ਹਮਾਰੀ ॥ ੭ ॥ ਸੁਪ੍ਰਸੰਨ ਗੋਪਾਲ ਰਾਇ ਕਾਟੈ ਰੇ ਬੰਧਨ ਮਾਇ ਗੁਰ ਕੈ ਸਬਦਿ ਮੇਰਾ ਮਨੁ ਰਾਤਾ॥ ਸਦਾ ਸਦਾ ਆਨੰਦੁ ਭੇਟਿਓ ਨਿਰਭੈ ਗੋਬਿੰਦ ਸੁਖ ਨਾਨਕ ਲਾਧੇ ਹਰਿ ਚਰਨ ਪਰਾਤਾ ॥ ੮ ॥ ਸਫਲ ਸਫਲ ਭਈ ਸਫਲ ਜਾਤ੍ਰਾ॥ ਆਵਣ ਜਾਣ ਰਹੇ ਮਿਲੇ ਸਾਧਾ ॥ ੧ ॥ ਰਹਾਉ ਦੂਜਾ ॥ ੧ ॥ ੩ ॥

(ਜਨਾਸਰੀ ਮ: ੫)

4

ਠੀਕ ਪ੍ਰਹਿਲਾਦ ਜੀ ਅੱਗ ਵਿਚ ਬਹਿ ਕੇ ਠੰਢੇ ਠਾਰ ਰਹੇ ਹੋਣੇ ਹਨ, ਜਰੂਰ 'ਚਉਗਿਰਦ ਹਮਾਰੇ ਰਾਮਕਾਰ ਦੁਖੁ ਲਗੈ ਨ ਭਾਈ।' ਸੰਸਾਰ ਸੜ ਰਿਹਾ ਹੈ, ਅੱਗ ਦੇ ਸ਼ੁਅਲੇ ਉਠ ਰਹੇ ਹਨ। ਜਿਨ੍ਹਾਂ ਨੂੰ ਸਾਈਂ ਦੇ ਪਦਾਰਥ ਵੱਲੋਂ ਸੁਖ ਬਖ਼ਸ਼ਿਆ ਹੈ ਉਹ 'ਈਰਖਾ', ਦਵੈਖ' 'ਗਿਣਤੀ' 'ਹਿਸਾਬ' ਸ਼ੰਕੇ' ਆਦਿ ਅੰਦਰ ਦੇ ਭਾਂਬੜਾਂ ਨਾਲ ਜਲ ਰਹੇ ਹਨ। ਬੇਯਕੀਨੀ, ਬੇਸਿਦਕੀ ਦੀ ਧਾਮਰਤਾ ਰੂਹ ਨੂੰ ਚੁੰਮਟੀ ਹੋਈ ਹੈ, ਜੜ੍ਹਾਂ ਜ਼ਮੀਨ ਵਿਚੋਂ ਉਖੜ ਕੇ ਬਾਹਰ ਆ ਸੁੱਕ ਗਈਆਂ ਹਨ, ਤੇ ਬਾਲਣ ਬਣ ਚੁੱਕੇ ਹਨ, ਰੇਸ਼ਮ ਤਨ ਤੇ ਖੜਕਦੇ ਹਨ, ਪਰ ਇਹ ਖੜਾਕ ਸੁੱਕੇ ਪੱਤਰਾਂ ਦਾ ਹੈ ਤੇ ਜਿਹੜੇ 'ਅੰਨ' 'ਬਸਤਰ' ਦੇ ਦੁੱਖਾਂ ਵਿਚ ਹਨ ਉਹਨਾਂ ਨੂੰ 'ਭੁਖ' 'ਤਰੇਹ' 'ਨੰਗਾਪਨ' 'ਦਰਿਦਰਤਾ' 'ਰੋਗ ਕਸ਼ਟ' ਆਦਿ ਸਤਾ ਰਹੇ ਹਨ। ਗਰੀਬੀ ਦੀਆਂ ਮਾਰਾਂ ਨੇ ਲਕ ਤੋੜ ਸੁੱਟੇ ਹਨ, ਮਨ ਟੁਟੇ ਪਏ ਹਨ। ਸੰਸਾਰ' ਤੱਤਾ, ਜੀਵਨ' 'ਤਤਾ ਜੀਵਨ ਖੇਤਰ ਤਤਾ' 'ਬਾਹਰ-ਮੁਖੀ' 'ਮਨਮੁਖੀ ਬ੍ਰਿਤੀਆਂ' ਤਤੀਆਂ, 'ਕਾਮ' ਤਤਾ ਅਗ, 'ਕ੍ਰੋਧ' ਤਤਾ ਅਗ, 'ਲੋਭ' ਤਤਾ ਅਗ, 'ਮੋਹ' ਤਤਾ ਅਗ 'ਤ੍ਰਿਸ਼ਨਾ' ਤਤੀ ਅਗ, 'ਭੁਖ' ਤਤੀ ਅਗ, ਅਮੀਰੀ' ਨਿਰਾ ਭਾਂਬੜ, 'ਗਰੀਬੀ' ਤਤੀ, 'ਮਨ' ਤਤਾ, ਮਨਮੁਖਾਂ ਟੁੱਟਿਆਂ ਸੁੱਕਿਆਂ ਦਾ 'ਪਿਆਰ' ਤਤਾ, ਹਾਇ ! ਹਰ ਪਾਸੇ ਅਗ ਹੀ ਅਗ, ਬਾਹਰ ਵੀ ਅਗ, 'ਦੀਨ' ਵੀ ਅਗ, 'ਦੁਨੀਆਂ' ਵੀ ਅਗ ਵਿਚ ਬੈਠਾ ਰਬ ਦਾ ਪਿਆਰਾ ਪ੍ਰਹਿਲਾਦ ! ਮਨ ਠੰਢਾ, ਚਿਤ ਠੰਢਾ, ਜੀਭ ਠੰਢੀ, ਦਿਲ ਠੰਢਾ, ਤ੍ਰਿਸ਼ਨਾ ਰਹਿਤ ਦਿਲ ਹਰਾ ਭੱਰਾ ਜੜ੍ਹਾਂ ਰੱਬ ਵਿਚ ਗਡੀਆਂ, ਬੇਮਲੂਮ ਗਡੀਆਂ, ਸੁਰਤ ਇਕ ਥਾਂ ਕਠੀ ਹੋਈ, ਲੂੰਆਂ ਵਿਚੋਂ ਅੰਮ੍ਰਿਤ ਵਰ ਰਿਹਾ ਹੈ, ਅੱਗ ਵੀ ਪਰਨਾਮ ਕਰ ਰਹੀ ਹੈ। ਰੱਬ ਦਾ ਭਗਤ ਬੈਠਾ ਹੈ, ਬਸ ਕੇਵਲ ਰੱਬ ਦਾ ਪਿਆਰ ਠੰਢਾ ਹੈ। ਰੱਬ ਦਾ ਨਾਮ ਖੁਨਕ ਹੈ, 'ਖੁਨਕ ਨਾਮੁ ਖੁਦਾਇਆ'। ਉਸ ਨਾਲ ਲਗ ਕੇ ਆਦਮੀ ਦਾ ਬਚਾ

ਠੰਢ ਪਾਂਦਾ ਹੈ, ਸੱਚਾ ਸੁਖ ਪਾਂਦਾ ਹੈ, ਰੂਹ ਠੰਢਾ ਹੁੰਦਾ ਹੈ। ਚਿਤ ਭਟਕਣ ਥੀਂ ਛੁੱਟ ਠੰਢਾ ਹੁੰਦਾ ਹੈ, ਰੱਬ ਦੀ ਮੇਹਰ ਬਚਾਉਂਦੀ ਹੈ, 'ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ।'

ਮਖਲੂਕ ਇਕ ਠੰਢ ਨੂੰ ਟੋਲ ਰਹੀ ਹੈ, ਕੁਦਰਤ ਟੋਲ ਰਹੀ ਹੈ ਤਦ ਹੀ ਤਾਂ ਮਨੁੱਖਾਂ ਦਾ ਜਾਮਾ ਘੜ ਰਹੀ ਹੈ। ਮਾਂ ਜਦ ਵਿਛੁੜੇ ਬੱਚੇ ਨੂੰ ਮਿਲਦੀ ਹੈ ਤਾਂ ਗਲਵਕੜੀ ਪਾਂਦੀ, ਤਦ ਛਿਨ ਦੇ ਛਿਨ ਲਈ ਇਸ ਅੰਮ੍ਰਿਤ ਠੰਢ ਦਾ ਡਾਂਵਲਾ ਵੱਜਦਾ ਹੈ। ਤਦ ਆਦਮੀ ਦੀ ਇਛਾ, ਤੀਬਰ ਇਛਾ, ਕਾਮ, ਕ੍ਰੋਧ; ਲੋਭ, ਮੋਹ, ਅਹੰਕਾਰ ਦੇ ਵਸ ਆਈ ਫਲਦੀ ਹੈ ਤਾਂ ਫਲੀਭੂਤ ਹੋਣ ਦੇ ਉਸ ਛਿਨ ਲਈ ਇਸੀ ਠੰਢ ਦਾ ਝਲਕਾ ਵੱਜਦਾ ਹੈ। ਭੁੱਖੇ ਨੂੰ ਜਦ ਰੋਟੀ ਦਾ ਟੁਕੜਾ ਮਿਲਦਾ ਹੈ ਤਾਂ ਨੈਣਾਂ ਵਿਚ ਇਕ ਸੁਖ ਆਉਂਦਾ ਹੈ, ਉਹ ਇਸੀ ਸੁਖ ਦਾ ਪ੍ਰਤੀਬਿੰਬ ਹੈ। ਤ੍ਰਿਖਾਵੰਤ ਨੂੰ ਜਦ ਜਲ ਮਿਲੇ ਤਦ ਇਸੀ ਹਾਲਤ ਦਾ ਬਿਜਲਈ ਲਿਸ਼ਕਾਰਾ ਹੁੰਦਾ ਹੈ। ਦੀਨ ਅਰ ਦੁਨੀਆਂ ਇਸ 'ਆਤਮ-ਠੰਢ' ਨੂੰ ਟੋਲਦੇ ਹਨ, ਇਸ 'ਨਾਮ ਖੁਨਕੀ' ਦੀ ਅਮਰ ਅਮਿਟ, ਅਟਲ, ਲਾਲਸਾ ਵਿਚ ਹਨ, ਇਹ ਲਾਲਸਾ ਸ੍ਰਿਸ਼ਟੀ ਦੀ ਬਨਾਵਟ ਵਿਚ ਹੈ, ਮਿਟ ਨਹੀਂ ਸਕਦੀ। ਠੰਢ ਕਿਸ ਤਰ੍ਹਾਂ ਪਵੇ ? ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਜਦ ਤਕ ਮਨ ਚਿਤ, ਬੁਧੀ ਅੰਦਰ ਦੀ ਬ੍ਰਿਤੀ ਰੂਹ ਵਿਚ ਵਸਦੇ ਹੋਣ। ਏਹ ਆਦਮੀ ਦੇ ਦੁਸ਼ਮਨ ਹਨ। ਰੂਹ ਠੰਡਾ ਹੋ ਜਾਵੇ, ਸੁਰਤਿ ਦੀਆਂ ਨਿੱਕੀਆਂ ਨਿੱਕੀਆਂ ਵਾਲੋਂ ਬਰੀਕ ਕਿਰਨਾਂ ਵਾਂਗ ਪਤਲੀਆਂ ਸੂਖਮ ਜੜਾਂ 'ਨਿਰੰਕਾਰ-ਕਰਤਾਰ' ਅਕਾਲ ਵਿਚ ਕਿਵੇਂ ਨਾ ਕਿਵੇਂ ਗਡੀਜ ਜਾਣ ਤਾਂ ਇਹੋ ਮਨੁਖਤਾ ਦੇ ਸੁਹਣੇ ਗਹਿਣੇ ਹਨ, ਬਸਤਰ ਹਨ, ਹਥਿਆਰ ਹਨ, ਚਾਕਰ ਤੇ ਸਾਹਿਬ ਹਨ। ਨਹੀਂ ਤਾਂ ਅੱਗ ਦੀਆਂ ਲਾਟਾਂ ਹਨ। ਆਦਮੀ ਦੇ ਅੰਦਰਲੇ ਸਾਰੇ ਰੰਗ ਦੁਖ ਦੀ ਅੱਗ ਇਨ੍ਹਾਂ ਪੰਜਾਂ ਨੇ ਬਾਲੀ ਹੋਈ ਹੈ। ਬਹੁ ਕਰਕੇ ਸਭ ਸੰਸਾਰ ਦੇ ਦੁਖ ਇਨ੍ਹਾਂ ਦਾ ਮਚਾਇਆ ਭੜਥੂ ਹੈ। ਇਨ੍ਹਾਂ ਦੀ ਚਾਕਰੀ ਵਿਚ ਤੇ ਉਹ ਸੁਖ ਹੈ ਨਹੀਂ ਜੋ ਸ਼ਾਹ ਬਹਿਲਸਲ ਜੈਸੇ ਸਿਮਰਨ ਵਾਲੇ ਸਾਧੂ ਦੇ ਹੱਥ ਦੀ ਛੁਹ ਵਿਚ ਹੈ। ਉਹ ਠੰਡ ਪੈਂਦੀ ਨਹੀਂ, ਜਿਸ ਨੂੰ ਛਾਤੀ ਵਿਚ ਰੱਖ ਕੇ ਪ੍ਰਹਿਲਾਦ ਅੱਗ ਵਿਚ ਬਹਿ ਸਕਦਾ ਸੀ ਤੇ ਤੱਤੇ ਥੰਮ੍ਹ ਨੂੰ ਜੱਫੀ ਪਾ ਸਕਦਾ ਸੀ। ਠੰਡ ਵਿਚ ਸਿਦਕ ਆਉਂਦਾ ਹੈ, ਅੱਗ ਵਿਚ ਕੀ ਸਿਦਕ ? ਕੀ ਈਮਾਨ ? ਸੋ ਸੰਸਾਰ ਜਲਦਾ ਆਪਣੀ ਬਲੀ ਅੱਗ ਬੁਝਾਣ ਨੂੰ ਦੀਨਾ, ਮਜ਼ਬਾਂ ਵਲ ਦੌੜਿਆ। ਇਹ ਉਥੇ ਵੀ ਜਾ ਸੜਦੇ ਹਨ, ਮਜ਼ਬਾਂ ਨੂੰ ਵੀ ਇਨ੍ਹਾਂ ਨੇ ਅੱਗ ਲਾ ਦਿਤੀ, ਉਹ ਅੰਦਰ ਜੋ ਅੱਗ ਲਗੀ ਸੀ ਜਿਥੇ ਗਿਆ ਉਥੇ ਹੋਰ ਵੱਧੀ, ਸਾੜ ਬੁਝੀ ਨਾ, ਠੰਡ ਪਈ ਨਾ, ਉਹ ਠੰਡ ਕਿਥੇ ਹੈ ? ਭਰਮਾਂ, ਵਹਿਮਾ, ਮਜ਼ਹਬਾਂ ਦੇ ਫਸਾਦਾਂ, ਜੰਗਾਂ, ਧੜੇ-ਬਾਜ਼ੀਆਂ, ਅਹੰਕਾਰ ਦੇ ਵਲਵਲਿਆਂ 'ਮਨ-ਸੰਤੁਸ਼ਟੀਆਂ' ਮਨ ਘੜੇ

ਅਸੂਲ, ਮਨ ਪਰਚਾਵਿਆਂ ਆਦਿ ਦੇ ਜਾਲਾਂ ਵਿਚ ਤਾਂ ਜ਼ਹਿਰ ਇੰਨਾਂ ਚੜ੍ਹਦਾ ਹੈ ਕਿ ਭੰਗੀਆਂ, ਪੋਸਤੀਆਂ ਵਾਂਗ ਲੋਕੀਂ ਮਜ਼ਹਬ ਦੇ 'ਅਸੂਲਾਂ ਤੇ 'ਸ਼ਰੀਅਤਾਂ' ਵਿਚ ਪੈ ਮਰ ਜਾਂਦੇ ਹਨ। ਕੋਈ ਬੇਹੋਸ਼ ਹੋ ਜਾਂਦੇ ਹਨ। ਪਤਾ ਨਹੀਂ ਇਉਂ ਕਿਉਂ ਸੰਸਾਰ ਜਲ ਰਿਹਾ ਹੈ, ਅੱਗਾਂ ਦਿਲਾਂ, ਸ਼ਹਿਰਾਂ, ਮੁਲਕਾਂ ਨੂੰ ਲਗੀਆਂ ਹੋਈਆਂ ਹਨ, ਆਪਾ ਧਾਪੀ ਪਈ ਹੋਈ ਹੈ, ਸ਼ੋਰ, ਕੂੜ, ਤ੍ਰਿਸ਼ਨਾਂ ਮਾਰ ਰਿਹਾ ਹੈ, ਇਹ ਆਪਣੀ ਹੱਥੀਂ ਲਾਈਆਂ ਹੋਈਆਂ ਅੱਗਾਂ ਹਨ। ਇਸ ਅੱਗ ਵਿਚ ਕੋਈ ਰੱਬ ਦਾ ਬੰਦਾ, 'ਕੌਟਨ ਮੇਂ ਕੋਊ' ਠੰਡਾ ਹੈ ? ਉਹ ਅੱਗ ਵਿਚ ਬੈਠਾ ਠੰਡਾ ਹੈ ? ਅੱਗ ਉਹਨੂੰ ਕੁਛ ਨਹੀਂ ਕਹਿੰਦੀ ਉਹਦੇ ਸਿਰ ਤੇ ਲਾਲ ਸ਼ੁਅਲਿਆਂ ਦਾ ਤਾਜ ਬਣਾ ਅੱਗ ਕੁਰਬਾਨ ਹੁੰਦੀ ਹੈ।'

ਠੰਡੀ ਸੁਰਤਿ, ਅੰਦਰ ਆਪੇ ਵਿਚ ਕੱਠੀ ਹੋਈ ਸੁਰਤਿ, ਇਕ ਨੁਕਤਾ ਹੈ ਜਿਹੜਾ ਹੱਥ ਨਹੀਂ ਆਉਂਦਾ। ਇਕ ਨੁਕਤੇ ਵਿਚ ਗੱਲ ਮੁਕਦੀ ਹੈ, ਪਰ ਉਹ ਨੁਕਤਾ ਹੱਥ ਨਹੀਂ ਆਉਂਦਾ। ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਇਸ ਆਪਣੇ ਅੰਦਰ ਦੇ ਕੇਂਦਰ ਦੀ ਪ੍ਰਾਪਤੀ ਲਈ ਹਥਿਆਰ ਹਨ, ਪਰ ਇਨ੍ਹਾਂ ਦੀਆਂ ਖ਼ਾਹਸ਼ਾਂ ਦੇ ਫੈਲਾਉ ਨੇ ਕਿੰਨੀ ਅੱਗ ਮਚਾ ਰਖੀ ਹੈ।

ਬੁਧ ਜੀ ਜੈਸੇ ਪਰਉਪਕਾਰੀ ਨੇ ਹਾਰ ਕੇ ਆਖਰ ਕਿਹਾ ਸੀ ਕਿ 'ਇਹ ਸੰਸਾਰ ਦਾ ਦੁਖ ਮਨੁੱਖ ਦੇ ਆਪਣੇ ਕਰਮਾ ਕਰ ਕੇ ਹੈ। ਜੇ ਲੋਕ ਚੰਗੇ ਕੰਮ ਕਰਨ ਆਪੇ ਵਿਚ ਕੱਠੇ ਹੋਣ, ਆਪਾ ਚੀਨਣ ਤਾਂ ਸੁਖੀ ਹੋ ਜਾਣਗੇ। ਆਪੇ ਨੂੰ ਦੇਵਤਿਆਂ ਜਿੰਨਾਂ ਉੱਚਾ ਕਰਨਾ ਜਾਂ ਕੀੜੀਆਂ ਜਿੰਨਾਂ ਨੀਵਾਂ ਕਰਨਾ ਆਪਣੇ ਕੀਤੇ ਕਰਮਾ ਦੇ ਅਧੀਨ ਹੈ। ਇਸ ਫ਼ੈਸਲੇ ਵਿਚ ਮੋਇਆਂ ਦੀ ਕੀ ਢਾਰਸ ਬੱਝੇ ? ਪਹਿਲੇ ਸੁਖੀ ਹੋਣ, ਜੀਣ ਤਾ ਕਿੱਧਰੇ ਚੰਗੇ ਕਰਮ ਕਰਨ ਦੀ ਹੋਸ਼ ਆਵੇ। ਬੁਧ ਜੀ ਨਾਲ ਲੱਗ ਥੋੜਾ ਚਿਰ ਜੀਵੇ, ਫਿਰ ਮਰ ਗਏ। ਅੰਧ-ਖਾਤੇ, ਗ਼ਫ਼ਲਤ ਤੇ ਰੂਹਾਨੀ ਮੌਤ ਦਾ ਕੀ ਇਲਾਜ ਹੈ ? ਬ੍ਰਹਮ ਗਿਆਨੀਆਂ ਨੇ ਕਿਹਾ - ਇਹ ਅਗਿਆਨ ਹੈ, ਗਿਆਨ ਆਣ ਪਰ ਦੁਖ ਕੋਈ ਨਹੀਂ। ਬੁਧ ਜੀ ਨੇ, ਵੇਦਾਂਤ ਦੇ 'ਉਪਨਿਸ਼ਦ' ਦੀਆਂ ਨਿਰੀਆਂ ਮਨ ਗੱਲਾਂ ਦੇ ਗਿਆਨ ਦਾ ਨਿਖੇਧ ਕੀਤਾ ਤੇ 'ਕਰਮ' ਨੂੰ ਹੀ ਗਿਆਨ ਦਸਿਆ। ਚਲਦਿਆਂ ਚਲਦਿਆਂ ਕੰਮ ਕਰਦਿਆਂ ਕਰਦਿਆਂ ਆਪੇ ਰਸਤੇ ਰੋਸ਼ਨ ਹੋ ਜਾਂਦੇ ਹਨ। ਇਹ ਹੈ ਨਾ ਠੀਕ, ਗੱਲਾਂ ਕਰਨ ਥੀਂ ਤਾਂ ਹਲ ਹੋਣਾ, ਪੱਥਰ ਢੋਣਾ ਸੱਚਾ ਤੇ ਸੁਚਾ ਗਿਆਨ ਹੈ। ਆਪ ਨੇ ਮੁਖ ਕਰਮ ਇਹ ਦਸਿਆ ਕਿ ਚੰਗੇ ਬਣੋ । ਚੰਗਾ ਲਗਣਾ, ਚੰਗਾ ਹੋਣਾ ਚੰਗਾ ਕਰਨਾ। ਇਹ ਹੋਣਾ ਠੀਕ ਜੀਵਨ ਦੀ ਗੁਰਮੁਖ ਅਵਸਥਾ ਦਾ ਵਰਨਣ ਹੈ। ਦਯਾਵਾਨ, ਸ਼ੀਲਵਾਨ ਸੰਤੋਖਵਾਨ, ਪਵਿਤਰ ਆਸ਼ਾ, ਪਵਿਤਰ ਤ੍ਰਿਸ਼ਨਾ ਆਦਿ, ਪਰ ਪਹਿਲੇ ਜੀਵੋਗੇ ਤਾਂ ਰੂਹ ਵਿਚ ਕੁਝ ਚਾਅ ਤਾਂ ਹੋਵੇ, ਕੁਝ ਸ਼ੌਕ ਤਾਂ

ਹੋਵੇ, ਕੁਝ ਖਲਬਲੀ ਤਾਂ ਹੋਵੇ। ਇਥੇ ਮੰਜ਼ਲ ਮਕਸੂਦ ਠੀਕ ਸਭ ਦੀ ਇਸ ਅੱਗੀ ਸੰਸਾਰ ਵਿਚ ਕਰਮ ਖੇਤਰ ਦੀ ਤਪਸ਼ ਵਿਚ ਕਿਧਰੇ ਠੰਡ ਪ੍ਰਾਪਤ ਹੋ ਜਾਵੇ। ਤਪਿਆ ਪਿਆਰ ਮੋਹ ਹੋ ਜਾਂਦਾ ਹੈ, ਤਪੀ ਭਗਤੀ ਕਾਮ ਹੋ ਜਾਂਦਾ ਹੈ, ਤਪੀ ਸੁਰਤਿ ਹੀ ਅਹੰਕਾਰ ਹੈ, ਤਪੀ ਜੀਵਨ ਤੀਬਰਤਾ, ਜੀਵਨ ਜੋਸ਼ ਕਰੋਧ ਹੋ ਜਾਂਦਾ ਹੈ। ਦਰਸ਼ਨ ਦੀ ਲਾਲਸਾ, ਖੁਨਕ ਨਾਮ ਮਹਾਂ ਪੁਰਖ ਦੀ ਹਜ਼ੂਰੀ ਦੀ ਚਾਹ ਜਦ ਤਪ ਜਾਂਦੀ ਹੈ ਤਦ ਲੋਭ ਦੀ ਸੂਰਤ ਪਕੜ ਲੈਂਦੀ ਹੈ। ਮਜ਼ਬਾਂ ਦੇ ਵੈਰ ਦਵੈਤ ਤਪੀ ਹੋਈ, ਮੋਈ ਹੋਈ, ਮਨੂਰ ਹੋਈ ਜਗਿਆਸਾ ਹੀ ਤਾਂ ਹੈ। ਇਉਂ ਦੀਨਦਾਰ ਦੁਨੀਆਂਦਾਰਾਂ ਤੋਂ ਵਧ ਜ਼ਹਿਰੀਲੇ ਹੋ ਜਾਂਦੇ ਹਨ। ਤਪੀ ਤਪਸਿਆ ਕਰੋਧ ਤਪਿਆ ਗ੍ਰਿਹਸਤ ਵਿਰੋਧ, ਤਪੀ ਅਕਲ ਸ਼ੈਤਾਨ, ਤਪੀ ਅਰੋਗਤਾ ਬਿਮਾਰੀ, ਤਪਿਆ ਚਿਤ ਦੁਖ ਤੇ ਕਲੇਸ਼।

"ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ॥
ਕਲਿ ਕਲੇਸ਼ ਤਨ ਮਾਹਿ ਮਿਟਾਵਉ" ॥

[ਸੁਖਮਨੀ ਸਾਹਿਬ

ਇਉਂ ਧਰਮ ਕਰਮ ਵੀ ਜਪ ਤਪ ਪੂਜਾ ਸੇਵਾ ਹਾਂ ਜੀ ਪਿਆਰ ਆਦਿ ਸਭ ਰੋਗ ਹਨ। ਕੁਝ ਸਰੀਰਕ ਤੇ ਕੁਝ ਮਾਨਸਿਕ ਦੀਨ ਵੀ ਮਰਜ ਹੈ। ਦੁਨੀਆਂ ਦੇ ਕਰਮ, ਯੋਗ ਸਭ ਮਰਜ਼ਾਂ ਹਨ, ਤਪਸ਼ਾਂ ਹਨ ਹਾੜੇ ਹਨ। 'ਸੁਰਤ ਟਿਕਾ ਵਿਚ ਨਹੀਂ ਦਿਲ ਠਾਹਿ ਵਿਚ ਨਹੀਂ, ਚਿਤ ਜਾ ਸਿਰ ਨਹੀਂ। ਦੀਨ ਵਿਚ ਵੀ ਤ੍ਰਿਸ਼ਨਾ ਨੇ ਬੰਦੇ ਮਾਰ ਲਏ, ਦੁਨੀਆਂ ਵਿਚ ਤਾਂ ਇਸ ਅੱਗ ਨੇ ਅੱਗੇ ਹੀ ਮਾਰ ਰਖੇ ਸਨ। ਹਾਇ ! ਠੰਡ ਕਿਥੇ ?

ਹਰ ਪ੍ਰਸ਼ਨ ਹਰ ਇਕ ਨੇ ਆਪਣੇ ਲਈ ਆਪ ਹਲ ਕਰਨਾ ਹੈ। ਇਕ ਗਿਆਨਵਾਨ ਕਵੀ ਕਹਿੰਦਾ ਹੈ - ਤੇਰੀ ਮੰਜ਼ਲ ਤੂੰ ਆਪਣੇ ਪੈਰੀਂ ਹੀ ਤੈਅ ਕਰਨੀ ਹੈ, ਮੈਂ ਤੇਰੇ ਲਈ ਤੇਰੀ ਮੰਜ਼ਲ ਨਹੀਂ ਮਾਰ ਸਕਦਾ।' ਪਰ ਹੈ ਗਲ ਇਕ ਨੁਕਤੇ ਵਾਲੀ ! ਸਦੀਆਂ ਤਕ ਤੂੰ ਸਮਝੀ ਜਾਏਂਗਾ ਕਿ ਤੂੰ ਬੜੀ ਰੂਹਾਨੀ ਤਰੱਕੀ ਕਰ ਰਿਹਾ ਹੈਂ, ਤੇਰੇ ਜਿਹਾ ਕੋਈ ਨਹੀਂ, ਤੂੰ ਆਪਣੇ ਆਪ ਨੂੰ ਅੰਦਰਵਾਰ ਪਾਰਗਾਮੀ ਸਮਝਣ ਲਗ ਪਿਆ ਹੋਵੇਂਗਾ, ਪਰ ਯਾਦ ਰਖ। ਸਦੀਆਂ ਪਿਛੋਂ ਗਹੁ ਕਰਕੇ ਤੱਕਸੇਂ ਤਾਂ ਪਤਾ ਲਗ ਸੀ ਕਿ ਤੂੰ ਤਾਂ ਚਲਦਾ ਵੀ ਉਥੇ ਹੀ ਖੜਾ ਹੈਂ ਜਿੱਥੇ ਤੂੰ ਚਲਿਆ ਸੈਂ ਭਾਈਆ ! ਰੂਹਾਨੀ ਤਰੱਕੀ ਇਉਂ ਨਹੀਂ ਹੁੰਦੀ। ਜਿਸ ਕਿਸੀ ਦੀ ਨਦਰ ਤੇਰੇ ਪਰ ਪਵੇਗੀ, ਤਦ ਜਿਹੜਾ ਕਦਮ ਚੁਕੇਂਗਾ ? ਉਹ ਇਕ ਇਕ ਕਦਮ ਇਕ ਇਕ ਮੰਜ਼ਲ ਹੋਵੇਗੀ। ਰੂਹਾਨੀ ਤਰੱਕੀ, ਆਤਮਿਕ ਉੱਨਤੀ ਕਿਸੀ ਦੀਆਂ ਨਦਰਾਂ ਦੀ ਖੇਡ ਹੈ। ਭਾਈ ਗੁਰਦਾਸ ਜੀ ਇਸੀ ਅੰਦਾਜ਼ ਵਿਚ ਫਰਮਾਉਂਦੇ ਹਨ :-

ਲਖ ਧਿਆਨ ਸਮਾਧਿ ਲਾਹਿ ਗੁਰਮੁਖ ਰੂਪ ਨ ਅਪੜ ਸਕੈ।
ਲਖ ਗਿਆਨ ਵਖਾਣ ਕਰਿ ਸ਼ਬਦ ਸੁਰਤਿ ਉਡਾਰੀ ਥਕੈ।
ਬੁਧਿ ਬਲ ਬਚਨ ਬਿਬੇਕ ਲਖ ਢਹਿ ਢਹਿ ਪਵਨ ਪਿਰਮ ਦਰਿ ਧੱਕੈ।
ਜੋਗ ਭੋਗ ਬੈਰਾਗ ਲਖ ਸਹਿ ਨ ਸਕਹਿ ਗੁਣ ਵਾਸ ਮਹੱਕੈ।
ਲਖ ਅਚਰਜ ਅਚਰਜ ਹੋਇ ਅਬਿਗਤਿ ਗਤਿ ਅਬਿਗਤਿ ਵਿਚਿ ਅੱਕੈ।
ਵਿਸਮਾਦੀ ਵਿਸਮਾਦੁ ਲਖ ਅਕਥ ਕਥਾ ਵਿਚਿ ਸਹਜ ਸਹੱਕੈ।
ਗੁਰਸਿਖਿ ਦੇ ਅੱਖ ਫਰੱਕੈ ॥੨੨॥ [ਵਾਰ ੨੯

ਜਿਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਮੈਲ ਕਿਹਾ ਹੈ, 'ਹਮ ਮੈਲੇ ਤੁਮ ਊਜਲ ਕਰਤੇ' ਉਹ ਇਹ ਅੰਦਰ ਦੀ ਆਪ ਬਾਲੀ ਅੱਗ ਹੈ, ਜਿਹੜੀ ਸੁਰਤਿ ਨੂੰ ਖਿੰਡਾਉ ਵਿਚ ਲੈ ਜਾਂਦੀ ਹੈ। ਠੰਡੀ ਸੁਰਤਿ ਸਦਾ ਇਕੱਠੀ ਹੁੰਦੀ ਹੈ, ਠੰਡਾ ਰੂਹ ਰੱਬ ਨਾਲ ਮਿਲਿਆ ਹੁੰਦਾ ਹੈ, ਉਹਦੇ ਵਿਚ ਹੁੰਦਾ ਹੈ। ਤਪੀ ਸੁਰਤਿ ਪਾਪ ਹੈ, ਠੰਡੀ ਸੁਰਤਿ ਪੁੰਨ ਹੈ। ਮੈਲ ਇਸੀ ਅੱਗ ਦਾ ਲਾਂਬਾ ਹੈ, ਜਿਹੜਾ ਲਗ ਜਾਂਦਾ ਹੈ ਤੇ ਰੂਹ ਸੜ ਜਾਂਦੀ ਹੈ। ਆਪਣੇ ਕਰਮ ਕਰਨ ਨਾਲ ਮੈਲੇ ਹੋ ਜਾਈਦਾ ਹੈ। ਕਦੀ ਕਿਸੀ ਹੋਰ ਦੇ ਕਰਮ ਵੀ ਮਾਰ ਦਿੰਦੇ ਹਨ। 'ਛੂ' ਹੇਠਾਂ ਲੱਗ ਜਾਂਦੀ ਹੈ, ਚੰਗੀ ਵੀ ਮੰਦੀ ਵੀ। ਇਨਸਾਨ ਇਕ ਹੈ, ਇਸ ਕਰਕੇ ਮਖਲੂਕ ਦੇ ਕਰਮਾਂ ਦਾ ਅਸਰ ਇਕ ਸ਼ਖਸ ਤੇ ਪੈਂਦਾ ਹੈ ਤੇ ਇਕ ਸ਼ਖਸ ਦੇ ਕਰਮ ਦਾ ਅਸਰ ਮਖਲੂਕਾਂ ਤੇ। ਸਭ ਦੁਨੀਆਂ ਦੇ ਕਰਮ ਇਉਂ ਮੇਰੇ ਹੀ ਕਰਮ ਹਨ, ਮੈਨੂੰ ਮੈਂ ਹੀ ਮੈਲ ਲਾਂਦੀ ਹੈ। ਇਸ ਵਿਚ ਕੋਈ 'ਹਰਿਆ ਬੂਟ ਰਹਿਓ ਰੀ'। ਬਸ ਸਭ ਕੁਛ ਉਹੋ ਹੀ ਰੱਬ ਹੈ ਜੋ ਸੁਰਤਿ ਤਪੀ ਹੈ, ਖਿੰਡੀ ਹੈ, ਮੈਲੀ ਹੈ, ਭਾਰੀ ਹੈ। ਉਹੋ 'ਪੰਜ ਜਵਾਨ' ਸੇਵਾ ਕਰਨ ਵਾਲੇ ਹਨ, ਉਹੋ ਪੰਜ ਵੈਰੀ ਹਨ। ਉਹੋ ਕੁਦਰਤ 'ਹਰਿ ਰੂਪ' ਹੈ। ਉਹੋ ਕੁਦਰਤ ਖਾਣ ਨੂੰ ਆਉਂਦੀ ਹੈ। ਉਹੋ ਸਭ ਮਜ਼ਬ, ਸਭ ਦੁਨੀਆਂ 'ਉਹਦੀ ਰਜ਼ਾ ਹੈ ਤੇ ਸੋਹਣੇ ਹਨ' ਤੇ ਉਹੋ ਰੋਗ ਹਨ, ਮਹਾਂ ਰੋਗ ਹਨ, ਜਿਥੇ ਜੀਵਨ ਦੁਖ ਰੂਪ ਹੈ। ਇਕ ਨੁਕਤਾ ਹੈ, ਪਰ ਕੋਈ ਵਿਰਲਾ ਬਖਸ਼ਿਆ ਹੋਇਆ ਪਹਿਚਾਨਦਾ ਹੈ। ਜਿਸ ਨੂੰ ਇਹ 'ਦਾਉ' ਆ ਗਿਆ, ਉਹ ਅਪਣੀ ਸੁਰਤਿ ਦੇ ਲਹਾਉ ਚੜ੍ਹਾਉ, 'ਤੱਤਾ-ਪਨ, ਠੰਢਾ-ਪਨ, ਮੈਲਾ-ਪਨ ਤੇ ਉੱਜਲਤਾ, ਨਿਰਮਲਤਾ, ਸਰਲਤਾ, ਹਲਕਾਪਨ, ਭਾਰਾਪਨ' ਆਦਿ ਪਹਿਚਾਨਣ ਲਗ ਗਿਆ। ਆਪ ਵਿਚ ਜੋਖਦਾ ਹੈ। ਢਹਿਣਾ ਉਠਣਾ ਤਾਂ ਹੈ ਹੀ, ਪਰ 'ਰੂਹਾਨੀ ਹਾਲਤ' ਆਰੰਭ ਹੋ ਗਈ। 'ਬੇਹੋਸ਼ ਥੀਂ ਹੋਸ਼ ਆਈ, ਮੌਤ ਥੀਂ ਮੋੜਾ ਪਿਆ'। ਗ਼ਫਲਤ; ਮੁਰਦਾ ਸੰਤੁਸ਼ਟੀਆਂ ਦਾ ਰੋਗ ਛੁਟਾ, ਜੀਵਨ ਹਿਲਿਆ, ਧੜਕਿਆ, ਪਿਆਰ ਦੀਆਂ ਪੀੜਾਂ ਛਿੜੀਆਂ, ਪੀੜ, ਦੁਖ ਪ੍ਰਤੀਤ ਹੋਣ ਲਗ ਪਏ, ਦਰਦ ਉਠਣ ਲਗ ਪਏ ਹਾਏ ਹਾਏ ਹੋਣ

ਲਗ ਪਈ। 'ਜੀ ਪਇਆ', ਜ਼ਹਿਰ ਝੜਨ ਲਗ ਪਿਆ। ਪਰ ਇਹ ਬੜੀ ਉਚੀ ਹਾਲਤ ਦੀ ਖੇਡ ਹੈ, ਕੋਈ ਵਿਰਲਾ ਹੈ ਜਿਸਨੂੰ ਇਸ ਨੁਕਤੇ ਦਾ ਪਤਾ ਲਗਦਾ ਹੈ, ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :-

ਦਰਸ਼ਨ ਦੇਖਿ ਪਤੰਗ ਜਿਉਂ ਜੋਤੀ ਜੋਤਿ ਸਮਾਵੈ। ਸ਼ਬਦ ਸੁਰਤਿ ਲਿਵ ਮਿਰਗ ਜਿਉਂ ਅਨਹਦ ਲਿਵ ਲਾਵੈ। ਸਾਧ ਸੰਗਤਿ ਵਿਚ ਲੀਨ ਹੋਇ ਗੁਰਮਤਿ ਸੁਖ ਪਾਵੈ। ਚਰਨ ਕਵਲ ਵਿਚ ਭਵਰ ਹੋਇ ਸੁਖ ਰੈਣ ਵਿਹਾਵੈ। ਗੁਰ ਉਪਦੇਸ਼ ਨ ਵਿਸਰੈ ਬਾਬੀਹਾ ਧਿਆਵੈ। ਪੀਰ ਮੁਰੀਦਾਂ ਪਿਰਹੜੀ ਦੁਬਿਧਾ ਨ ਸੁਖਾਵੈ॥ ੧੪ ॥ [ਵਾਰ ੨੭

ਪਰ ਇਹ ਸੁਰਤਿ ਦੀ 'ਸਾਇੰਸ' ਤੇ 'ਆਰਟ' ਵੀ ਤੱਤੇ ਹੋਕੇ 'ਵਹਿਮ' ਤੇ 'ਕਮਜ਼ੋਰੀਆਂ ਆਪਣੀਆਂ' ਬਣਾ ਲਏ। ਉਜ਼ਰ ਤੇ ਸਫਾਈਆਂ ਨਵੀਆਂ ਦਲੀਲਾਂ ਵਿਚ ਸਾਡੇ ਮੈਲੇ ਹੱਥਾਂ ਵਿਚ ਮੈਲੇ ਹੋ ਜਾਂਦੇ ਹਨ। ਜਿਵੇਂ ਵਿਸ਼ਿਆਂ ਵਿਕਾਰਾਂ ਵਿਚ ਠੰਡ ਦਾ ਛਿਨਕ ਝਲਕਾ ਵਜ ਜਾਂਦਾ ਹੈ, ਇਸ ਤਰ੍ਹਾਂ ਕਦੀ ਕਦੀ ਸੁਰਤਿ ਚੱਕਰ ਖਾ ਨਿਜ ਘਰ ਦੇ ਸੁਖ ਨੂੰ ਛਿਨ ਦੇ ਛਿਨ ਲਈ ਪ੍ਰਾਪਤ ਕਰਦੀ ਹੈ। ਪਰ ਜਿਸ ਨੂੰ ਸਤਿ ਸੰਗਤ ਦਾ ਨਾਮ ਦੇ ਆਪਣੀਆਂ ਕਮਜ਼ੋਰੀਆਂ ਨੂੰ ਤਾਕਤਾਂ ਮਿਥੀ ਦਾ ਹੈ ਉਹ ਉਸੀ ਫਹਿਰਿਸਤ ਦੀਆਂ ਕਮਜ਼ੋਰੀਆਂ ਹੁੰਦੀਆਂ ਹਨ, ਜਿਸ ਕਰਕੇ ਸਾਡੀ ਆਪਣੀ ਜ਼ਿੰਦਗੀ ਤੇ ਸੰਸਾਰ ਦੁਖ ਰੂਪ ਹੋ ਜਾਂਦਾ ਹੈ। 'ਸਤਿਸੰਗ' ਜਿਸ ਨੂੰ ਰਸਮੀ ਨਾਮ ਦੇਈਦਾ ਹੈ ਉਹ ਵੀ ਉਹੋ ਜਿਹਾ ਕਾਲਾ ਸ਼ਰੀਰ ਤੱਕਦਾ ਜਿਸਮਾਨੀ ਤੇ ਅਕਲੀ ਵਿਵਹਾਰ ਦੀ ਸ਼ਕਲ ਫੜ ਲੈਂਦਾ ਹੈ। ਖਿਣਕ ਦੀਨ, ਖਿਣਕ ਦੁਨੀਆਂ ਇਕ ਮੁੱਲ ਦੀਆਂ ਚੀਜ਼ਾਂ ਹਨ, ਪਰ ਖਿਣਕ ਦੀਨ ਦਾ ਯਾ ਖਿਣਕ ਦੁਨੀਆਂ ਦੇ ਸਾਮਾਨਾਂ ਵਿਚ ਇਸ ਠੰਡ ਜ਼ਾਤੀ ਤਜਰਬਾ ਇਨਸਾਨ ਦੀ ਉਮੇਦ ਨੂੰ 'ਪ੍ਰਾਨ ਬਖਸ਼ਦਾ ਹੈ'। ਹਾਂ, 'ਕੁਛ ਹੈ' ਇਹ ਆਪੇ ਨੂੰ ਪ੍ਰਤੀਤ ਹੁੰਦਾ ਹੈ। ਅੰਦਰ ਘਟਦਾ ਹੈ, ਪੌਂਹਦਾ ਹੈ ਜਿਵਾਲਦਾ ਹੈ ਚਿੱਤ ਕਰਦਾ ਹੈ ਕਿ 'ਬਾਹਰ-ਮੁਖੀ' 'ਆਪਾ-ਧਾਪੀ' ਤੇ 'ਬਿਕਰਾਲ' 'ਅਹੰਕਾਰ' ਤੇ 'ਦ੍ਵੈਤ' ਬਿਕਰਾਲ 'ਕਿਰਪਾਲਤਾ' 'ਕੰਗਾਲਤਾ' 'ਬਿਕਰਾਲ' 'ਖੁਦਗਰਜ਼ੀ' 'ਮੋਹ' 'ਨੀਚਤਾ' 'ਹਿੰਸਾ' 'ਦਿਲ ਦੁਖਾਉਣਾ' 'ਦੁਖ ਦੇਣਾ' ਆਦਿ ਅਨਾਤਮ ਧੰਦਿਆ ਵਿਚ ਰੱਬ ਵਲ ਮੂੰਹ ਕਰ ਟੁਰੀਏ, ਪਰ ਕਲਜੁਗ ਚੜ੍ਹੇ ਦਰਯਾ ਵਾਂਗ ਠਾਠਾ ਮਾਰ ਰਿਹਾ ਹੈ। ਸਭ ਕੋਈ ਹਿਠਾਂਹ ਨੂੰ ਹੀ ਵਹੀ ਜਾਂਦਾ ਹੈ, ਕੋਈ ਸੂਰਮਾ ਹੀ ਉੱਪਰ ਨੂੰ ਟੁਰੇ ਤਾਂ ਟੁਰੇ। ਦਰਿਆ ਦੇ ਰੌੜ੍ਹ ਦੇ ਬਰਖਿਲਾਫ਼ ਆਪਣੀਆਂ ਬਾਹਾਂ ਮਾਰੇ। 'ਸੱਚੀ ਸੂਰਮਤਾਈ' ਇਸੀ ਵਿਚ ਹੈ, ਰਸਾਤਲ ਨੂੰ ਵਗੇ ਤਾਂ ਸਾਰੇ ਜਾਂਦੇ ਹੀ ਹਨ।

ਇਹ ਗੱਲ ਸੌਖੀ ਨਹੀਂ, ਸੁਰਤਿ ਨੂੰ, ਰੂਹ ਰੱਬ ਵਿਚ ਜੋੜੀ ਰਖਣਾ, ਲਗਾਤਾਰ 'ਉਸ' ਵਿਚ 'ਸਾਹ ਲੈਣਾ', ਜਦ ਜ਼ਰਾ ਠੰਡ ਨਾਲ ਦਿਲ ਤੇ ਜੁੱਸਾ ਲਗਦਾ ਹੈ ਤਦ ਦਿਲ ਕਰਦਾ ਹੈ ਕਿਸੀ ਨੂੰ ਨਾ ਮਿਲੀਏ, ਇਸ ਨੂੰ ਘੁੱਟ ਦਿਲ

ਵਿਚ ਰੱਖੀਏ, ਛੁਪਾ ਲਈਏ, ਕਿਸੀ ਨੂੰ ਨਾ ਦੱਸੀਏ ਤੇ ਜੰਗਲਾਂ ਨੂੰ ਨੱਸ ਟੁਰੀਏ। ਇਹ ਇਸਤ੍ਰੀ, ਪੁਤ੍ਰ, ਮਿੱਤ੍ਰ, ਭਾਈ ਸਭ ਮੇਰੇ ਵੈਰੀ ਹਨ; ਮੈਨੂੰ ਤਪਾਣ ਲਗਦੇ ਹਨ; ਤੇ ਦੂਜੇ ਪਾਸੇ ਦਿਲ ਮਿੱਠਾ ਹੋ ਜਾਣ ਕਰਕੇ ਸਭ ਕੁਟੰਬ ਚੰਗਾ ਲੱਗਣ ਲੱਗ ਜਾਂਦਾ ਹੈ, ਹੋਰ ਮਿੱਠਾ ਹੁੰਦਾ ਹੈ ਤੇ ਫਿਰ ਹੋਰ ਤਰ੍ਹਾਂ ਮਿਠਾਸ ਆਪਣੇ ਮਿੱਠੇਪਣ ਵਿਚੋਂ ਸੱਟ ਮਾਰਦੀ ਹੈ।

'ਪੈਂਡਾ ਹੈ ਦੂਰ ਗੋਰੀਏ ਨੀ ਧੁਰ ਦੇ ਅਸੀਂ ਮੁਸਾਫਰ,
ਲਖ ਮੰਜ਼ਲਾਂ ਤੋਂ ਆਏ ਅਗੇ ਹੈ ਰਾਹ ਸਵਾਯਾ।

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥ ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥੧॥ ਗ੍ਰਿਹ ਰਾਜ ਮਹਿ ਨਰਕ ਉਦਾਸ ਕਰੋਧਾ॥ ਬਹੁ ਬਿਧਿ ਬੇਦ ਪਾਠ ਸਭਿ ਸੋਧਾ॥ ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ ॥੨॥ ਜਾਗਤ ਸੂਤਾ ਭਰਮਿ ਵਿਗੂਤਾ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ॥ ਸਾਧ ਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥੩॥ ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ॥ ਮੋਹ ਮਗਨ ਮਨੁ ਵਿਆਪਿਆ ਚਿੰਦਾ॥ ਗੁਰਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮੁ ਹਿਆਲੀਐ ॥੪॥ ਸੰਸਾਰੈ ਮਹਿ ਸਹਸਾ ਬਿਆਪੈ॥ ਅਕਥ ਕਥਾ ਅਗੋਚਰ ਨਹੀਂ ਜਾਪੈ॥ ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ ਪਾਲੀਐ ॥੫॥ ਛੋਡਿ ਬਹੈ ਭਉ ਛੂਟੈ ਨਾਹੀ॥ ਜਉ ਸੰਚਹਿ ਭਉ ਭਉ ਭਨ ਮਾਹੀ॥ ਇਸਹੀ ਮਹਿ ਜਿਸਕੀ ਪਤਿ ਰਾਖੈ ਤਿਸੁ ਸਾਧੂ ਚਉਰੁ ਢਾਲੀਐ ॥੬॥ ਸੋ ਸੂਰਾ ਤਿਸਹੀ ਹੋਇ ਮਰਣਾ॥ ਜੋ ਭਾਗੈ ਤਿਸੁ ਜੋਨੀ ਫਿਰਣਾ॥ ਜੋ ਵਰਤਾਏ ਸੋਈ ਭਲ ਮਾਨੈ ਬੁਝਿ ਹੁਕਮੈ ਦੁਰਮਤਿ ਜਾਲੀਐ ॥੭॥ ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ॥ ਕਰਿ ਕਰਿ ਵੇਖੈ ਅਪਣੇ ਜਚਨਾ॥ ਨਾਨਕ ਕੇ ਪੂਰਨ ਸੁਖਦਾਤੇ ਤੂ ਦੇਹਿ ਨਾਮੁ ਸਮਾਲੀਐ ॥੮॥ ॥੭॥

[ਮਾਰੂ ਮ: ੫ ਅੰਜੁਲੀ

ਹਾਏ ! ਇਹ ਰਾਸਤਾ ਕਠਨ ਹੈ :-

ਤੇ ਵਿਰਲੇ ਸੰਸਾਰ ਵਿਚਿ ਦਰਸ਼ਨ ਜੋਤਿ ਪਤੰਗ ਮਿਲਦੇ॥
ਤੇ ਵਿਰਲੇ ਸੰਸਾਰ ਵਿਚਿ ਸ਼ਬਦ ਸੁਰਤਿ ਹੋਇ ਮਿਰਗ ਮਰੇਦੇ॥

ਤੇ ਵਿਰਲੇ ਸੈਂਸਾਰ ਵਿਚਿ ਚਰਨ ਕਵਲ ਹੁਇ ਭਵਰ ਵਸੰਦੇ ॥
ਤੇ ਵਿਰਲੇ ਸੈਂਸਾਰ ਵਿਚਿ ਪਿਰਮ ਸਨੇਹੀ ਮੀਨ ਤਰੰਦੇ ॥
ਤੇ ਵਿਰਲੇ ਸੈਂਸਾਰ ਵਿਚਿ ਗੁਰ ਸਿਖ ਗੁਰ ਸਿਖ ਸੇਵ ਕਰੰਦੇ ॥
ਭੈ ਵਿਚਿ ਜੰਮਣ ਭੈ ਰਹਿਣ ਭੈ ਵਿਚਿ ਮਰਿ ਗੁਰ ਸਿਖ ਜੀਵੰਦੇ ॥
ਗੁਰਮੁਖ ਸੁਖ ਫਲੁ ਪਿਰਮੁ ਚਖੰਦੇ ॥ ੨੭ ॥ [ਭਾ: ਗੁ: ਵਾਰ ੯
"ਪੀਰ ਮੁਰੀਦਾਂ ਪਿਰਹੜੀ ਲਖ ਮਲੀਅਨਿ ਕੱਖਿ ॥"

[ਭਾ: ਗੁ: ਵਾਰ ੨੭ - ੧੩

੫

ਅੱਜ ਨੂਰ ਜੀ ਇਨ੍ਹਾਂ ਵਿਰਲਿਆਂ ਵਿਚੋਂ 'ਇਕ' ਸਨ, 'ਅਮੋਲਕ' ਸਨ, 'ਧੰਨ' ਸਨ, 'ਬਖਸ਼ੇ ਗਏ' ਸਨ। ਉਸ ਮਹਾਂ ਪੁਰਖ ਨੂੰ, ਜਿਨ੍ਹਾਂ ਨੇ ਇਸ ਦੀ ਕੰਡੀ ਤੇ ਹੱਥ ਫੇਰਿਆ, ਜਿਨ੍ਹਾਂ ਅੱਜ "ਦੱਸ ਸਾਲ ਦੀ ਚੁਪ, ਬੇ ਮਲੂਮ ਘਾਲ" ਨੂੰ ਹੱਥ ਫੇਰ ਕੇ ਕਬੂਲ ਕੀਤਾ, ਬਖਸ਼ਿਆ, ਠੰਡਾ ਕੀਤਾ, 'ਰੱਖ ਲਿਆ', ਉਧਾਰਿਆ। ਨੂਰ ਜੀ ਦੀ ਜੀਭ ਦੀ ਇੰਨੀ ਤਾਕਤ ਨਹੀਂ ਹੋਈ ਕਿ ਪੁੱਛਣ ਕਿ 'ਭੇਤ' ਕੀ ਹੈ ? ਆਪ ਦਾ ਨਾਮ ਕੀ ਹੈ ? ਆਪਣੇ ਦਿਲ ਨਾਲ ਵੀ ਗੱਲ ਕਰਦੇ ਤਦ 'ਉਨ੍ਹਾਂ ਜੀ ਦੀ' 'ਉਹਨਾਂ ਦੀ' 'ਮਾਲਕ ਜੀ' ਆਦ 'ਅੱਖਰ' 'ਬੇਅੱਖਰੇ' ਵਰਤਦੇ। ਉਨ੍ਹਾਂ ਦੀ ਕੀਤੀ ਦਾ ਅਜਪਾ ਜਪ ਕਰਨਾ, ਕੀ ਕਰਨਾ ਹੈ ? ਅੰਦਰ ਕੀ ਵਰਤ ਰਿਹਾ ਹੈ ? ਇਹ ਪਤਾ ਨਹੀਂ। ਚੁਪ ਵਿਚ ਇਕ ਖਿੱਚ ਸੀ, ਉਸ ਖਿੱਚ ਵਿਚ ਤੁੜੀਂਦੇ ਜਾਣਾ, ਲਗਨ ਵਿਚ ਮਗਨ ਰਹਿਣਾ, ਤੇ ਆਖਰ ਪੰਜਵੇਂ ਫੇਰੇ ਦੀ ਹਾਲਤ ਦੇ ਰੰਗ ਉਨ੍ਹਾਂ ਪਾਸੋਂ ਹੋਰਨਾਂ ਨੂੰ ਫੂਕ ਨਾਲ, ਛੁਹ ਨਾਲ ਲੱਗਣ ਲੱਗ ਜਾਣੇ ਵਾਹ ਕਮਾਈ ! ਇਹ ਛੋਹ ਕਮਾਈ 'ਕਿਰਤ' ਹੈ, ਇਹ ਬਰਕਤ 'ਗੱਲਾਂ' ਨਾਲ ਨਹੀਂ ਆਉਂਦੀ। ਇਕ ਛੁਹ ਨਾਲ 'ਇਸ਼ਕ ਦੀ ਬੀਮਾਰੀ' ਲਗਾ ਦੇਣਾ, ਬਰਕਤ ਹੈ, 'ਮਿਹਰ ਹੈ', 'ਨਦਰ ਹੈ'। ਇਹ ਜੀਵਾਲਣਾ ਹੈ। ਜੀਂਦਾ ਆਦਮੀ ਕਰੇ ਸੁਹਣੇ ਕਰਮ, ਉਹਦੇ ਕਰਮਾਂ ਦੇ ਮੁੜ ਮਾਅਨੇ ਹੁੰਦੇ ਹਨ ਪੱਥਰਾਂ ਦੇ ਕਰਮਾਂ ਦਾ ਕੀ ਲੇਖਾ ? ਬੜੇ ਬੜੇ ਸਾਧਨਾਂ ਵਾਲਿਆਂ, ਸਮਾਧੀਆਂ ਵਾਲਿਆਂ, ਆਸਣ ਉਠਾਣ ਵਾਲਿਆਂ, ਸਮੁੰਦਰਾਂ ਦੇ ਪਾਣੀਆਂ ਤੇ ਪਦਮਾਸਨ ਬਹਿ-ਜਾਣਿਆਂ ਵਿਚ ਇਹ 'ਪਿਆਰ' 'ਹਮਦਰਦੀ' ਦੀ ਅੰਤਰਯਾਮਤਾ, 'ਸਰਬੱਗ੍ਯਤਾ' ਕਦੀ ਨਹੀਂ ਆਈ। ਇਹ ਧੁਰ ਦੀ ਚੀਜ਼ ਹੈ, ਧੁਰਾਂ ਥੀਂ ਆਉਂਦੀ ਹੈ, 'ਪਿਰਮੁ ਪਿਆਲਾ ਖਸਮ ਕਾ', ਇਹ ਠੰਡ ਹੋਰ ਕਿਧਰੇ ਨਹੀਂ ॥

ਨੂਰ ਜੀ ਅੰਮ੍ਰਿਤ ਨਾਲ ਭਰ ਗਏ ਸਨ, ਜਿਥੇ ਬਹਿੰਦੇ ਸਨ ਉਹ ਥਾਂ ਮਿੱਠਾ ਮਿੱਠਾ ਹੋ ਜਾਂਦਾ ਸੀ। ਜਿਵੇਂ ਚਸ਼ਮੇ ਤੇ ਹੈਵਾਨ ਆਉਂਦੇ ਹਨ, ਨੂਰ ਜੀ ਪਾਸ, ਜਿਥੇ ਜਾਣ, ਲੋਕੀ ਆਉਂਦੇ ਸਨ। ਬੱਸ ਚੰਗੇ ਲਗਦੇ ਹੋ, ਕੋਲ ਬਹਿਣ ਦਿਓ। ਬਾਲਾਂ ਨੂੰ, ਭੋਲੇ ਭਾਲੇ, ਜੱਟਾਂ ਜ਼ਿਮੀਦਾਰਾਂ ਨੂੰ ਤਾਂ ਆਪ ਕੁਛ ਨਹੀਂ ਆਖਦੇ ਸਨ, ਹੱਸਦੇ ਸਨ, ਖੇਡਦੇ ਸਨ ਤੇ ਚੋਹਲ ਕਰਦੇ ਸਨ, ਕਦੀ ਕਿਸੀ ਮੁਟਿਆਰ ਥੀਂ ਦੁੱਧ ਦੀ ਨਲੀਯਾ ਖੋਲ੍ਹ ਲੈਂਦੇ ਸਨ ਤੇ ਦੁੱਧ ਪੀ ਜਾਂਦੇ ਸਨ, ਕਦੀ ਕਿਸੀ ਨਾਲ ਕੁਝ ਮਖੌਲ, ਕਦੀ ਕਿਸੀ ਨਾਲ ਕੁਛ ਪਰ ਜੇ ਕਦੀ ਕੋਈ ਪੜ੍ਹਿਆ ਲਿਖਿਆ ਮੁੱਲਾਂ ਮਲਵਾਣਾ, ਹਿਸਾਬੀ ਕਿਤਾਬੀ, ਅਨੇਕ ਚਿੰਤਾ ਵਾਲੀ ਅਕਲ ਦਾ ਪੁੱਜਿਆ ਜਾਂਦਾ ਸੀ ਤਦ ਚੁਪ ਹੋ ਜਾਂਦੇ ਸਨ। ਹੁਣ ਨੂਰ ਜੀ ਕੁਛ 'ਅਨੇਕ' ਚਿੰਤਾ ਦੀ ਅੱਗ ਵਿਚ ਸੜਦੇ ਭੁਜਦੇ ਬੰਦਿਆਂ ਥੀਂ ਨਵੇਂ ਘੋੜੇ ਵਾਂਗ ਤ੍ਰਹਿੰਦੇ ਸਨ। ਠੀਕ ਹੈ, ਰਾਗੀ ਰਾਗੀ ਨੂੰ ਮਿਲੇ, ਚਿਤ੍ਰਕਾਰ ਚਿਤ੍ਰਕਾਰ ਨੂੰ ਮਿਲੇ, ਭਗਤ ਭਗਤ ਨੂੰ ਮਿਲੇ, ਨਾ ਮਹਿਰਮਾਂ ਨਾਲ ਸਮਾਂ ਸੁਰਤਿ ਹੀ ਨਿਸਫਲ ਵੀਟਣੀ ਹੋਈ। ਠੰਡਾ ਪਾਣੀ ਆਪ ਨੂੰ ਹੱਛਾ ਲਗਦਾ ਸੀ, ਚਾਨਣੀ ਰਾਤ ਪਿਆਰੀ ਸੀ, ਉਹ ਚਾਨਣੀ ਵਿਚ ਜਾ ਕੇ ਅੱਧੀ ਅੱਧੀ ਰਾਤ ਤੱਕ ਇਕਾਂਤ ਬੈਠੇ ਰਹਿੰਦੇ ਸਨ। ਪਰ ਚਾਨਣੀ ਚਾਨਣ ਕਰਕੇ ਸੋਹਣੀ ਨਹੀਂ ਸੀ ਲਗਦੀ, ਉਨ੍ਹਾਂ ਦੇ ਅੱਗੇ ਹੁਣ ਉਹ ਬੇਨਾਮ 'ਸ਼ਾਹ ਖ਼ਲੀਲ' ਦਾ ਦਗਦਾ ਚਿਹਰਾ, ਉਹਦੇ ਅਰੁਣਿ ਨੈਣ ਉਹਨਾਂ ਦੇ ਸਦਾ ਦਿੱਸਦੇ ਸਨ ਜਾਂ ਯਾਦ ਆਉਂਦੇ ਸਨ ਤੇ ਸਭ ਕੁਛ ਸੋਹਣਾ ਉਸ ਕਰਕੇ ਹੋ ਜਾਂਦਾ ਸੀ। ਹਵਾ ਵਿਚ, ਕਾਲ ਵਿਚ, ਬੂਟ ਵਿਚ, ਚੰਨ ਵਿਚ, ਸੂਰਜ ਵਿਚ, ਉਹ ਚਿਹਰਾ, ਜਿਸ ਵਿਚ ਹਸਤੀ ਦਾ ਰਾਜ਼ ਸੀ, ਕਿਸੀ ਨਾ ਕਿਸੀ ਰੰਗ ਵਿਚ ਯਾਦ ਆਉਂਦਾ ਰਹਿੰਦਾ ਸੀ। ਕੁਦਰਤ ਕੁਦਰਤ ਕਰਕੇ ਨਹੀਂ, ਕੁਦਰਤ ਯਾ ਤਾਂ ਉਜ ਚਿਹਰੇ ਕਰਕੇ ਯਾ ਉਸ ਚਿਹਰੇ ਦਾ ਕੋਈ ਰੰਗ ਯਾ ਅਦਾ, ਯਾ ਅੰਦਾਜ਼ ਵਿਚ ਆ ਮਿਲਣ ਕਰਕੇ ਯਾ ਭੁੱਲ ਗਏ ਵੇਲੇ ਉਹੋ ਯਾਦ ਮੁੜ ਤੀਬਰ ਕਰਾਣ ਕਰਕੇ ਚੰਗੀ ਲੱਗਦੀ ਸੀ। ਕੁਦਰਤ ਜੀਆ ਦਾਨ ਨਹੀਂ ਦਿੰਦੀ, ਜੀਂਦਿਆਂ ਨੂੰ ਪਾਲਦੀ ਹੈ, ਤਰੋ ਤਾਜ਼ਾ ਕਰਦੀ ਹੈ, ਥੱਕਿਆਂ ਨੂੰ ਅਰਾਮ ਦਿੰਦੀ ਹੈ। ਕੁਦਰਤ ਨਾਲ 'ਅਕਲੀ' ਲਗਾਉ ਨਹੀਂ ਸੀ ਅਨੁਭਵੀ ਲਗਾਉ ਸਹੀ 'ਰੂਹ ਜੁੜਦਾ ਸੀ' 'ਰੱਬ ਚੰਗਾ ਲਗਦਾ ਸੀ' ਸੁਰਤਿ ਕੜੱਕ ਕਰਕੇ ਇਕਠੀ ਹੁੰਦੀ ਸੀ। ਨੂਰ ਜੀ ਕਦੀ ਕੁਦਰਤ ਥੀਂ ਡਰਦੇ ਤੇ ਨੱਸਦੇ ਸਨ ਤੇ ਖੂਹ ਤੇ ਪਾਣੀ ਭਰਦੀ ਕਿਸੇ ਸੁਅੰਗਣੀ ਨੂੰ ਦੇਖ ਆਪਣੇ ਪ੍ਰੀਤਮ ਦੀ ਯਾਦ ਤੇਜ਼ ਕਰਦੇ ਸਨ। ਮਨ, ਇੰਦ੍ਰੀਆਂ, ਦਿਲ ਆਪਣੇ ਹਥਿਆਰਾਂ ਨੂੰ ਖੁੰਢੇ ਹੋ ਜਾਣ ਤੇ ਜੋ ਪੱਥਰ ਮਿਲਿਆ, ਜੋ ਚਿਹਰਾ ਮਿਲਿਆ, ਜੋ ਚੰਗਾ ਲਗ ਗਿਆ ਉਸੇ ਉੱਪਰ ਘਸ ਕੇ ਆਪਣੇ ਪਿਆਰ ਨੂੰ ਪਾਲਦੇ ਸਨ। ਹੁਣ ਉਡਾਰੀ ਮਾਰਨ ਵਾਲੇ ਅਸਗਾਹ ਨਾ ਲਾਣ ਦੇ ਚਿੱਟੇ ਪਰਾਂ ਵਾਲੇ ਬਲਵਾਨ ਬਾਜ਼ ਸਨ। ਪਾਣੀ ਦੀ ਬੂੰਦ ਆਪ ਦੇ ਪਰਾਂ ਉੱਪਰ ਟਿਕ ਨਹੀਂ

ਸੀ ਸਕਦੀ, ਉਚਾਈਆਂ ਭਾਂਦੀਆਂ ਸਨ; ਸਦਾ ਖਿੱਚ ਰਹੀਆਂ ਸਨ, ਨਿਵਣਾਂ ਦੀਆਂ ਨੀਚਾਈਆਂ ਸਭ ਭੁਲ ਗਈਆਂ ਸਨ। ਆਪ ਸਦਾ ਲਗਾਤਾਰ ਯਾਦ ਵਿਚ ਸਨ, ਪਰ ਇਕ ਖੋਹ ਲਗੀ ਹੋਈ ਸੀ, ਕਿ ਉਹ ਕੌਣ ਹਨ ? ਉਹ ਕਿਸ ਦੇ ਹਨ ? ਇਹ ਮਾਜਰਾ ਕੀ ਹੈ ? ਸ਼ੁਕਰ ਵਿਚ ਸਨ, ਪਰ ਅਰਦਾਸ ਵਿਚ ਸਨ, ਇਹ ਪਿਆਰ, ਨਿਰੋਲ ਮੇਹਰ ਕਿਸ ਮਹਾਂ ਪੁਰਖ ਦੀ ਹੈ ? ਉਹ ਮਹਾਂ ਪੁਰਖ ਕਿੱਥੇ ਹੈ ? ਦਰਸ਼ਨ ਦੀ ਤਾਂਘ ਸੀ। ਦਿਲ ਦੀਆਂ ਡੂੰਘਾਈਆਂ ਵਿਚ ਇਕ ਪੀੜ ਸੀ, ਜਿਹੜੀ 'ਉਨ੍ਹਾਂ' ਨੇ ਵੀ ਨਹੀਂ ਹਰੀ ਸੀ, ਪਰ ਉਹ ਪੀੜ ਦਿਲ ਦੇ ਪਿਆਰ ਜ਼ਖਮ ਹਰ ਵਕਤ ਨਵੇਂ ਕਰਦੀ ਸੀ। ਪਿਆਰ ਵਾਲਿਆਂ ਦੀ ਰੋਟੀ ਪੀੜ ਹੈ। ਉਹ ਪੀੜ ਉਸ ਲਗਾਤਾਰ ਯਾਦ ਦਾ ਬੀਜ ਸੀ, ਉਹ ਸਾਰੇ ਜਗਤ ਦੀ ਰੱਬ ਨੂੰ ਪਾਉਣ, ਭੇਤ ਨੂੰ ਜਾਨਣ, ਮੌਤ ਨੂੰ ਫ਼ਤਹ ਕਰਨ ਤੇ ਜੀਣ, ਸਦਾ ਜੀਣ ਦੀ ਲਾਲਸਾ ਪਾਉਣ, ਭੇਤ ਨੂੰ ਜਾਨਣ, ਮੌਤ ਨੂੰ ਫ਼ਤਹ ਕਰਨ ਤੇ ਜੀਣ, ਸਦਾ ਜੀਣ ਦੀ ਲਾਲਸਾ ਅਮਰ ਰੂਪ ਪੀੜ ਸੀ, ਜੇਹੜੀ ਨਿੱਕੀ ਜਿਹੀ ਹੋ ਕੇ ਨੂਰ ਜੀ ਦੇ ਦਿਲ ਨੂੰ ਦਰਕਾਂਦੀ ਸੀ, ਪੀੜਦੀ ਸੀ, ਕਸਕਾਂ ਮਾਰਦੀ ਸੀ, ਤੁਣਕੇ ਲਾਂਦੀ ਸੀ ਤੇ ਸੁਰਤੀ ਨੂੰ ਕੱਸਦੀ ਸੀ। ਤਾਰ ਤਰਬਾਂ ਨੂੰ ਠੀਕ ਸੁਰੀਲੀ ਸੁਰ ਵਿਚ ਰੱਖਦੀ ਸੀ, ਢਿੱਲਾ ਨਹੀਂ ਹੋਣ ਦਿੰਦੀ ਸੀ, ਗ਼ਫ਼ਲਤ ਦੀ ਬੇਹੋਸ਼ੀ ਨੂੰ ਉਨ੍ਹਾਂ ਪਾਸ ਨਹੀਂ ਫੜਕਨ ਦਿੰਦੀ ਸੀ। ਨੂਰ ਜੀ ਇਉਂ ਕਾਬਲ ਨੂੰ ਵਾਪਸ ਆ ਰਹੇ ਹਨ ਤੇ ਨੂਰ ਜੀ ਦੀ ਮੁਦਰਾ ਹੋਰ ਕੋਮਲਤਾ, ਦਇਆਲਤਾ, ਨਰਮੀ, ਮਿੱਠਤ ਵਲ ਖਿੱਚ ਰਹੀ ਸੀ, ਉਨ੍ਹਾਂ ਪਾਸੋਂ ਕੋਈ ਭੀ ਦੁਖਿਤ ਨਹੀਂ ਹੁੰਦਾ ਸੀ। ਸਭ ਨੂੰ ਪਿਆਰ, ਠੰਡ ਮਿਲਦੀ ਸੀ। ਜਲੇ ਸੜੇ ਮਨ ਸਭ ਆ ਕੇ ਆਪਣਾ ਹਥ ਮੂੰਹ ਧੋ ਕੇ ਅਸ਼ਨਾਨ ਕਰਕੇ ਖੁਸ਼ ਹੁੰਦੇ ਸਨ। ਆਪ ਅੰਦਰ ਆਪਣੇ ਦਿਲ ਦੇ ਮੰਦਰ ਵਿਚ ਅਨੇਕ ਰੰਗਾਂ ਵਿਚ ਖੇਡਦੇ ਸਨ। ਕਦੀ ਹਸ ਰਹੇ ਹਨ ਕਦੀ ਰੋ ਰਹੇ ਹਨ। ਸਮੇਂ ਅਸਗਾਹ ਫੁੱਟ ਪਏ ਸਨ, ਸੁਹੱਣਪ ਆਪਦੀ ਸੌਂਦਰਯਤਾ ਹੁਣ ਉਹ ਸੀ ਜਿਸ ਨੂੰ ਸਾਰੀ ਕੁਦਰਤ ਘੜਦੀ ਤੇ ਭੰਨਦੀ ਹੈ, ਆਪ ਹੁਣ ਬਖ਼ਸ਼ੇ ਸਾਧੂ ਸਨ, ਦਇਆ ਦੀ ਰਤ ਸਨ, ਪਿਆਰ ਮਜੱਸਮ ਸਨ। ਇਕ ਵੇਰੀ ਕੰਧਾਰ ਦੇ ਲਾਗੇ ਇਕ ਮੁਸਲਮਾਨ ਵਲੀ ਫਕੀਰ ਇਸ ਕਾਫਲੇ ਦਾ ਮਹਿਮਾਨ ਹੋਯਾ, ਸਭ ਸੌਦਾਗਰਾਂ ਨੇ ਉਸ ਦੀ ਖਾਤਰ ਕੀਤੀ, ਨੂਰ ਜੀ ਕਿਸੀ ਲਾਂਭੇ ਜੰਗਲ ਦੀ ਤਰਫ ਚਲੇ ਗਏ ਸੀ, ਅੱਧੀ ਰਾਤ ਨੂੰ ਮੁੜੇ ਤਦ ਸਾਰੇ ਆਪ ਨੂੰ ਵਲੀ ਜੀ ਦੀ ਜ਼ਿਆਰਤ ਕਰਾਉਣ ਲੈ ਗਏ।

"ਆਓ ਜੀ ਨੂਰ ਜੀ ! ਆਪ ਦੀ ਬੜੀ ਤਾਰੀਫ ਸੁਣੀ ਹੈ, ਸੁਣਿਆ ਹੈ, ਤੁਸੀਂ ਕਾਮਲ ਅੱਲਾ ਦੇ ਪਿਆਰੇ ਦੇ ਮੁਰੀਦ ਹੋ।"

"ਜੀ ਮੈਂ ਸਫਰ ਵਿਚ ਰਹਿੰਦਾ ਹਾਂ।"

"ਸਾਨੂੰ ਵੀ ਫ਼ੈਜ਼ ਪਹੁੰਚਾਓ।"

"ਜੀ ਮੈਂ ਪੜ੍ਹਿਆ ਹੋਇਆ ਨਹੀਂ।"

"ਆਪਣੇ ਮਨ ਦੀ ਹਾਲਤ ਦੱਸੋ ?"

"ਜੀ ਮੈਂ ਠੱਲ੍ਹਾ ਜਿਹਾ ਲੋਕ ਹਾਂ, ਕਾਲੀਨਾਂ ਤੇ ਪੋਸਤੀਨਾਂ ਦਾ ਭਾਅ ਜਾਣਦਾ ਹਾਂ, ਆਪ ਨੂੰ ਕਿਹੜਾ ਚਾਹੀਏ ?"

"ਓਏ ਨੂਰਾ! ਵਲੀ ਹੋਰੀਂ ਹੋਰ ਗੱਲ ਪੁੱਛਦੇ ਹਨ ਤੂੰ ਆਪਣੇ ਕਾਲੀਨਾਂ ਪੋਸਤੀਨਾਂ ਦੀ ਵਾਹੀ ਜਾਂਦਾ ਹੈਂ" ਇਕ ਸਾਥੀ ਨੇ ਕਿਹਾ।

ਦੂਜਾ ਸਾਥੀ ਵਲੀ ਹੋਰਾਂ ਨੂੰ ਕਹਿੰਦਾ ਹੈ - "ਜੀ ਮੈਂ ਤੁਸਾਂ ਨੂੰ ਕਿਹਾ ਸੀ ਕਿ ਉਹ ਬਸ ਕਾਲੀਨਾਂ ਤੇ ਪੋਸਤੀਨਾਂ ਦਾ ਜਾਣੂ ਹੈ, ਠੂਲ੍ਹਾ ਹੈ, ਹੋਰ ਦੀਨ ਦੁਨੀਆਂ ਦੀ ਉਸ ਨੂੰ ਕੋਈ ਖ਼ਬਰ ਨਹੀਂ।"

"ਹਾਂ ਠੀਕ ਹੈ, ਨੂਰ ਦੀਨ ਵਿਚਾਰਾ ਸਿੱਧਾ ਆਦਮੀ ਹੈ, ਅੱਛਾ ਭਾਈ ਜਾਹ।"

ਨੂਰ ਦੀਨ ਠੰਡਾ ਸਾਹ ਭਰ ਕੇ ਪਸੀਨਾ ਪਸੀਨਾ ਹੋਇਆ ਮੁੜਿਆ। ਸ਼ੁਕਰ ਕੀਤਾ, ਜਿਵੇਂ ਕਿਸੀ ਬੰਦੀਖਾਨੇ ਵਿਚੋਂ ਖਲਾਸੀ ਹੋਈ ਹੈ ਤੇ ਉਹ ਵਲੀ ਸੀ ਜਿਸ ਦੀ ਸਾਰੇ ਇਲਾਕੇ ਵਿਚ ਮਾਨਤਾ ਸੀ ਤੇ ਜਿਸ ਦਾ ਇਕ ਕਰਾਮਾਤੀ ਚੇਲਾ, ਕਰਾਮਾਤਾਂ ਰਾਹੀਂ ਦੀਨ ਇਲਾਹੀ ਫੈਲਾਉਣ ਪਿਸ਼ੌਰ ਵੱਨੇ ਘਲਿਆ ਹੋਇਆ ਸੀ; ਉਹ ਸ਼ਾਇਦ ਮਾਰਗਲੇ ਦੇ ਪਰਲੇ ਪਾਸੇ ਰੜੇ ਸੁਕੇ ਪਹਾੜ ਤੇ ਆ ਕੇ ਬੈਠਾ ਸੀ ਤੇ ਛੱਛ ਦੇ ਤੇ ਹਜ਼ਾਰੇ ਦੇ ਇਲਾਕੇ ਵਿਚ 'ਵਲੀ ਕੰਧਾਰੀ' ਦੇ ਨਾਮ ਤੇ ਪ੍ਰਸਿਧ ਹੋਇਆ ਸੀ।

੬

ਨੂਰ ਜੀ ਦੇ ਘਰ ਬੰਦਿਆਂ ਦਾ ਹਾਲ ਉਧਰ ਕੀ ਹੋ ਰਿਹਾ ਸੀ ? ਬਗ਼ਦਾਦ ਦੇ ਪੰਜਵੇਂ ਫੇਰੇ ਬਾਅਦ 'ਨੂਰ ਜੀ' ਉਹਨਾਂ ਲਈ ਜਿਹਨਾਂ ਨੂੰ ਉਹ ਦਿਲ ਨਾਲ ਪਿਆਰ ਕਰਦੇ ਸੀ ਅਰ ਉਹਨਾਂ ਤੋਂ ਕੁਰਬਾਨ ਹੋ ਰਹੇ ਸੀ, ਇਕ ਬਿਜਲੀ ਬਣੇ ਹੋਏ ਸਨ, ਹਥ ਲਾਇਆਂ ਕੋਈ ਰੰਗ ਚੜ੍ਹ ਜਾਂਦਾ ਸੀ।

ਸਵਾਣੀ ਜੀ ਦੀ ਹਾਲਤ ਉਹੋ ਹੋ ਗਈ ਸੀ ਜੋ ਨੂਰ ਜੀ ਦੀ ਸੀ। ਉਹਨਾਂ ਦੇ ਦਿਲ ਦੀ ਇਹ 'ਲਾਲਸਾ' 'ਹਾਏ ਭੇਤ ਕੀ ਹੈ ?' ਸਵਾਣੀ ਦੇ ਦਿਲ ਵਿਚ ਵੈਸੀ ਹੀ ਪ੍ਰਤੀਬਿੰਬਤ ਹੋਈ ਸੀ। ਆਪ ਦੇ ਪੋਸਤੀਨ ਦੇਣ ਨਾਲ ਪੋਸਤੀਨ ਨੇ ਪਾਰਸ ਰੂਪ ਹੋ 'ਸ਼ਿਰਨੀ' ਨੂੰ ਓਸੇ ਚੁਪ-ਪਰੀਤ ਦੀ ਛੋਹ ਲਗਾ ਦਿਤੀ ਸੀ।

ਸ਼ਹੁਰੇ ਨੂੰ ਸ਼ਿਰਨੀ ਦੇ ਚਿਹਰੇ ਦੇ ਕਿਸੀ ਖਾਸ ਰੰਗ ਰੂਪ ਥੀਂ ਲਗ ਗਈ ਤੇ ਇਸ ਅਜਬਿ ਰੂਹ ਦੀ ਇਕ ਸੂਰਤ ਵਿਚ ਘਰ ਸਵਰਗ ਬਣ ਰਿਹਾ ਸੀ।

ਉਸ ਗੱਲ ਨੂੰ ਤੀਸਰਾ ਸਾਲ ਜਾ ਰਿਹਾ ਸੀ, ਨੂਰ ਜੀ ਦੋ ਸਾਲ ਘਰ ਰਹੇ ਸਨ, ਮੁੜ ਦੋ ਸਾਲ ਇਸ ਸਿਲਸਿਲੇ ਉੱਪਰ ਕੋਈ ਗਲ ਬਾਤ ਨਹੀਂ ਹੋਈ ਸੀ।

ਸਵਾਣੀ ਨੂਰ ਜੀ ਨੂੰ ਦੇਖ ਸੁਖ ਨਾਲ ਭਰ ਜਾਂਦੀ ਸੀ ਦਿਲ ਵਿਚ ਠੰਡ ਪੈ ਜਾਂਦੀ ਸੀ ਤੇ ਉਸ ਠੰਡ ਦੇ ਸਵਾਦ ਵਿਚ ਝੂੰਮਦੀ ਸੀ। ਸ਼ਿਰਨੀ ਸਵਾਣੀ ਨੂੰ ਵੇਖ ਕੇ ਉਸੇ ਰੰਗ ਵਿਚ ਆਉਂਦੀ ਸੀ ਤੇ 'ਸ਼ਹੂਰ' ਸ਼ਿਰਨੀ ਨੂੰ ਵੇਖ ਕੇ ਆਉਂਦਾ ਸੀ। ਅਚਰਜ ਭਾਵੇਂ ਹੋਵੇ, ਪਰ ਸ਼ਿਰਨੀ ਨੂੰ ਕੋਈ ਸੁਖ ਕਦੀ ਨੂਰ ਜੀ ਥੀਂ ਨਹੀਂ ਦਿਖ ਪਿਆ ਸੀ। ਇਹੋ ਜਾਪਦਾ ਸੀ ਕਿ 'ਸਵਾਣੀ' ਸੁਖ ਦੇ ਰਹੀ ਹੈ ਤੇ ਸ਼ਹੂਰੇ ਦੇ ਨੈਣ 'ਸ਼ਿਰਨੀ' ਤਕ ਹੀ ਵੇਖ ਸਕਦੇ ਸਨ। ਇਸ ਘਰ ਵਿਚ ਅਗੇ ਮਹਿਮਾਨ ਦੂਰ ਦੂਰ ਦੇ ਆਉਂਦੇ ਸਨ, ਪਰ ਹੁਣ ਇਸ ਅੰਦਰਲੇ ਰਸ ਤੋਂ ਫੁਰਸਤ ਘਟ ਹੁੰਦੀ ਸੀ, ਸੋ ਆਣ ਜਾਣ ਲੋਕਾਂ ਦਾ ਘਟ ਗਿਆ ਸੀ, ਸਾਰਾ ਘਰ ਦਾ ਘਰ ਆਪੇ ਵਿਚ ਗੜੂੰਦ ਰਹਿਣ ਲਗ ਪਿਆ ਸੀ। ਇਸ ਵੇਰੀ ਨੂਰ ਜੀ ਦੋ ਸਾਲ ਬਾਅਦ ਮੁੜ ਸਫਰ ਨੂੰ ਗਏ ਸਨ, ਟੁਰਨ ਵੇਲੇ 'ਸਵਾਣੀ' ਘਾਬਰੀ ਸੀ ਤੇ ਕਹਿਣ ਲੱਗੀ – ਮਾਲਕਾ! ਅਗੇ ਤਾਂ ਕਦੀ ਨਾ ਘਾਬਰੀ, ਪਰ ਐਤਕੀਂ ਦਿਲ ਟੁਟਦਾ ਹੈ, ਵਿਛੋੜੇ ਦਾ ਖਿਆਲ ਸੱਲਦਾ ਹੈ, ਪੀੜ ਹੁੰਦੀ ਹੈ ਕਿੰਜ ਜੀਸਾਂ ? ਤੇ ਨੂਰ ਜੀ ਨੇ ਕਿਹਾ ਸੀ 'ਰਬ ਦੀ ਮਿਹਰ ਹੈ; ਅੱਛਾ ਛੇਤੀ ਮੁੜਾਂਗੇ, ਬਸ, ਹੋਰ ਕੋਈ ਵੈਰਾਗ ਦੀ ਗਲ ਬਾਤ ਲੰਮੀ ਨਹੀਂ ਸੀ ਹੋਈ, ਸਵਾਣੀ ਦੇ ਨੈਣ ਅਥਰੂਆਂ ਨਾਲ ਭੱਰ ਗਏ ਸਨ, ਪਰ ਉਸ ਨੇ ਢਹਿਣ ਨਾ ਦਿਤੇ ਤੇ ਨੂਰ ਜੀ ਦੇ ਨੈਣ ਸਵਾਣੀ ਵਲ ਤਕ ਕੇ ਕੁਝ ਅਰੁਣ ਹੋ ਗਏ ਸਨ। ਬਸ ਤੇ ਆਪ ਘਰੋਂ ਕਾਬਲੀ ਕਾਫਲੇ ਨਾਲ ਚਲੇ ਗਏ ਸਨ ਕਿ ਅਸੀਂ ਕੰਧਾਰ ਦੇ ਰਸਤੇ ਸਿੱਧੇ ਬਗਦਾਦ ਦੇ ਸਾਲਾਨਾ ਬਾਜ਼ਾਰ ਤੇ ਜਾਵਾਂਗੇ ਅਰ ਉਥੋਂ ਸਿੱਧੇ ਮੁੜ ਆਵਾਂਗੇ। ਐਤਕੀਂ ਸਾਰੇ ਸਾਥੀ ਬਸ ਮੇਰੀ ਇਸ ਤਜਵੀਜ਼ ਨਾਲ ਰਜ਼ਾਮੰਦ ਹੋ ਗਏ ਹਨ। ਓਧਰ ਨੂਰ ਜੀ ਜਿਸ ਵਕਤ 'ਸ਼ਾਹ ਬਹਿਲੋਲ' ਦੀ ਬਰਕਤ ਆਪਣੀ ਕੰਡ ਉੱਪਰ ਲੈ ਰਹੇ ਸਨ, ਇਧਰ ਸਵਾਣੀ ਦੀ ਅਜੀਬ ਹਾਲਤ ਹੋ ਰਹੀ ਸੀ। ਨੂਰ ਜੀ ਦੇ ਕਮਰੇ ਵਿਚ ਦੀਵਾ ਜਗਾਣ ਲੱਗੀ ਸੀ ਤਾਂ ਦੀਵਾ ਹੱਥ ਵਿਚੋਂ ਡਿਗ ਪਿਆ। ਬਹਿ ਗਈ ਅੱਖਾਂ ਬੰਦ ਹੋ ਗਈਆਂ, ਰੋਮ ਰੋਮ ਵਿਚ ਬੇਓੜਕ ਸੁਖ ਨੇ ਬੇਹਾਲ ਕਰ ਦਿਤਾ, ਦੰਦਕਣ ਜਿਹਾ ਪੈ ਗਿਆ, ਤਲਵੇਂ ਦੰਦ ਉਪਰਲਿਆਂ ਨਾਲ ਝਬਕ ਲਗਾ ਗਏ ਤੇ ਸਾਰੀ ਸੁਰਤ ਦਸਵੇਂ ਦਵਾਰ ਤੇ ਕੋਲ ਕੋਲ ਇਉਂ ਉੱਠੀ ਜਿਵੇਂ ਸਮੁੰਦਰਾਂ ਦਾ ਸਾਰਾ ਪਾਣੀ ਕਿਸੇ ਬੰਨ੍ਹ ਕੇ ਇਕ ਉੱਚਾ ਜਾਂਦਾ ਥੰਮ੍ਹ ਬਣਾ ਦਿਤਾ ਹੈ ਤੇ ਉਹ ਥੰਮ੍ਹ ਆਪਣੇ ਜ਼ੋਰ ਵਿਚ ਸਵਾਣੀ ਦੀ ਖੋਪਰੀ ਵਿਚ ਧਸ ਰਿਹਾ ਸੀ। ਸਵਾਣੀ ਦੀ ਸੁਰਤ ਇਉਂ ਉੱਚੀ ਖਿਚੀ ਜਾ ਰਹੀ ਹੈ ਜਿਵੇਂ ਅੱਧ ਅਸਮਾਨਾਂ ਵਿਚ ਲਟਕ ਗਈ। ਹੇਠਲਾ ਸਰੀਰ ਬੇਸੁੱਧ ਪਿਆ ਹੈ, ਕਮਰਾ ਸਵਾਦ ਨਾਲ ਭੱਰ ਗਿਆ ਹੈ। ਦੋ ਘੰਟੇ ਇਉਂ ਬੀਤ ਗਏ। ਸ਼ਿਰਨੀ ਆਪਣੀ ਮਲਕਾ ਨੂੰ ਟੋਲਦੀ ਟੋਲਦੀ ਘਾਬਰੀ ਹੋਈ ਆਈ, ਪਰ ਅੰਦਰ ਵੜ

ਨਾ ਸਕੀ, ਖਿਆਲ ਕੀਤਾ ਮਤੇ 'ਮੈਂ ਖੁਸ਼ੀ ਨਾਲ ਤਪੀ ਹੋਈ ਨਾ ਹੋਵਾਂ' ਮੁਹਾਠ ਬਾਹਰ ਬਹਿ ਗਈ – 'ਠੰਡੀ ਹੋ ਲਵਾਂ। ਸਾਹੋ-ਸਾਹ ਜਿਹੜੀ ਹੋਈ ਸੀ, ਕੁਛ ਆਰਾਮ ਪਾਇਆ। 'ਮੁਹਾਠ' ਇਤਨੀ ਚੰਗੀ ਲਗੀ ਕਿ ਆਪਣੇ ਲਾਲ ਨਿਕੇ ਹੋਠਾਂ ਨਾਲ ਓਸ ਖਰ੍ਹਵੇ ਕਾਠ ਨੂੰ ਚੁੰਮਿਆ। ਆਪਣੇ ਹੋਠਾਂ ਤੋਂ ਵਧ ਓਸ ਮੁਹਾਠ ਦੇ ਕਾਠ ਦਾ ਸਵਾਦ ਆਇਆ। ਦਿਲ ਖੁਸ਼ੀ ਵਿਚ ਨਚਿਆ, ਲੂੰ ਕੰਡੇ ਹੋਏ, ਇਉਂ ਦਿਸੇ ਜਿਵੇਂ ਕੋਈ ਕੰਡ ਤੇ ਹਥ ਫੇਰ ਰਿਹਾ ਹੈ। ਅਗੇ ਵਧੀ, ਕਮਰੇ ਵਿਚ ਡਾਢਾ ਮਿਠਾ ਸਵਾਦ ਹੈ, ਕਮਰਾ ਮੰਦਰ ਬਣ ਰਿਹਾ ਹੈ। ਦੱਬੇ ਪੈਰ ਜਾਣ ਦੀ ਆਦਤ ਤਾਂ ਸੀ ਹੀ, ਹਨੇਰਾ ਸੀ ਪਰ ਕੁਝ ਚਿਰ ਮਗਰੋਂ ਕਾਫੀ ਚਾਨਣਾ ਲੱਗਣ ਲਗ ਪਿਆ। ਦੀਵਾ ਢੱਠਾ ਪਿਆ ਹੈ ਤੇ ਦੀਵੇ ਪਾਸੇ ਸਵਾਣੀ ਉਨਮਾਦ ਰੱਸ ਵਿਚ ਢਠੀ ਪਈ ਹੈ, ਸਰੀਰ ਦੀ ਸੁਧ ਨਹੀਂ, ਮੱਥਾ ਚਮਕ ਰਿਹਾ ਹੈ; ਸਵਾਸ ਬੜਾ ਮੱਧਮ ਆ ਰਿਹਾ ਹੈ, ਸ਼ਿਰਨੀ ਕੋਲ ਬਹਿ ਗਈ ਤੇ ਉਹ ਵੀ ਓਸੇ ਹਾਲਤ ਵਿਚ ਓਥੇ ਗੜੂੰਦ ਹੋ ਗਈ।

"ਨੀਲੀ ਘੋੜੀਏ ! ਵਹਿਲੀ ਆ" ਬੜੇ ਚਿਰ ਮਗਰੋਂ ਸਵਾਣੀ ਦੇ ਮੂੰਹੋਂ ਇਹ ਅਵਾਜ਼ ਆਈ ਤੇ ਸ਼ਿਰਨੀ ਵੀ ਤਰੱਬਕ ਕੇ ਉੱਠੀ। ਸਵਾਣੀ ਨੇ ਸ਼ਿਰਨੀ ਨੂੰ ਗਲ ਲਾ ਕੇ ਸ਼ਿਰਨੀ ਦੀ ਕੰਡੀ ਤੇ ਹਥ ਫੇਰੇ, ਸ਼ੁਕਰ ਹੈ, ਸ਼ੁਕਰ ਹੈ, ਤੇ ਸ਼ਿਰਨੀ ਸਵਾਣੀ ਦੀ ਛਾਤੀ ਨਾਲ ਲੱਗੀ ਕੁਝ ਚਿਰ ਬਰਕਤ ਲੈਂਦੀ ਰਹੀ।

"ਸਵਾਣੀ ਜੀ !ਅਜ ਬਹੁਤ ਉਦਾਸ ਸੌ, ਸਾਰਾ ਦਿਲ ਕੁਝ ਵੈਰਾਗ ਵਿਚ ਰਹੇ ਸੌ।"

"ਸ਼ਿਰਨੀ ! ਸੁਣ ਵਿਰਹਾ ਨਹੀਂ ਝਲਿਆ ਜਾਂਦਾ, ਮਾਲਕ ਉਹਲੇ ਹੁੰਦਾ ਹੈ ਤਦ ਦਿਲ ਨੂੰ ਕੁਝ ਹੁੰਦਾ ਹੈ। ਅੱਗੇ ਨਮਾਜ਼ ਰੋਜ਼ੇ ਵਿਚ ਦਿਨ ਕੱਟ ਜਾਂਦੇ ਸਨ, ਹੁਣ ਦਿਨ ਕਟੀ ਬੜੀ ਦਰਦਾਂ ਨਾਲ ਭਰੀ ਹੈ। ਦਿਲ ਵਿਚ ਪੀੜਾਂ ਉਠਦੀਆਂ ਹਨ। ਸਾਰਾ ਦਿਨ ਅੱਗ ਪੀੜਾਂ, ਦਿਲ ਪੀੜਾਂ ਨੇ ਨਿਢਾਲ ਕਰ ਸੁੱਟਿਆ ਸੀ, ਪਤਾ ਨਹੀਂ ਕੀ ਹੋਇਆ ਹੈ ? ਦੀਵਾ ਜਗਾਣ ਲੱਗੀ ਤਾਂ ਇਉਂ ਦਿਸਿਆ ਕਿ ਕੰਡੀ ਤੇ ਕੋਈ ਹੱਥ ਫੇਰ ਰਿਹਾ ਹੈ, ਬੱਸ ਸੁਖ ਦੀਆਂ ਨਦੀਆ ਠਿਲ੍ਹ ਪਈਆਂ। ਮੈਂ ਡੁਬ ਗਈ ਆਂ, ਮੇਰੇ 'ਗਿਲੇ-ਪਿਆਰ' ਦੇ ਦਰਦ ਸੁਨੇਹਿਆਂ ਦੇ ਮੂੰਹ ਮਾਖਿਓਂ ਨਾਲ ਭਰ ਗਏ। ਹਾਏ ! 'ਪਿਆਰ' ਇਹ ਹੈ, ਉਹ ਨਹੀਂ ਜਿਹੜਾ ਮੂੰਹੋਂ ਬੋਲਦਾ ਰਹਿੰਦਾ ਹੈ, ਪਿਆਰ ਦਾ ਸਵਾਦ ਚੁੱਪ ਵਿਚ ਹੈ; ਪਰ ਇਹ ਚੁੱਪ ਵਿਚ ਤਦ ਹੀ ਆਵੇ ਨਾ ਜਦ ਅਚਾਨਕ ਕੋਈ ਗੈਬ ਵਿਚੋਂ ਇਉਂ ਆਣ ਮਿਲੇ, ਕੰਡੀ ਹੱਥ ਫਿਰੇ।"

"ਸਵਾਣੀ ! ਤੁਸੀਂ ਸੱਚੇ ਹੋ, ਮੈਨੂੰ ਵੀ ਇਹੋ ਦਿਸਿਆ ਮੇਰੀ ਕੰਡੀ ਤੇ ਕੋਈ ਹੱਥ ਫੇਰ ਰਿਹਾ ਹੈ।"

"ਪਰ ਤੁਸਾਡੀ ਅਵਾਜ਼ ਨਿਕਲੀ ਸੀ ਕਿ ਕੋਈ ਸੁਫਨਾ ਸੀ?"

"ਨਹੀਂ, ਮੈਨੂੰ ਆਪਣਾ ਮਾਲਕ ਆਪਣੀ ਸੋਹਣੀ ਨੀਲੀ ਘੋੜੀ ਤੇ ਚੜ੍ਹਿਆ ਹਵਾ ਵਿਚ ਉਡਦਾ ਸਵਾਰ, ਸੁਹਣਾ ਕੁੱਲਾ, ਸੋਹਣੀ ਦਸਤਾਰ, ਸੋਹਣੀ ਦਾਹੜੀ, ਸੁਹਣੇ ਕੇਸ, ਘਰ ਆਉਂਦਾ ਦਿਸਿਆ ਹੈ। ਮੈਂ ਹਵਾ ਵਿਚ ਇਨ੍ਹਾਂ ਅੱਖਾਂ ਨਾਲ ਤੱਕਿਆ ਹੈ, ਜੋ ਮੈਂ ਆਪਣੀ ਘੋੜੀ ਨੂੰ ਪੁਚਕਾਰਿਆ ਸੀ। ਮੈਂ ਅਵਾਜ਼ ਦਿੱਤੀ ਸੀ। ਕੀ ਉਹ ਅਵਾਜ਼ ਕੁਛ ਉੱਚੀ ਨਿਕਲ ਗਈ ਸੀ ?"

"ਜੀ ਹਾਂ ! ਇਹੋ ਸੀ।"

"ਸ਼ਿਰਨੀ ! ਉਠ, ਦੀਵਾ ਜਗਾ, ਜੋਤਿ ਰੱਬ ਦਾ ਮੂਹ ਹੈ। ਉਠ ਸਾਈਂ ਦਾ ਕਮਰਾ ਹੁਣ ਤੱਕ ਹਨੇਰੇ ਵਿਚ ਹੈ, ਅੱਛਾ, ਮੈਂ ਹੀ ਜਗਾਂਦੀ ਹਾਂ।"

"ਸਵਾਣੀ ਜੀ ! ਮੇਰੇ ਹੱਥ ਆਪ ਦੇ ਹਨ ਨਾ, ਆਪ ਹੁਣੇ ਉਠੇ ਹੋ, ਕੁਛ ਨਿਰਬਲ ਹੋ ਆਪ ਦਾ ਉੱਠਣਾ ਠੀਕ ਨਹੀਂ। ਆਪ ਦਿਲ ਦੀ ਜੋਤ ਤਾਂ ਜਗਾ ਚੁੱਕੇ ਹੋ। ਕਮਰੇ ਵਿਚ ਤਾਂ ਰੋਸ਼ਨੀ ਹੈ। ਮੈਂ ਉਸੇ ਰੋਸ਼ਨੀ ਨਾਲ ਤਾਂ ਦੀਵਾ ਤਕਿਆ ਹੈ। ਤੁਸੀਂ ਤੇ ਇਉਂ ਸੀ, ਜਿਵੇਂ ਦੂਰੋਂ ਤਾਰਿਆਂ ਦੀ ਲੋ ਆਵੇ।"

"ਨਹੀਂ, ਸ਼ਿਰਨੀਏਂ ! ਤੂੰ ਕੀ ਪਈ ਕਰਦੀ ਹੈਂ, ਕਮਰਾ ਕਿੰਨਾ ਹਨੇਰਾ ਹੈ?"

"ਜੀ ਆਪ ਨੂੰ ਚਾਨਣ ਕਮਰੇ ਵਿਚ ਨਹੀਂ ਦਿਸਦਾ ?"

"ਨਹੀਂ।"

"ਮੈਨੂੰ ਤਾਂ ਮੱਧਮ ਰੋਸ਼ਨੀ ਦਿਸਦੀ ਹੈ, ਆਪ ਦੇ ਸਾਰੇ ਜਿਸਮ ਦੇ ਇਰਦ ਗਿਰਦ ਲਿਪਟੀ ਹੈ, ਨਹੀਂ ਉਹ ਆਪ ਦੇ ਹੱਸਦੇ ਹੋਠਾਂ ਵਿਚ ਦੀ ਇਹ ਸ਼ਾਮ ਪ੍ਰਭਾਤ ਹੈ।"

"ਸ਼ਿਰਨੀਏਂ ! ਤੂੰ ਬੜੀ ਗਲੌਕੜ ਹੋ ਗਈ ਹੈਂ।"

"ਜੀ, ਮੈਂ ਤਾਂ ਜੋ ਤਕ ਰਹੀ ਹਾਂ ਸੋ ਕਹਿ ਰਹੀ ਹਾਂ।"

"ਅੱਛਾ ਉੱਠ ਦੀਵਾ ਤਾਂ ਜਗਾ ਨਾ !"

ਸਵੇਰ ਵੇਲੇ ਦੂਏ ਦਿਨ ਓਹ ਹਾਲਤ ਸਵਾਣੀ ਦੀ ਇਸ਼ਨਾਨ ਵੇਲੇ ਹੁੰਦੀ। ਕਮਰੇ ਅੰਦਰ ਦਰਵਾਜ਼ੇ ਬੰਦ ਤੇ ਇਕੱਲੀ ਇਸ਼ਨਾਨ ਕਰਨ ਲਗੀ ਹੈ। ਲੋਟਾ ਸੋਨੇ ਦਾ ਹੈ, ਪਾਣੀ ਤਾਂਬੇ ਦੇ ਬਰਤਨ ਵਿਚ ਭਰਿਆ ਪਿਆ ਹੈ, ਅਰ ਚੌਕੀ ਦੀਵਾਰ ਨਾਲ ਡੱਠੀ ਹੈ, ਗੜਵਾ ਤਾਂਬੇ ਦੇ ਬਰਤਨ ਵਿਚ ਹੈ, ਸਿਰ ਆਪ ਦਾ ਝੁਕੇ ਸੱਜੇ ਗੋਡੇ ਉੱਪਰ ਆਨ ਲਗਾ ਹੈ ਤੇ ਖੱਬੀ ਟੰਗ ਸਿੱਧੀ ਪਈ ਹੈ, ਅਰ ਆਪ ਬੇਹੋਸ਼

ਪਏ ਹਨ। ਗੜਵਾ ਹਥ ਵਿਚੋਂ ਨਹੀਂ ਡਿਗਿਆ, ਕੋਈ ਸਰੀਰ ਦਾ ਅੰਗ ਨਾ ਫਰਕਿਆ ਨਾ ਹਿਲਿਆ, ਅੱਖਾਂ ਬੰਦ ਹਨ, ਸਰੂਰ ਗਹਿਰਾ ਹੁੰਦਾ ਜਾਂਦਾ ਹੈ। ਉਹ ਨੀਂਦਰ ਹੈ, ਜਿਸ ਵਿਚ ਹੋਸ਼ ਹੈ, ਪਰ ਸਵਾਦ ਦੇ ਸਮੁੰਦਰ ਵਿਚ ਗੜੂੰਦ ਹੈ। ਦੋ ਘੰਟੇ ਹੋਣ ਲਗੇ ਇਕ ਕਮਰੇ ਵਿਚ ਸ਼ਿਰਨੀ ਕਪੜੇ ਲਈ ਬੈਠੀ ਹੈ, ਉਹ ਕਪੜਿਆਂ ਨੂੰ ਵੇਖ ਵੇਖ ਖੁਸ਼ ਹੁੰਦੀ ਹੈ, ਇਕ ਪੋਸ਼ਾਕ ਕਢਦੀ ਹੈ ਬੜੀ ਸੋਹਣੀ, ਬਹੁਮੁਲੀ; ਕਹਿੰਦੀ ਹੈ : ਮੈਲੀ। ਦੂਜੀ ਕਢਦੀ ਹੈ ਤੇ ਕਹਿੰਦੀ ਹੈ : ਨਹੀਂ ਚੰਗੀ। ਆਖਰ ਇਕ ਉਸ ਨੂੰ ਪਸੰਦ ਆਉਂਦੀ ਹੈ, ਉਹਨੂੰ ਉਹ ਆਪ ਆਪਣੀ ਛਾਤੀ ਨਾਲ ਲਗਾਉਂਦੀ ਹੈ, ਨੈਣਾਂ ਨਾਲ; ਉਹਨੂੰ ਚੁੰਮਦੀ ਹੈ, ਮੱਥੇ ਤੇ ਚੁਕਦੀ ਹੈ ; ਹੇਠਾਂ ਰਖਦੀ ਹੈ, ਸੰਵਾਰਦੀ ਹੈ ਪਿਆਰਦੀ ਹੈ ਉਹਨੂੰ ਆਪਣੀ ਇਸ ਲਗਨ ਵਿਚ ਹੋਸ਼ ਨਹੀਂ ਪਰ ਜਦ ਹੋਸ਼ ਆਈ, 'ਹਾਏ ਜੀ! ਸਵਾਣੀ ਹਾਲੇ ਇਸ਼ਨਾਨ ਨਹੀਂ ਕਰ ਚੁੱਕੀ।' ਹੋਰ ਦਰਵਾਜ਼ੇ ਬੰਦ ਸਨ, ਪਰ ਕਪੜੇ ਪਾਣ ਵਾਲਾ ਕਮਰਾ, ਜਿਸ ਵਿਚ ਉਹ ਸੀ, ਗੁਸਲਖਾਨੇ ਵਿਚ ਖੁਲ੍ਹਦਾ ਸੀ, ਮਲਕੜੇ ਝਾਕਦੀ ਹੈ ਤੇ ਦੇਖਦੀ ਹੈ ਕਿ ਸਵਾਣੀ ਬੇਹਾਲ ਹੈ ਦੱਬੇ ਪੈਰ ਅੰਦਰ ਜਾਂਦੀ ਹੈ। ਉਹਦੇ ਬੈਠਣ ਨਾਲ ਅੱਖ ਖੋਲ੍ਹਦੀ ਹੈ, 'ਲਾਲ' ਉਪਰ ਚੜ੍ਹੇ ਹੋਏ ਬੜੀ ਮੁਸ਼ਕਲ ਨਾਲ ਖੋਹਲੇ ਹਨ, ਛੱਪਰ ਸਵਾਣੀ ਉਠਦੇ ਨਹੀਂ ਸਨ, ਅੱਖਾਂ ਅੰਦਰਵਾਰ ਛੱਪਰਾਂ ਨਾਲ ਚਮੁੱਟ ਗਈਆਂ ਸਨ। ਅੱਖਾਂ ਡਾਢੀ ਪੀੜ ਦੇ ਕੇ ਤੇ ਖਾਸ ਕੋਸ਼ਿਸ਼ ਨਾਲ ਖੁੱਲ੍ਹੀਆਂ ਪਰ ਨੈਣ ਸਵਾਣੀ ਦੇ ਉਸ ਵੇਲੇ ਸਾਰੇ ਅਕਾਸ਼ ਦਾ ਸੁਹੱਪਣ ਲਏ ਹੋਏ ਸਨ, ਸਿਰਫ ਸ਼ਿਰਨੀ ਨੇ ਤੱਕੇ।

"ਸ਼ਿਰਨੀ ! ਦੇਰ ਹੋ ਗਈ ਹੈ ?"

"ਸਵਾਣੀ ਜੀ ! ਕੀ ਹੁਣ ਫੇਰ ਤੁਸੀਂ ਨਿਢਾਲ ਹੋਣ ਲੱਗ ਪਏ ਹੋ ?"

"ਸ਼ਿਰਨੀ ! ਕੀ ਹੋਇਆ ?"

"ਤਿੰਨ ਚਾਰ ਸਾਇਤਾਂ ਹੋਣ ਲੱਗੀਆਂ ਹਨ, ਆਪ ਇਸ਼ਨਾਨ ਨੂੰ ਅੰਦਰ ਵੜੇ ਤੇ ਦੁਪਹਿਰਾਂ ਚੜ੍ਹਨ ਲਗੀਆਂ ਹਨ।"

"ਸ਼ਿਰਨੀ ! ਇਸ਼ਨਾਨ ਕਿਸ ਕੰਮ 'ਚ ਜੇ ਇਸ਼ਨਾਨ ਥੀਂ ਪਹਿਲਾਂ ਹੀ ਉਹ ਇਸ਼ਨਾਲ ਵਾਲੀ ਠੰਢ ਮਿਲ ਜਾਏ।"

ਸ਼ਿਰਨੀ ਨੇ ਨੁਹਾਇਆ ਤੇ ਛੇਤੀ ਕਪੜੇ ਪੁਆਏ, ਸਵਾਣੀ ਸਜਾਈ ਤੇ ਸ਼ਿਰਨੀ ਦੇ ਦਿਲ ਦੀ ਮਲਕਾਂ ਬਾਹਰ ਆ ਗਈ।

ਨੂਰ ਜੀ ਦੇ ਘਰ ਵਾਲਿਆਂ ਦੀ, ਉਹਨਾਂ ਦੀ ਗ਼ੈਰਹਾਜ਼ਰੀ ਵਿਚ, ਰੋਜ਼ ਇਹ ਹਾਲਤ ਸੀ।

ਤੀਜਾ ਕਾਂਡ

੧

ਗੁਰੂ ਬਾਬੇ ਜੀ ਦੇ 'ਕਰਤਾਰ ਪੁਰ' ਰਾਵੀ ਦੇ ਕਿਨਾਰੇ ਸ਼ਬਦਾਂ ਦੀ ਘਨਘੋਰ ਹੋ ਰਹੀ ਹੈ, ਸੰਗਤਾ ਵਹੀਰਾਂ ਪਾ ਕੇ ਆਈਆਂ ਹਨ, ਸਭ ਦੇਸ਼ ਦੇਸ਼ਾਂਤਰ ਕੱਠੇ ਹੋਏ ਹੋਏ ਹਨ। ਕਰਤਾਰ ਪੁਰ ਵਿਚ ਆਪਣੀਆਂ, ਬੇਗਾਨੀਆਂ ਕੌਮਾਂ ਦਾ ਕੇਂਦਰ ਸਜਿਆ ਹੋਇਆ ਹੈ। ਬਾਬਾ ਜੀ ਦਰਸ਼ਨ ਦੇ ਰਹੇ ਹਨ, ਸ੍ਰੀ ਲਹਿਣਾ ਜੀ ਸੰਗਤਾਂ ਵਿਚ ਫਿਰ ਕੇ ਹਰ ਇਕ ਨੂੰ ਨਿਹਾਲ ਕਰ ਰਹੇ ਹਨ। ਖੁਸ਼ੀਆਂ ਨਿਤ ਨਵੀਆਂ ਚੜ੍ਹ ਸੁ ਚੜ੍ਹ ਰਹੀਆਂ ਹਨ। ਮਾਲਕ ਦਾ ਨਵਾ ਮੁਲਕ, ਨਵੀਂ ਵਿਲਾਇਤ, ਅਨੰਦ ਸੁਖ ਚੁਪ-ਪ੍ਰੀਤ, ਚੁਪ-ਕਿਰਤ, ਚੁਪ-ਮਗਨਤਾ, ਚੁਪ-ਸੇਵਾ ਵਸ ਰਹੀ ਹੈ। ਮਾਲਕ ਦਾ ਨਵਾਂ ਸ਼ਬਦ ਤੇ ਸੁਰਤਿ ਵਾਲਾ ਇਨਸਾਨ ਪੈਦਾ ਹੋ ਆਇਆ ਹੈ, ਬਾਬੇ ਜੀ ਦਾ ਨਵਾਂ ਸਹਿਜ-ਜੋਗ ਘਰ ਦੇ ਪਿਆਰ ਵਿਚ ਕਰਤਾਰ ਦੇ ਪਿਆਰ ਦੀ ਪ੍ਰਾਪਤੀ ਦੇ ਤਰੀਕੇ ਦਾ ਦਰਬਾਰ ਲਗਾ ਹੈ। ਬਾਬੇ ਦੇ ਦਰਸ਼ਨ ਦੀ ਜੋਤਿ ਜਗ ਰਹੀ ਹੈ, ਪਤੰਗੇ ਆਪਾ ਪਿਆਰ ਵਿਚ ਵਾਰ ਰਹੇ ਹਨ। ਤੀਵੀਂ ਮਰਦ ਬਰੱਬਰ, ਰਾਵ ਰੰਕ ਬਰੱਬਰ, ਪੜ੍ਹਿਆ ਅਨ-ਪੱੜ੍ਹਿਆ ਬਰੱਬਰ ਪਿਆਰ ਇਕ ਰਸ, ਸੇਵਾ ਇਕ ਰਸ, ਅਖੰਡ ਸਿਫਤ-ਸਲਾਹ ਇਹ ਬਾਬੇ ਜੀ ਦੇ ਦਿਲ ਵਿਚੋਂ ਜੰਮਿਆਂ ਇਨਸਾਨੀ ਦਰਦ ਵਾਲਾ, ਘਰ ਦੇ ਪਿਆਰ ਵਾਲਾ, ਰਬ ਦੇ ਭਗਤ ਦੀ ਤੀਬਰਤਾ ਕੋਮਲਤਾ ਦਯਾ ਵਾਲਾ ਰਾਜੇ ਦੇ ਨਿਆਂ ਵਾਲਾ, ਫੌਜਾਂ ਦੀ ਲਲਕਾਰ ਵਾਲਾ, ਦੁਸ਼ਟਾਂ ਨੂੰ ਡੰਡ ਦੇਣ ਵਾਲਾ, ਜੁਗਤਿ ਦੀ ਰਾਜਨੀਤੀ ਵਾਲਾ, ਪਿਆਰ-ਵਿਚ ਤਿਆਗ ਵਾਲਾ, ਪਿਆਰ ਵਿਚ ਗ੍ਰਹਿਣ ਵਾਲਾ, ਸਦਾ ਅਠ ਪਹਿਰੀ ਨਿਵੇਦਤ ਕੁਰਬਾਨ ਹੋਈ ਜ਼ਿਦਗੀ ਵਾਲਾ, ਆਲਮਗੀਰ ਆਣ ਵਾਲੇ ਸਦਾ ਦਾ ਮੁਕੰਮਲ ਜੀਵਨ ਦੀ ਕਮਾਲੀਅਤ ਵਾਲਾ ਆਦਰਸ਼ ਸਾਹਮਣੇ ਹੈ। ਤੀਵੀਂ ਮਰਦ, ਬੱਚੇ ਸਿਪਾਹੀ ਰਾਜਾ, ਪਰਜਾ, ਯੋਗੀ, ਜੰਗਮ, ਉਦਾਸੀ ਫਕੀਰ, ਸੰਨਿਆਸੀ, ਮੁਸਲਮਾਨ ਹਿੰਦੂ, ਯਹੂਦੀ ਸਭ ਇਸ ਸੰਗਤ, ਗੁਰੂ ਦੀ ਸੰਗਤ; ਵਿਚ ਮਿਲੇ ਇਕ ਹੋਏ। ਆਣ ਵਾਲੀ ਧਰਮੀ-ਦੁਨੀਆਂ ਦਾ ਮੁਕੰਮਲ ਝਾਕਾ ਅਜ ਕਰਤਾਰ ਪੁਰ ਵਿਚ ਝਲਕ ਦੇ ਰਿਹਾ ਹੈ, ਗੁਰੂ ਦੀ ਸੰਗਤ ਦੇ ਦਰਸ਼ਨ ਹੋ ਰਹੇ ਹਨ। ਗੁਰੂ ਆਪਣੀ ਸੰਗਤ ਨੂੰ ਦੇਖ ਰਿਹਾ ਹੈ, ਸੰਗਤਾਂ ਗੁਰੂ ਦਾ ਦੀਦਾਰ ਕਰ ਰਹੀਆਂ ਹਨ।

ਇਕੱਠ ਵਿਚ, ਬਾਬਾ ਜੀ ਕਹਿੰਦੇ ਹਨ : ਇਕ ਜਲਵਾ ਹੁੰਦਾ ਹੈ, ਉਹ ਜਲਵਾ ਰਬ ਹੈ, ਇਕੱਲੇ ਵਿਚ ਜਿਹੜਾ ਬਲ ਕਦੇ ਨਹੀਂ ਆ ਸਕਦਾ ਉਹ ਇਕੱਠ ਵਿਚ ਸਤੇਸਿਧ ਆ ਜਾਂਦਾ ਹੈ। ਆਦਮੀਆਂ ਦੇ, ਇਨਸਾਨਾਂ ਦੇ ਇਕੱਠ ਵਿਚ ਰਬ ਦਾ ਦੀਦਾਰ ਹੁੰਦਾ ਹੈ। ਬਾਬਾ ਜੀ ਸੰਗਤ ਦੇ ਬੜੇ ਆਸ਼ਕ ਸਨ, ਅਜ ਬਾਬਾ ਜੀ ਦੀ ਵਰ੍ਹੇਗੰਢ ਸੰਗਤਾਂ ਮਨਾਂ ਰਹੀਆਂ ਹਨ। ਸੈਂਕੜੇ ਇਸਤਰੀਆਂ ਮਰਦ ਜੋਟੀਆਂ ਦੇ ਸ਼ਬਦ ਪੜ੍ਹਦੇ ਭੀੜਾਂ ਪਾ ਬਾਬੇ ਦੇ ਦਰਸ਼ਨਾਂ ਨੂੰ ਆ ਰਹੇ ਹਨ। ਲੋਕਾਂ ਦਾ ਸੱਚਾ ਪਾਤਸ਼ਾਹ ਉਹਨਾਂ ਦੇ ਸਾਹਮਣੇ ਹੈ, ਉਹਨਾਂ ਦੇ ਜੋਸ਼ ਤੇ ਉਹਨਾਂ ਦੇ ਦਿਲ ਦੀਆਂ ਠਾਠਾਂ ਨੂੰ ਅਜ ਕੌਣ ਰੋਕ ਸਕਦਾ ਹੈ ? ਅਰੁਕਵੀਆਂ ਹਨ। ਭੀੜਾਂ ਦੀਆਂ ਭੀੜਾਂ ਵਿਚ ਆਦਮੀਆਂ ਦਾ ਸਮੁੰਦਰ ਬਾਬਾ ਜੀ ਦੇ ਚਰਨਾਂ ਤੇ ਆ ਕੇ ਲਹਿਰ ਲਹਿਰ ਹੋ ਕੁਰਬਾਨ ਹੁੰਦਾ ਹੈ ਤੇ ਉਸ ਰੰਗ ਵਿਚ ਸ਼ਬਦਾਂ ਦੀ ਘਨਘੋਰ ਬਦਲਾਂ ਦੀ ਗਰਜ ਨੂੰ ਫੜ ਫੜ ਉਤਾਹਾਂ ਉੱਡ ਰਹੀ ਹੈ:-

"ਸਿਖ ਮਤਿ ਸਭ ਬੁਧਿ ਤੁਮਾਰੀ ਮੰਦਿਰ ਛਾਵਾ ਤੇਰੇ ॥ ਤੁਝ ਬਿਨੁ ਅਵਰੁ ਨ ਜਾਨਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥ ੩ ॥ ਜੀਅ ਜੰਤ ਸਭਿ ਸਰਣਿ ਤੁਮਾਰੀ ਸਰਬ ਚਿੰਤ ਤੁਧੁ ਪਾਸੇ ॥
ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ" ॥

[ਬਿਲਾਵਲ ਮ: ੧-੨

ਸੰਗਤਾਂ ਮੁੜ ਮੁੜ ਇਸ ਤੁਕ ਤੇ ਉਛਲਦੀਆਂ ਸਨ, ਮੱਥੇ ਦੀਆਂ ਨਾੜਾਂ ਫੁਲਦੀਆਂ ਸਨ, ਤੇ ਜੋਸ਼ ਤੇ ਬਿਹਬਲ ਪਿਆਰ ਵਿਚ ਪੜ੍ਹਦੀਆਂ ਸਨ -

"ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ।

ਇਕ ਪਾਸਿਓਂ ਹੋਰ ਟੋਲੀ ਆ ਰਹੀ ਹੈ ਤੇ ਇਹਨਾਂ ਤੁਕਾਂ ਦੀ ਧਵਾਨੀ ਹੋ ਰਹੀ ਹੈ :-

"ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥ ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥"

o o o o

"ਸਖੀ ਮਿਲਹੁ ਰਸਿ ਮੰਗਲ ਗਾਵਹੁ ਹਮ ਘਰਿ ਸਾਜਨੁ ਆਇਆ।"
ਤੇ ਮੁੜ ਮੁੜ ਇਹ ਤੁਕ ਉੱਚੀ, ਹੋਰ ਉੱਚੀ ਚੁਕਦੇ ਹਨ :-

"ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥"

[ਸੂਹੀ ਛੰਤ ਮ: ੧

o o o o

ਪੂਰਬ ਵੱਲ ਦੀਆਂ ਸੰਗਤਾਂ ਗਾਉਂਦੀਆਂ ਆਉਂਦੀਆਂ ਹਨ, ਉਸ ਛਹਿਬਰ ਨੂੰ ਕੌਣ ਵਰਣਨ ਕਰ ਸਕਦਾ ਹੈ :-

"ਵਰੁ ਪਾਇਅੜਾ ਬਾਲੜੀਏ ਆਸ ਮਨਸਾ ਪੂਰੀ ਰਾਮ॥
ਪਿਰਿ ਰਾਵਿਅੜੀ ਸ਼ਬਦਿ ਰਲੀ ਰਵਿ ਰਹਿਆ ਨਹ ਦੂਰੀ ਰਾਮ॥
ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ ਤਿਸਕੀ ਨਾਰਿ ਸਬਾਈ॥
ਆਪੇ ਰਸੀਆ ਆਪੇ ਰਾਵੇ ਜਿਉ ਤਿਸਦੀ ਵਡਿਆਈ।
ਅਮਰ ਅਡੋਲੁ ਅਮੋਲੁ ਅਪਾਰਾ ਗੁਰੁ ਪੂਰੇ ਸਚੁ ਪਾਈਐ,
ਨਾਨਕ ਆਪੇ ਜੋਗ ਸੰਜੋਗੀ ਨਦਰਿ ਕਰੇ ਲਿਵ ਲਾਈਐ।"

ਤੇ ਸੰਗਤ ਮੁੜ ਮੁੜ ਇਹ ਤੁਕ ਦੁਹਰਾਂਦੀ ਹੈ :-

ਨਾਨਕ ਆਪੇ ਜੋਗ ਸੰਜੋਗੀ ਨਦਰਿ ਕਰੇ ਲਿਵ ਲਾਈਐ॥

੨

ਇਕ ਪਾਸੇ ਬਹੁਤ ਸਾਰੇ ਘੋੜੇ ਬੱਧੇ ਹੋਏ ਹਨ ਤੇ ਕੁਝ ਤੇ ਕੁਝ ਤੰਬੂ ਲਗੇ ਹੋਏ ਹਨ। ਸ੍ਰੀ ਲਹਿਣਾ ਜੀ ਓਸੇ ਪਾਸੇ ਗਏ ਤੇ ਕਿਹਾ - "ਆਓ ਭਾਈਓ! ਨਿਰੰਕਾਰ ਨਿਰੰਕਾਰ, ਸਤਿਨਾਮੁ, ਵਾਹਿਗੁਰੂ, ਜੀ ਆਇਆਂ ਨੂੰ ! ਇਹ ਕਾਬਲ ਦੀ ਸੰਗਤ ਆਈ ਹੈ ! ਜੀ ਆਇਆਂ ਨੂੰ ।"

ਸ੍ਰੀ ਲਹਿਣਾ ਜੀ ਨੂੰ ਵੇਖ ਕੇ ਘੋੜੇ ਹਿਨ-ਹਿਨਾਏ, ਨੂਰ ਜੀ ਦਾ ਤੰਬੂ ਲਗਿਆ ਹੋਇਆ ਸੀ। ਸ਼ਿਰਨੀ ਕਹਿੰਦੀ ਹੈ : ਮਾਲਕ ਆਏ ! ਦੌੜ ਕੇ ਚਰਨਾਂ ਤੇ ਡਿਗਦੀ ਹੈ, ਸਵਾਣੀ ਤੇ ਨੂਰ ਜੀ ਬਿਹਬਲ ਹੋ ਚਰਨਾਂ ਤੇ ਢਹਿੰਦੇ ਹਨ, ਕੇਸਾਂ ਦੋਹਾਂ ਦਿਆਂ ਉਪਰ ਚਰਨ ਧੂੜ ਲਗਦੀ ਹੈ, ਸ੍ਰੀ ਜੀ ਆਪਣੇ ਹਥ ਨਾਲ ਉਠਾਂਦੇ ਹਨ, "ਚੱਲੋ ਭਾਈ ਗੁਰੂ ਦਰਸ਼ਨ ਕਰੋ ! ਤੁਸੀਂ ਬਿਉਪਾਰੀ ਹੋ, ਆਓ ਆਪ ਨੂੰ ਚੁਪ-ਪ੍ਰੀਤ ਦੇ ਸ਼ਹਨਸ਼ਾਹ ਬਿਉਪਾਰੀ ਦਸੀਏ। ਚੱਲੋ ਭਾਈ ਸੁਹਣੱਪ ਦੇ ਪਿਆਰੇ ਦਾ ਦਰਸ਼ਨ ਕਰਾਈਏ, ਉਹ ਦੂਜੇ ਪਾਸੇ ਬੈਠਾ ਜੇ, ਰੱਬ ਦਾ ਆਪਣਾ ਪਿਆਰਾ ਰਬ ਬੈਠਾ ਜੇ। ਦੂਰੋਂ ਆਏ ਹੋ, ਭੈਣਾਂ ਨੀ ਚਲੋ, ਆਪ ਨੂੰ ਦਰਸ਼ਨ ਕਰਾਈਏ !" ਸ੍ਰੀ ਲਹਿਣਾ ਜੀ ਦੇ ਨੈਣ ਬੰਦ ਹੋ ਗਏ ਸਨ ਤੇ ਕਹੀ ਜਾਂਦੇ ਸਨ - "ਆਓ ਤੁਸਾਂ ਨੂੰ ਦਰਸ਼ਨ ਕਰਾਈਏ !" ਚਰਨਾਂ ਤੇ ਨੂਰ ਜੀ ਤੇ ਸਵਾਣੀ, ਧੂੜੀ - ਜਿਹੜੀ ਸੂਰਜ ਤੇ ਤਾਰੇ ਆਪਣਿਆਂ ਮਸਤਕਾਂ ਤੇ ਲਾ ਕੇ ਚਮਕਦੇ ਹਨ - ਵਿਚ ਪਏ ਹਨ।

ਬਾਬਾ ਜੀ ਉੱਠ ਕੇ ਆਪ ਉਸ ਤੰਬੂ ਵਲ ਆ ਗਏ ਹਨ। ਸ੍ਰੀ ਜੀ ਪਾਸ ਖੜੇ ਹਨ, ਸੰਗਤਾਂ ਸਾਰੀਆਂ ਪਿਛੇ ਚੁਪ ਆ ਰਹੀਆਂ ਹਨ। ਸ਼ਾਂਤੀ ਅਸਗਾਹ

ਸੁਖ ਅਥਾਹ, ਰਾਗਾਂ ਦੇ ਸਮੁੰਦਰ ਉਸ ਬਾਬੇ ਜੀ ਦੀ ਚੁਪ ਵਿਚ ਗੂੰਜ ਰਹੇ ਹਨ। ਬੈਲ, ਘੋੜੇ, ਬੱਚੇ ਮਾਦੀ ਭਾਈ ਚੁਪ ਦੇ ਸਵਾਦ ਵਿਚ ਖੜੇ ਹਨ।

"ਲਹਿਣਾ ਲਾਲ ਜੀ ! ਕੌਣ ਕੌਣ ਆਏ ਹਨ ?" ਸ੍ਰੀ ਲਹਿਣਾ ਜੀ ਦੀ ਕੰਡੀ ਤੇ ਹੱਥ ਰਖ ਕੇ ਇਹ ਵਚਨ ਕੀਤਾ ਤੇ ਸ੍ਰੀ ਜੀ ਅਦਬ ਵਿਚ ਖੜੇ ਹੋ ਗਏ। ਬਾਬਾ ਜੀ ਨੇ ਪਹਿਲੇ ਧੂੜੀ ਵਿਚ ਪਏ ਬੇਸੁਧ 'ਨੂਰ ਜੀ' ਵਲ ਤਕਿਆ ਤੇ ਆਪਣੇ ਦਸਤ ਮੁਬਾਰਕ ਨਾਲ ਚੁਕ ਕੇ ਗਲੇ ਲਾਇਆ।

'ਸਵਾਣੀ' ਦੇ ਸਿਰ ਤੇ ਹਥ ਫੇਰਿਆ।

ਸ਼ਿਰਨੀ ਨੂੰ ਥਾਪੜਾ ਦਿਤਾ, ਤੇ ਬੋਲੇ :-

"ਨੂਰ ਜੀ ! ਸ਼ਾਹ ਬਹਿਲੋਲ ਜੀ ਰਾਜ਼ੀ ਸਨ ?"

"ਸਾਹਿਬਾ !"

"ਸਵਾਣੀਏ ! ਸਾਨੂੰ ਪਹਿਲਾਂ ਵੀ ਕਦੇ ਡਿੱਠਾ ਈ ? ਆਪਦਾ ਪਿਆਰ ਕਿਨਾ ਮਿੱਠਾ ਹੈ ?"

"ਸੁਲਤਾਨਾ !"

"ਸ਼ਿਰਨੀਏਂ ! ਖੁਸ਼ੀ ਹੋਈ ਹੈ ?"

"ਹਜ਼ੂਰ !"

ਫਿਰ ਨੂਰ ਜੀ ਸੱਚੇ ਪਾਤਸ਼ਾਹ ਦੇ ਚਰਨਾਂ ਤੇ ਬਿਹਬਲ ਹੋ ਡਿੱਗੇ, ਸਵਾਣੀ ਤੇ ਸ਼ਿਰਨੀ ਨਾਲ ਹੀ ਢਹਿ ਪਈਆਂ। ਸ੍ਰੀ ਲਹਿਣਾ ਜੀ ਦਾ ਦਿਲ ਗਦਗਦ ਇਹ ਨਜ਼ਾਰਾ ਦੇਖ ਕੇ ਸਦਾ ਹੀ ਹੁੰਦਾ ਸੀ ਕਿ ਦੁਨੀਆਂ ਇਉਂ ਸੁਖੀ ਹੋ ਰਹੀ ਹੈ। ਬਾਬਾ ਜੀ ਦੇ ਨੈਣ ਬੰਦ ਹੋ ਗਏ, ਪਤਾ ਨਹੀਂ ਕਿਨਾਂ ਸਮਾਂ ਲੰਘਿਆ। ਜਦ ਹਜ਼ੂਰ ਦੀ ਨਦਰ ਪਈ ਤਦ ਨਾਲ ਹੁਕਮ ਹੋਇਆ 'ਨਿਹਾਲ'। ਫਿਰ ਤਾਂ ਗੁਰੂ ਜੀ ਜਿਨ੍ਹਾਂ ਨੂੰ ਆਪਣੇ ਨਾਲ ਲੈ ਕੇ ਰਾਵੀ ਵੱਲ ਆਪਣੇ ਆਸਨ ਪਰ ਚੱਲੇ, ਪਰ ਨੂਰ ਜੀ ਦੇ ਘੋੜੇ ਹਿਨਹਿਨਾਨ ਲਗ ਪਏ। ਬਾਬਾ ਜੀ ਨੇ ਉਹਨਾਂ ਪਾਸ ਜਾ ਕੇ ਉਹਨਾਂ ਨੂੰ ਥਾਪੜੇ ਦਿੱਤੇ। ਸ਼ਹੂਰਾ ਚਰਨੀਂ ਢੱਠਾ, ਨਦਰ ਨਿਹਾਲ ਹੋਇਆ ਤੇ ਸਤਿਗੁਰੂ ਨੇ ਫ਼ੁਰਮਾਇਆ, "ਸ਼ਹੂਰਾ ! ਤੇਰੇ ਕੇਸ ਬੜੇ ਹੀ ਸੋਹਣੇ ਹਨ।"

ਸ਼ਹੂਰਾ - ਸੋਹਣਿਆਂ !

ਤੇ ਚਲਦਿਆਂ ਚਲਦਿਆਂ ਮਿਠੇ ਬਚਨ ਕਰਨ ਲੱਗੇ।

"ਸਵਾਣੀਏ ! ਇਹ ਪਿੱਠ ਪਿਛੇ ਸਾਡੇ ਲਈ ਕੁਝ ਹੈ ਜਾਂ ਤੇਰੇ ਆਪਣੇ ਸੁਖ ਲਈ ?"

"ਸੁਲਤਾਨਾ !"

"ਨੂਰ ਜੀ ! ਸ਼ਾਹ ਬਹਿਲੋਲ ਜੀ ਕਦ ਛੋੜੇ ਨੇ ?"

"ਅੱਜ ਡੇਢ ਵਰ੍ਹਾ ਹੋਣ ਲੱਗਾ ਹੈ।"

"ਸਾਡੇ ਲਈ ਉਹਨਾਂ ਕੁਝ ਘੱਲਿਆ ਹੈ ?"

"ਸਾਹਿਬਾ !"

"ਸ਼ਿਰਨੀਏ ! ਤੂੰ ਕੀ ਸਾਡੇ ਲਈ ਲਿਆਈ ਹੈਂ ?"

"ਹਜ਼ੂਰ !"

ਜਦ ਜਾ ਕੇ ਬਿਰਾਜੇ ਤਦ ਸਵਾਣੀ ਨੇ ਆਪਣੀ ਕੰਡ ਥੀਂ ਇਕ ਬੰਡਲ ਲਾਹਿਆ ਤੇ ਖੋਲ੍ਹ ਕੇ ਸਤਿਗੁਰੂ ਅੱਗੇ ਭੇਟ ਕੀਤਾ।

ਇਹ ਉਹ ਕਾਲੀਨ ਸੀ ਤੇ ਉਹ ਸੰਬੂਰੀ ਸੀ, ਜੋ ਨੂਰ ਜੀ ਨੇ ਬਗਦਾਦ 'ਸ਼ਾਹ ਜੀ' ਸ਼ਾਹ ਬਹਿਲੋਲ ਜੀ ਪਾਸ ਖੜੀ ਸੀ ਤੇ ਉਨ੍ਹਾਂ ਦੋਵੇਂ ਚੀਜ਼ਾਂ ਚੁੰਮੀਆਂ ਸਨ।ਉਸ ਥੀਂ ਬਾਅਦ ਨੂਰ ਜੀ ਆਪਣੀ ਪਿੱਠ ਤੇ ਚੁੱਕ ਕੇ ਸਾਰਾ ਰਾਹ ਲਿਆਏ ਸਨ ਤੇ ਅਜ ਸਾਲ ਭਰ ਥੀਂ ਜ਼ਿਆਦਾ ਇਕ ਖਾਸ ਕਮਰੇ ਵਿਚ ਸਤਿਕਾਰ ਨਾਲ ਰੱਖੇ ਸਨ। ਰੋਜ਼ ਨੂਰ ਜੀ ਖੋਲ੍ਹਦੇ ਸਨ, ਹਵਾ ਲਵਾਂਦੇ ਸਨ ਅਤੇ ਸਵਾਣੀ ਤੇ ਸ਼ਿਰਨੀ ਤੇ ਆਪ ਇਨ੍ਹਾਂ ਕੀ ਸਿਜਦਾ ਕਰਦੇ ਸਨ।ਹੁਣ ਕਾਬਲ ਥੀਂ ਟੁਰਨ ਵੇਲੇ ਸਵਾਣੀ ਦੇ ਲਿਲਕਣੀ ਕਰਨ ਉਤੇ ਉਸ ਵੇਲੇ ਥੀਂ ਦਿਨ ਰਾਤ 'ਸਵਾਣੀ' ਪਾਸ ਸਨ।ਰਾਹ ਚਲਦਿਆਂ ਇਹਦੀ ਸੋਹਣੀ ਪਿੱਠ ਤੇ ਰਾਤ ਵੇਲੇ ਸਿਰ ਥੀਂ ਵੀ ਉਚੇਰੇ ਥਾਂ ਤੇ। ਗੁਰੂ ਜੀ ਨੇ ਦੋਵੇਂ ਚੀਜ਼ਾਂ ਉੱਪਰ ਆਪਣਾ ਹੱਥ ਫੇਰਿਆ ਤੇ ਕੁਝ ਚਿਰ ਲਈ ਨੈਣ ਬੰਦ ਹੋ ਗਏ। ਆਪ ਦੇ ਨੈਣਾਂ ਵਿਚੋਂ ਦੋ ਅੰਮ੍ਰਿਤ ਦੇ ਪਿਆਰ ਮੋਤੀ ਇਹਨਾਂ ਚੀਜ਼ਾਂ ਉੱਪਰ ਪਏ ਤੇ ਵਚਨ ਹੋਇਆ : 'ਨਿਹਾਲ'।

ਰਾਵੀ ਉਸ ਵੇਲੇ ਠਹਿਰ ਠਹਿਰ ਕੇ ਵਗ ਰਹੀ ਸੀ, ਹਿਮਾਲਾ ਦੀ ਠੰਢੀ ਸਮੀਰ ਕਦਮ ਚੁੰਮਦੀ ਲੰਘ ਰਹੀ ਸੀ, ਪੂਰਨਮਾਂ ਦਾ ਚੰਦਰਮਾਂ ਬੱਸ ਹੁਣੇ ਨਿਕਲਿਆ ਸੀ; ਸੰਗਤਾਂ ਥਾਂ ਪਰ ਥਾਂ ਆਪਣੇ ਠਿਕਾਣੇ ਸਨ, ਸਿਰਫ ਸ੍ਰੀ ਲਹਿਣਾ ਜੀ ਸਜੇ ਬੈਠੇ ਸਨ ਤੇ ਉਨ੍ਹਾਂ ਪਾਸ 'ਕੋਹਕਾਕੇਸੀਅਸ' ਥੀਂ ਆਏ ਸਤਿਗੁਰ ਦੇ ਪਿਆਰੇ - ਬੈਠੇ ਸਨ ਤੇ ਸਾਹਮਣੇ 'ਸਵਾਣੀ ਜੀ' ਤੇ 'ਨੂਰ ਜੀ' ਤੇ - ਸ਼ਿਰਨੀ ਬੈਠੇ ਸਨ। ਨੂਰ ਜੀ ਤਾਂ ਸਾਵਧਾਨ ਬੈਠੇ ਸਨ, ਪਰ ਸਵਾਣੀ ਤੇ ਸ਼ਿਰਨੀ ਦੇ ਦੋ ਮੁਖ ਉਹਨਾਂ ਦੇ ਹੱਥਾਂ ਉਪਰ ਰੱਖੇ ਸਨ ਤੇ ਟਿਕ-ਟਿਕੀ ਬੰਨ੍ਹ ਕੇ ਸਤਿਗੁਰੂ ਦੇ ਦਰਸ਼ਨ ਕਰ ਰਹੇ ਸਨ। ਮਲੂਮ ਹੁੰਦਾ ਸੀ ਕਿ ਚੰਨ ਆਸਮਾਨ ਉਤੇ ਤੇ ਦੋ ਚੰਨ ਇਹ ਤਰੈਏ ਚੰਨ ਉਸ ਵੇਲੇ ਸਤਿਗੁਰੂ ਦੀ ਆਰਤੀ ਉਤਾਰ ਰਹੇ ਸਨ। ਸਤਿਗੁਰੂ ਜੀ ਨੇ ਸ੍ਰੀ ਲਹਿਣਾ ਜੀ ਵੱਲ ਤੱਕ ਕੇ ਵਚਨ ਕੀਤਾ, ਲਾਲ ਜੀ ! ਇਹ ਸ਼ਾਹ ਬਹਿਲੋਲ ਹਨ, ਇਹ ਦੋ ਜੋ ਤੇਰੇ ਪਾਸ ਬੈਠੇ ਹਨ ...., ..., ਜਿਨ੍ਹਾਂ ਦੇ 'ਨਾਮ' ਉਨ੍ਹਾਂ ਦੇ ਚਿਹਰੇ ਹਨ ਤੇ ਆਪ ਉਨ੍ਹਾਂ ਦੇ ਜਾਣੂ

ਹੈ ਤੇ ਇਹ ਤਿੰਨ 'ਸਰੀਰ' ਸਭ ਚੁਪ-ਪ੍ਰੀਤ ਵਾਲੇ .... ਨੂਰ .... ਸਵਾਣੀ .... ਤੇ .... ਸ਼ਿਰਨੀ ਆਪਣਾ 'ਨਾਮ' ਨਦੀਆਂ ਵਾਂਗ ਆਪੇ ਵਿਚ ਗਵਾ ਚੁੱਕੇ ਹਨ। ਇਹਨਾਂ ਦਾ ਨਾਮ ਪਤਾ ਇਨ੍ਹਾਂ ਦੇ ਚਿਹਰੇ ਹਨ, ਜਿਸ ਕਿਸੀ ਨੂੰ ਮਿਲਣਗੇ ਉਹ ਸਦੀਆਂ ਦਾ ਵਾਕਫ ਇਸੀ ਘਰ ਦਾ ਹੋਵੇਗਾ। ਇਹ ਉਹ ਲੋਕੀਂ ਹਨ ਜਿਹੜੇ ਗੁਰੂ ਦੀ ਚਾਦਰ ਹੇਠ ਹਨ। ਇਨ੍ਹਾਂ ਦਾ ਜ਼ਿਕਰ ਆਮ ਸੰਗਤ ਵਿਚ ਨਹੀਂ ਹੋਣਾ ਸੀ। ਲਹਿਣਾ ਜੀ ਬੋਲੇ -ਇਵੇਂ ਹੀ ਹੋਵੇਗਾ। ਤੇ ਫਿਰ ਦੋਹਾਂ ਚੰਨਾਂ ਵੱਲ ਤੱਕ ਕੇ ਕਹਿੰਦੇ ਹਨ -

"ਸਵਾਣੀ ! ਰਾਵੀ ਚੰਗੀ ਲਗੀ ਹੈ ?"

"ਜੀ।"

"ਅੱਜ ਪੂਰਨਮਾ ਹੈ ?"

"ਜੀ।"

"ਨੂਰ ਜੀ ! ਕਰਤਾਰਪੁਰ ਸ਼ਹਿਰ ਕਾਬਲ ਨਹੀਂ ਨਾ ਬਗਦਾਦ, ਪਰ ਪਸੰਦ ਆਇਆ ਜੇ ? ਤੁਸਾਂ ਤਾਂ ਕੁਲ ਦੁਨੀਆਂ ਤੱਕੀ ਹੋਈ ਏ ?"

"ਸਾਹਿਬਾ ! ਉਨ੍ਹਾਂ ਸ਼ਹਿਰਾਂ ਦੇ ਤਖਤ ਇੱਥੋਂ ਦੇ ਫਰਸ਼ ਹਨ।"

"ਸ਼ਿਰਨੀਏ ! ਕੁਝ ਸਾਡੀ ਬੋਲੀ ਸਮਝ ਪੈਂਦੀ ਹੈ।"

"ਹਜ਼ੂਰ ਚੰਨ ਦੀ ਬੋਲੀ ਚਾਨਣੀ, ਮਿਹਰ ਤੇ ਪਿਆਰ, ਹਜ਼ੂਰ ਦੀ ਬੋਲੀ ਜੀਆ ਜੰਤ, ਪੱਥਰਾਂ, ਘਾਹ ਨੂੰ ਸਮਝੇ ਪੈਂਦੀ ਹੈ।"

ਬਾਬਾ ਜੀ ਬੜੇ ਹੱਸੇ ਖੁਸ਼ ਹੋਏ ਤੇ ਕਿਹਾ; ਸ਼ਿਰਨੀ ਤਾਂ ਕਵੀ ਹੈ .... ਇਉਂ ਉਸ ਗੁਰਪੁਰਬ ਵਾਲੇ ਦਿਨ 'ਸ਼ਿਰਨੀ' ਨੂੰ 'ਕਵਿਤਾ' ਦੀ 'ਕਾਬਲੀਅਤ' ਸਤਿਗੁਰਾਂ ਨੇ ਬਖਸ਼ੀ।

੨

ਸੱਚੀ ਵਰਿਆਮਗੀ

ਸੱਚੇ ਵਰਿਆਮ-ਮਨੁੱਖ ਧੀਰ; ਗੰਭੀਰ ਤੇ ਆਜ਼ਾਦ ਹੁੰਦੇ ਹਨ। ਉਨ੍ਹਾਂ ਦੇ ਮਨ ਦੀ ਗੰਭੀਰਤਾ ਸਮੁੰਦਰ ਵਾਂਗ ਵਿਸ਼ਾਲ ਤੇ ਡੂੰਘੀ ਜਾਂ ਆਕਾਸ਼ ਵਾਂਗ ਅਡੋਲ ਤੇ ਅਚਲ ਹੁੰਦੀ ਹੈ। ਉਹ ਕਦੀ ਚੰਚਲ ਨਹੀਂ ਹੁੰਦੇ। ਰਾਮਾਇਣ ਵਿਚ ਬਾਲਮੀਕ ਜੀ ਨੇ ਕੁੰਭਕਰਣ ਦੀ ਗੂੜ੍ਹੀ ਨੀਂਦ ਵਿਚ ਸੂਰਮਗਤੀ ਦਾ ਇਕ ਨਮੂਨਾ ਦਿਖਾਇਆ ਹੈ। ਸੱਚ ਹੈ, ਬਹਾਦਰਾਂ ਦੀ ਨੀਂਦ ਸੌਖਿਆਂ ਨਹੀਂ ਖੁਲ੍ਹਦੀ, ਉਹ ਸਤੋਗੁਣ ਦੇ ਸ਼ੀਰ-ਸਾਗਰ ਵਿਚ ਅਜੇਹੇ ਪਏ ਰਹਿੰਦੇ ਹਨ ਕਿ ਉਨ੍ਹਾਂ ਨੂੰ ਦੁਨੀਆਂ ਦੀ ਖ਼ਬਰ ਨਹੀਂ ਹੁੰਦੀ। ਉਹ ਸੰਸਾਰ ਦੇ ਸੱਚੇ ਪਰਉਪਕਾਰੀ ਹੁੰਦੇ ਹਨ। ਅਜੇਹੇ ਲੋਕ ਸੰਸਾਰ ਦਾ ਭਵਿੱਖ ਆਪਣੀ ਪਲਕ ਦੀ ਝਮਕਣੀ ਨਾਲ ਬਦਲ ਸਕਦੇ ਹਨ। ਜਦ ਇਹ ਸ਼ੇਰ ਜਾਗ ਕੇ ਗਰਜਦੇ ਹਨ ਤਾਂ ਸਦੀਆਂ ਬੱਧੀ, ਇਨ੍ਹਾਂ ਦੀ ਆਵਾਜ਼ ਦੀ ਗੂੰਜ ਸੁਣਾਈ ਦੇਂਦੀ ਰਹਿੰਦੀ ਹੈ। ਹੋਰ ਸਭ ਆਵਾਜ਼ਾਂ ਬੰਦ ਹੋ ਜਾਂਦੀਆਂ ਹਨ। ਵੀਰ ਦੇ ਪੈਰਾਂ ਦੀ ਥਿੜਕ ਕੰਨਾਂ ਵਿਚ ਆਉਂਦੀ ਰਹਿੰਦੀ ਹੈ ਤੇ ਕਦੀ ਮੈਨੂੰ, ਕਦੀ ਤੁਹਾਨੂੰ ਮਸਤ ਕਰਦੀ ਰਹਿੰਦੀ ਹੈ। ਕਦੇ ਕਿਸੇ ਦੀ ਜੀਵਨ- ਸਾਰੰਗੀ ਯੋਧੇ ਦੇ ਹੱਥੀਂ ਵੱਜਣ ਲਗਦੀ ਹੈ।

ਦੇਖੋ ਹਰਾ ਦੀਆਂ ਕੰਦਰਾਂ ਵਿਚ ਇਕ ਅਨਾਥ, ਸੰਸਾਰ ਤੋਂ ਲੁਕ ਕੇ, ਇਕ ਨਿਰਾਲੀ ਨੀਂਦ ਸੌਂਦਾ ਹੈ। ਜਿਵੇਂ ਗਲੀ ਵਿਚ ਪਏ ਪੱਥਰ ਵਲ ਕਿਸੇ ਦਾ ਧਿਆਨ ਨਹੀਂ ਜਾਂਦਾ ਉਵੇਂ ਹੀ ਆਮ ਆਦਮੀਆ ਵਾਂਗ ਇਸ ਅਨਾਥ ਨੂੰ ਕੋਈ ਨਹੀਂ ਸੀ ਜਾਣਦਾ। ਇਕ ਦਿਲ ਵਾਲੀ ਧਨਾਢ ਇਸਤ੍ਰੀ ਦੀ ਉਹ ਨੌਕਰੀ ਕਰਦਾ ਹੈ। ਉਸ ਦੀ ਸੰਸਾਰੀ ਹੈਸੀਅਤ ਕੇਵਲ ਇਕ ਮਾਮੂਲੀ ਗੋਲੇ ਜੇਹੀ ਹੈ। ਪਰ ਕੋਈ ਅਜੇਹਾ ਇਲਾਹੀ ਕਾਰਣ ਹੋਇਆ ਜਿਸ ਤੋਂ ਸੰਸਾਰ ਵਿਚ ਇਸ ਅਣਜਾਣੇ ਗ਼ੁਲਾਮ ਦੀ ਵੀ ਵਾਰੀ ਆਈ। ਉਸ ਦੀ ਨੀਂਦ ਖੁੱਲ੍ਹੀ। ਸੰਸਾਰ ਉੱਤੇ ਜਿਵੇਂ ਹਜ਼ਾਰ ਬਿਜਲੀਆਂ ਡਿਗੀਆਂ। ਅਰਬ ਦੇ ਮਾਰੂਥਲ ਵਿਚ ਬਾਰੂਦ ਦੀ ਝੱਲ ਉੱਠੀ। ਉਸੇ ਸੂਰਮੇ ਦੇ ਨੈਣਾਂ ਦੀ ਜ੍ਵਾਲਾ ਇੰਦਰ-ਪ੍ਰਸਥ ਤੋਂ ਲੈ ਸਪੇਨ ਤਕ ਭੜਕੀ। ਉਸ ਅਣਜਾਣੇ ਤੇ ਗੁਪਤ, ਹਰਾ ਦੀਆਂ ਖੁੰਦਰਾਂ ਵਿਚ ਸੌਣ ਵਾਲੇ ਨੇ ਇਕ ਆਵਾਜ਼ ਕੀਤੀ। ਸਾਰੀ ਧਰਤੀ ਡਰ ਨਾਲ ਕੰਬਣ ਲੱਗੀ। ਹਾਂ ਜਦੋਂ

ਪੈਗੰਬਰ ਮੁਹੰਮਦ ਨੇ 'ਅੱਲ੍ਹਾ ਹੂ ਅਕਬਰ' ਦੀ ਆਵਾਜ਼ ਦਿੱਤੀ ਤਾਂ ਸਾਰਾ ਸੰਸਾਰ ਚੁਪ ਹੋ ਗਿਆ ਤੇ ਕੁੱਝ ਸਮੇਂ ਪਿਛੋਂ ਸ੍ਰਿਸ਼ਟੀ ਉਸ ਦੀ ਆਵਾਜ਼ ਦੀ ਗੂੰਜ ਨੂੰ ਸਾਰੀਆਂ ਨੁਕਰਾਂ ਵਿਚ ਲੈ ਉੱਡੀ। ਪੰਛੀ 'ਅੱਲ੍ਹਾ ਹੂ ਅਕਬਰ' ਗਾਉਣ ਲੱਗੇ ਤਾਂ ਮੁਹੰਮਦ ਦਾ ਸੁਨੇਹਾ ਏਧਰ ਓਧਰ ਲੈ ਉਡੇ। ਪਰਬਤ ਉਸ ਦੇ ਬੋਲਾਂ ਨਾਲ ਪਿਘਲ ਗਏ ਤੇ ਨਦੀਆਂ 'ਅੱਲ੍ਹਾ ਅੱਲ੍ਹਾ' ਦਾ ਅਲਾਪ ਕਰਦੀਆਂ ਵਹਿ ਟੁਰੀਆਂ। ਜੋ ਲੋਕ ਉਸ ਦੇ ਸਾਮ੍ਹਣੇ ਆਏ, ਦਾਸ ਬਣ ਗਏ। ਚੰਦ ਸੂਰਜ ਨੇ ਵਾਰੀ ਵਾਰੀ ਉੱਠ ਕੇ ਸਲਾਮ ਕੀਤਾ। ਉਸ ਵਰਿਆਮ ਦਾ ਬਲ ਦੇਖੋ, ਕਿ ਸਦੀਆਂ ਪਿਛੋਂ ਵੀ ਸੰਸਾਰ ਦੇ ਲੋਕਾਂ ਦਾ ਬਹੁਤ ਸਾਰਾ ਹਿੱਸਾ ਉਸ ਦੇ ਪਵਿੱਤਰ ਨਾਉਂ ਤੇ ਜਿਉਂਦਾ ਹੈ ਤੇ ਆਪਣੇ ਛੋਟੇ ਜੇਹੇ ਜੀਵਨ ਨੂੰ ਅਤੀ ਤੁੱਛ ਜਾਣ ਕੇ, ਉਸ ਅਣਦੇਖੇ ਤੇ ਅਣਜਾਣੇ ਪੁਰਖ ਦੇ, ਕੇਵਲ ਸੁਣੇ ਸੁਣਾਏ ਨਾਉਂ ਤੋਂ ਕੁਰਬਾਨ ਹੋ ਜਾਣਾ ਆਪਣੇ ਜੀਵਨ ਦਾ ਸਭ ਤੋਂ ਉੱਤਮ ਫਲ ਸਮਝਦਾ ਹੈ।

ਸਤੋਗੁਣ ਦੇ ਸਾਗਰ ਵਿਚ ਜਿਨ੍ਹਾਂ ਦਾ ਅੰਦਰਲਾ ਭਿੱਜ ਗਿਆ ਉਹੀ ਮਹਾਤਮਾ, ਸਾਧੂ ਤੇ ਸੂਰਮੇ ਹਨ। ਉਹ ਲੋਕ ਆਪਣੇ ਤੁੱਛ ਜੀਵਨ ਨੂੰ ਤਿਆਗ ਅਜੇਹਾ ਈਸ਼੍ਵਰੀ ਜੀਵਨ ਪ੍ਰਾਪਤ ਕਰਦੇ ਹਨ ਕਿ ਸੰਸਾਰ ਦੀਆਂ ਸਾਰੀਆਂ ਅਗਾਹ ਰਾਹਾਂ ਉਨ੍ਹਾਂ ਲਈ ਖੁਲ੍ਹ ਜਾਂਦੀਆਂ ਹਨ। ਅਕਾਸ਼ ਉਨ੍ਹਾਂ ਤੇ ਬੱਦਲਾਂ ਦੇ ਛੱਤਰ ਤਾਣਦਾ ਹੈ। ਕੁਦਰਤ ਉਨ੍ਹਾਂ ਦੇ ਸੁੰਦਰ ਮੱਥੇ ਤੇ ਰਾਜ ਤਿਲਕ ਦੇਂਦੀ ਹੈ, ਅਸਲੀ ਤੇ ਸੱਚੇ ਰਾਜੇ ਸਾਡੇ ਇਹੋ ਸਾਧ ਪੁਰਖ ਹਨ। ਹੀਰਿਆਂ ਲਾਲਾਂ ਜੜੇ, ਸੋਨੇ ਚਾਂਦੀ ਦੇ ਲਿਸ਼ ਲਿਸ਼ ਕਰਦੇ ਤਖਤਾਂ ਤੇ ਬੈਠਣ ਵਾਲੇ ਦੁਨੀਆਂ ਦੇ ਰਾਜਿਆਂ ਨੂੰ ਤਾਂ, ਜੋ ਗਰੀਬ ਕਿਸਾਨਾਂ ਦੀ ਕਮਾਈ ਹੋਈ ਪੂੰਜੀ ਤੇ ਪਲਦੇ ਹਨ – ਲੋਕਾਂ ਨੇ ਆਪਣੀ ਮਨੁੱਖਤਾ ਨਾਲ, ਬਹਾਦਰ ਬਣਾ ਰੱਖਿਆ ਹੈ। ਇਹ ਜ਼ਰੀ, ਮਖ਼ਮਲ ਤੇ ਗਹਿਣਿਆਂ ਨਾਲ ਲੱਦੇ ਮਾਸ ਦੇ ਪੁਤਲੇ ਤਾਂ ਹਰ ਵੇਲੇ ਕੰਬਦੇ ਰਹਿੰਦੇ ਹਨ। ਇੰਦਰ ਜੇਹੇ ਪ੍ਰਤਾਪੀ ਤੇ ਬਲਵਾਨ ਹੋ ਕੇ ਵੀ ਦੁਨੀਆਂ ਦੇ ਇਹ ਛੋਟੇ 'ਜਾਰਜ' ਬੜੇ ਕਾਇਰ ਹੁੰਦੇ ਹਨ। ਹੋਣ ਕਿਵੇਂ ਨਾ, ਇਨ੍ਹਾਂ ਦੀ ਹਕੂਮਤ ਲੋਕਾਂ ਦੇ ਦਿਲਾਂ ਤੇ ਨਹੀਂ ਹੁੰਦੀ। ਦੁਨੀਆਂ ਦੇ ਰਾਜਿਆਂ ਦੀ ਤਾਕਤ ਦੀ ਦੌੜ ਲੋਕਾਂ ਦੇ ਸਰੀਰ ਤਕ ਹੈ। ਹਾਂ, ਜਦ ਕਦੀ ਕਿਸੇ ਅਕਬਰ ਦਾ ਰਾਜ ਲੋਕਾਂ ਦੇ ਦਿਲਾਂ ਤੇ ਹੁੰਦਾ ਹੈ ਤਾਂ ਇਨ੍ਹਾਂ ਕਾਇਰਾਂ ਦੀ ਬਸਤੀ ਵਿਚ ਸਮਝੋ ਇਕ ਸੱਚਾ ਵਰਿਆਮ ਪੈਦਾ ਹੁੰਦਾ ਹੈ।

ਇਕ ਬਾਗੀ ਗੁਲਾਮ ਤੇ ਇਕ ਬਾਦਸ਼ਾਹ ਦੀ ਗੱਲ ਬਾਤ ਹੋਈ। ਇਹ ਗੁਲਾਮ ਕੈਦੀ ਦਿਲ ਦਾ ਅਜ਼ਾਦ ਸੀ। ਬਾਦਸ਼ਾਹ ਨੇ ਕਿਹਾ, "ਮੈਂ ਤੈਨੂੰ ਹੁਣੇ ਜਾਨੋਂ ਮਾਰ ਦਿਆਂਗਾ। ਤੂੰ ਕੀ ਕਰ ਸਕਦਾ ਹੈਂ।" "ਮੈਂ ਫ਼ਾਸੀ ਲਟਕ ਜਾਵਾਂਗਾ ਪਰ ਤੇਰੀ ਨਿਰਾਦਰੀ ਤਦ ਵੀ ਕਰਾਂਗਾ।" ਬੱਸ ਇਸ ਗੁਲਾਮ ਨੇ ਦੁਨੀਆਂ ਦੇ

ਬਾਦਸ਼ਾਹਾਂ ਦੀ ਤਾਕਤ ਦੀ ਹੱਦ ਦੱਸ ਦਿੱਤੀ, ਬਸ ਇਨੇ ਕੁ ਜ਼ੋਰ ਤੇ ਇੰਨੀ ਕੁ ਸ਼ੇਖੀ ਨਾਲ ਇਹ ਝੂਠੇ ਰਾਜੇ ਸਰੀਰ ਨੂੰ ਤਸੀਹੇ ਦੇ ਕੇ ਅਤੇ ਮਾਰ ਕੁੱਟ ਕਰ ਕੇ ਭੋਲੇ ਭਾਲੇ ਲੋਕਾਂ ਨੂੰ ਡਰਾਉਂਦੇ ਹਨ। ਭੋਲੇ ਲੋਕੀਂ ਡਰਦੇ ਰਹਿੰਦੇ ਹਨ ਕਿਉਂਕਿ ਇਹ ਸਾਰੇ ਲੋਕ ਸਰੀਰ ਨੂੰ ਆਪਣੇ ਜੀਵਨ ਦਾ ਧੁਰਾ ਮੰਨਦੇ ਹਨ ? ਇਸੇ ਲਈ ਕਿ ਜਦੋਂ ਕਿਸੇ ਨੇ ਉਨ੍ਹਾਂ ਦੇ ਸਰੀਰ ਨੂੰ ਜ਼ਰਾ ਕਰੜਾ ਹੱਥ ਲਾਇਆ ਨਹੀਂ ਕਿ ਉਹ ਡਰ ਨਾਲ ਹੀ ਅਧਮੋਏ ਹੋ ਗਏ। ਕੇਵਲ ਸਰੀਰਕ-ਰੱਖਿਆ ਲਈ ਹੀ ਭੋਲੇ ਲੋਕੀਂ ਰਾਜਿਆਂ ਦੀ ਤਨੋ ਮਨੋ ਪੂਜਾ ਕਰਦੇ ਹਨ। ਜੇਹੋ ਜਹੇ ਰਾਜੇ ਉਹੋ ਜਿਹਾ ਉਨ੍ਹਾਂ ਦਾ ਸਤਿਕਾਰ। ਜਿਨ੍ਹਾਂ ਦਾ ਜ਼ੋਰ ਕੇਵਲ ਦੇਹ ਨੂੰ ਜਰਾ ਜਿੰਨੀ ਰੱਸੀ ਨਾਲ ਲਟਕਾ ਕੇ ਮਾਰ ਦੇਣ ਤਕ ਦਾ ਹੈ, ਭਲਾ ਉਨ੍ਹਾਂ ਦਾ, ਉਨ੍ਹਾਂ ਸੱਚੇ ਬਲਵਾਨ ਰਾਜਿਆਂ ਨਾਲ ਕੀ ਮੁਕਾਬਲਾ, ਜਿਨ੍ਹਾਂ ਦਾ ਸਿੰਘਾਸਣ ਲੋਕਾਂ ਦੇ ਮਨ-ਕੰਵਲ ਦੀਆਂ ਪੰਖੜੀਆਂ ਤੇ ਹੈ ? ਸੱਚੇ ਰਾਜੇ, ਆਪਣੇ ਪ੍ਰੇਮ ਦੇ ਜ਼ੋਰ ਨਾਲ, ਲੋਕਾਂ ਦਾ ਮਨ ਸਦਾ ਲਈ ਬੰਨ੍ਹ ਲੈਂਦੇ ਹਨ। ਦਿਲਾਂ ਤੇ ਰਾਜ ਕਰਨ ਵਾਲੇ। ਤੋਪ ਬੰਦੂਕ, ਫ਼ੌਜ ਆਦਿ ਬਿਨਾਂ ਹੀ, ਉਹ ਸੰਸਾਰ ਦੇ ਸ਼ਹਿਨਸ਼ਾਹ ਹੁੰਦੇ ਹਨ। ਮਨਸੂਰ ਨੇ ਆਪਣੀ ਮੌਜ ਵਿਚ ਪੁਕਾਰਿਆ, "ਮੈਂ ਰੱਬ ਹਾਂ।" ਦੁਨੀਆਂ ਦੇ ਬਾਦਸ਼ਾਹ ਨੇ ਕਿਹਾ, "ਇਹ ਕਾਫ਼ਿਰ ਹੈ।" ਪਰ ਮਨਸੂਰ ਨੇ ਆਪਣਾ ਬੋਲ ਨਾ ਬਦਲਿਆ ਪੱਥਰ ਮਾਰ ਮਾਰ ਕੇ ਦੁਨੀਆਂ ਵਾਲਿਆਂ ਨੇ ਉਸ ਦੇ ਸਰੀਰ ਦਾ ਬੁਰਾ ਹਾਲ ਕਰ ਦਿੱਤਾ; ਐਪਰ, ਉਸ ਦੇ ਮਰਦਾਨਗੀ ਭਰੇ ਬੋਲਾਂ ਵਿਚੋਂ ਇਹ ਸ਼ਬਦ ਨਿਕਲੇ 'ਅਨਲਹੱਕ' (ਅਹੰ ਬ੍ਰਹਮਾਸੀ) ਅਰਥਾਤ ਮੈਂ ਹੀ ਬ੍ਰਹਮ ਹਾਂ। ਸੂਲੀ ਤੇ ਚੜ੍ਹਨਾ 'ਮਨਸੂਰ' ਲਈ ਖੇਡ ਸੀ। ਸ਼ਹਿਨਸ਼ਾਹ ਨੇ ਸਮਝਿਆ 'ਮਨਸੂਰ' ਮਾਰਿਆ ਗਿਆ।

ਸ਼ਮਸ ਤਬਰੇਜ਼ ਨੂੰ ਵੀ ਇਵੇਂ ਹੀ ਕਾਫਿਰ ਸਮਝ ਕੇ ਬਾਦਸ਼ਾਹ ਨੇ ਹੁਕਮ ਦਿੱਤਾ, ਇਸ ਦੀ ਖੱਲ ਉਤਾਰ ਲਵੋ। ਸ਼ਮਸ ਨੇ ਖੱਲ ਉਤਾਰੀ ਤੇ ਬਾਦਸ਼ਾਹ ਨੂੰ ਦਰ ਤੇ ਆਏ ਕੁੱਤੇ ਵਾਂਗ, ਭਿਖਾਰੀ ਜਾਣ ਕੇ ਖਾਣ ਲਈ ਦੇ ਦਿੱਤੀ। ਖੱਲ ਦੇ ਕੇ ਉਹ ਆਪਣੀ ਇਹ ਗਜ਼ਲ ਮੁੜ ਮੁੜ ਗਾਂਦਾ ਰਿਹਾ, "ਭਿਖਾਰੀ ਤੇਰੇ ਦੁਆਰੇ ਆਇਆ ਹੈ, ਸ਼ਾਹ ਦਿਲ ! ਕੁਝ ਇਸ ਨੂੰ ਖੈਰ ਪਾ।" ਖੱਲ ਲਾਹ ਕੇ ਸੁੱਟ ਦਿੱਤੀ, ਵਾਹ ! ਸਤਪੁਰਖਾ, ਵਾਹ !!

ਭਗਵਾਨ ਸ਼ੰਕਰ ਜਦੋਂ ਗੁਜਰਾਤ ਵਲ ਯਾਤ੍ਰਾ ਕਰ ਰਹੇ ਸਨ ਤਾਂ ਇਕ ਕਪਾਲਿਕ ਹੱਥ ਜੋੜ ਸਾਮ੍ਹਣੇ ਆ ਖੜਾ ਹੋਇਆ ਭਗਵਾਨ ਨੇ ਕਿਹਾ, 'ਮੰਗ ਕੀ ਮੰਗਦਾ ਹੈਂ ?' ਕਪਾਲਿਕ ਬੋਲਿਆ, 'ਹੇ ਭਗਵਾਨ ! ਅੱਜ ਕੱਲ੍ਹ ਦੇ ਰਾਜੇ ਬੜੇ ਕੰਗਾਲ ਹਨ, ਉਨ੍ਹਾਂ ਪਾਸੋਂ ਹੁਣ ਸਾਨੂੰ ਦਾਨ ਨਹੀਂ ਮਿਲਦਾ। ਇਸ ਲਈ ਆਪ ਦੀ ਸ਼ਰਨ ਆਇਆ ਹਾਂ। ਤੁਸੀਂ ਕ੍ਰਿਪਾ ਕਰਕੇ ਮੈਨੂੰ ਆਪਣਾ ਸਿਰ ਦਾਨ

ਕਰੋ .. ਮੈਂ ਭੇਟ ਚੜ੍ਹਾ ਕੇ ਦੇਵੀ ਨੂੰ ਪ੍ਰਸੰਨ ਕਰਾਂਗਾ ਤੇ ਆਪਣਾ ਯਗ ਪੂਰਾ ਕਰ ਲਵਾਂਗਾ।' ਭਗਵਾਨ ਨੇ ਮੌਜ ਵਿਚ ਆ ਕੇ ਕਿਹਾ, 'ਅੱਛਾ, ਸਵੇਰੇ ਇਹ ਸਿਰ ਲਾਹ ਕੇ ਲੈ ਜਾਵੀਂ ਤੇ ਆਪਣਾ ਕਾਰਜ ਸਿੱਧ ਕਰ ਲਈਂ।'

ਇਕ ਵਾਰੀ ਦੋ ਯੋਧੇ ਅਕਬਰ ਦੇ ਦਰਬਾਰ ਵਿਚ ਆਏ। ਉਹ ਰੋਜ਼ਗਾਰ ਦੀ ਭਾਲ ਵਿਚ ਸਨ। ਅਕਬਰ ਕਹਿ ਬੈਠਾ 'ਆਪਣੀ ਆਪਣੀ ਬਹਾਦਰੀ ਦਾ ਸਬੂਤ ਦਿਓ।' ਬਾਦਸ਼ਾਹ ਨੇ ਕਿੰਨੀ ਮੂਰਖਤਾ ਕੀਤੀ। ਬਹਾਦਰੀ ਦਾ ਭਲਾ ਉਹ ਕੀ ਸਬੂਤ ਦੇਂਦੇ ? ਪਰ, ਦੋਹਾਂ ਨੇ ਤਲਵਾਰਾਂ ਸੂਤ ਲਈਆਂ ਤੇ ਇਕ ਦੂਜੇ ਦਾ ਸਾਮ੍ਹਣਾ ਕਰਕੇ ਪਲ ਭਰ ਵਿਚ ਉਸੇ ਥਾਂ ਬਾਦਸ਼ਾਹ ਦੇ ਸਾਮ੍ਹਣੇ ਹੀ ਢੇਰ ਹੋ ਗਏ।

ਅਜੇਹੇ ਕਰਤਾਰੀ ਵੀਰ ਰੁਪਿਆ, ਪੈਸਾ, ਮਾਲ, ਧਨ ਆਦਿ ਦਾਨ ਨਹੀਂ ਕੀਤਾ ਕਰਦੇ। ਜਦੋਂ ਇਹ ਦਾਨ ਦੇਣਾ ਲੋੜਦੇ ਹਨ ਤਾਂ ਆਪਣਾ ਆਪ ਹੀ ਅਰਪ ਦੇਂਦੇ ਹਨ। ਬੁੱਧ ਮਹਾਰਾਜ ਨੇ ਇਕ ਰਾਜੇ ਨੂੰ ਹਿਰਨ ਮਾਰਦੇ ਵੇਖ ਆਪਣਾ ਸਰੀਰ ਅੱਗੇ ਕਰ ਦਿੱਤਾ ਤਾਂ ਜੋ ਹਿਰਨ ਬਚ ਜਾਏ, ਬੁੱਧ ਦਾ ਸਰੀਰ ਭਾਵੇਂ ਚਲਿਆ ਜਾਏ। ਅਜੇਹੇ ਬੰਦੇ ਕਦੀ ਵੱਡੇ ਸਮਿਆਂ ਦੀ ਉਡੀਕ ਨਹੀਂ ਕਰਦੇ ਉਹ ਤਾਂ ਛੋਟੇ ਸਮਿਆਂ ਨੂੰ ਹੀ ਵੱਡਾ ਬਣਾ ਦੇਂਦੇ ਹਨ।

ਜਦ ਕਿਸੇ ਦਾ ਭਾਗ ਜਾਗਿਆ ਤੇ ਉਸ ਨੂੰ ਜੋਸ਼ ਆਇਆ ਤਾਂ ਜਾਣ ਲਵੋ ਦੁਨੀਆਂ ਵਿਚ ਤੂਫਾਨ ਆ ਗਿਆ। ਉਸ ਦੀ ਚਾਲ ਸਾਹਮਣੇ ਫੇਰ ਕੋਈ ਰੁਕਾਵਟ ਨਹੀਂ ਆ ਸਕਦੀ। ਪਹਾੜਾਂ ਦੀਆਂ ਪਸਲੀਆਂ ਤੋੜ ਕੇ ਇਹ ਲੋਕ ਵਾ-ਵਰੋਲੇ ਵਾਂਗ ਨਿਕਲ ਜਾਂਦੇ ਹਨ। ਉਨ੍ਹਾਂ ਦੀ ਤਾਕਤ ਦਾ ਇਸ਼ਾਰਾ ਭੁਚਾਲ ਦੱਸਦਾ ਹੈ। ਕੁਦਰਤ ਦੀ ਹੋਰ ਕੋਈ ਤਾਕਤ ਉਨ੍ਹਾਂ ਦੇ ਸਾਮ੍ਹਣੇ ਫਟਕ ਨਹੀਂ ਸਕਦੀ। ਸਭ ਚੀਜ਼ਾਂ ਰੁਕ ਜਾਂਦੀਆਂ ਹਨ। ਪਰਮਾਤਮਾ ਵੀ ਸਾਹ ਰੋਕ ਕੇ ਉਨ੍ਹਾਂ ਦਾ ਰਾਹ ਵੇਖਦਾ ਹੈ। ਯੂਰਪ ਵਿਚ ਜਦੋਂ ਰੋਮ ਦੇ ਪੋਪ ਦਾ ਜ਼ੋਰ ਵਧ ਗਿਆ ਸੀ ਤੇ ਉਸ ਨਾਲ ਕੋਈ ਵੀ ਬਾਦਸ਼ਾਹ ਟੱਕਰ ਲੈਣ ਤੇ ਸਮਰਥ ਨਹੀਂ ਸੀ। ਪੋਪ ਦੇ ਅੱਖ ਦੇ ਇਸ਼ਾਰੇ ਤੇ ਬਾਦਸ਼ਾਹਾਂ ਦੇ ਸਿਰ ਲਾਹੇ ਜਾ ਸਕਦੇ ਹਨ। ਪੋਪ ਦਾ ਸਿੱਕਾ ਲੋਕਾਂ ਤੇ ਅਜਿਹਾ ਬੈਠ ਗਿਆ ਸੀ ਕਿ ਉਸ ਦੀ ਗਲ ਰੱਬੀ ਬਾਣੀ ਤੋਂ ਵੀ ਵਧੇਰੀ ਮੰਨੀ ਜਾਂਦੀ ਸੀ। ਪੋਪ ਨੂੰ ਲੋਕ ਈਸ਼ਵਰ ਦਾ ਨਾਇਕ ਮੰਨਦੇ ਸਨ। ਲੱਖਾਂ ਈਸਾਈ ਸਾਧੂ, ਸੰਨਿਆਸੀ ਤੇ ਯੂਰਪ ਦੇ ਗਿਰਜੇ, ਪੋਪ ਦੇ ਹੁਕਮ ਵਿਚ ਬੱਧੇ ਸਨ। ਜਿਵੇਂ ਚੂਹੇ ਦੀ ਜਾਨ ਬਿਲੀ ਦੇ ਹੱਥ ਹੁੰਦੀ ਹੈ, ਉਸੇ ਤਰ੍ਹਾਂ ਯੂਰਪ ਵਾਸੀਆਂ ਦੀ ਜਾਨ ਪੋਪ ਨੇ ਆਪਣੀ ਮੁੱਠੀ ਵਿਚ ਲੈ ਰਖੀ ਸੀ। ਇਸ ਪੋਪ ਦੀ ਤਾਕਤ ਤੇ ਦਬਦਬਾ ਬੜਾ ਭਿਆਨਕ ਸੀ, ਪਰ ਜਰਮਨੀ ਦੇ ਇਕ ਛੋਟੇ ਜਹੇ ਮੰਦਿਰ ਦੇ ਇਕ ਕੰਗਾਲ ਪਾਦਰੀ ਦੀ ਆਤਮਾ ਭੜਕ ਉਠੀ। ਪੋਪ ਨੇ ਅਜਿਹੀ ਲੀਲਾ ਪਸਾਰੀ ਸੀ ਕਿ ਯੂਰਪ ਵਿਚ ਸੁਰਗ-ਨਰਕ ਦੇ ਟਿਕਟ ਵੱਡੀ ਵੱਡੀ ਕੀਮਤ ਤੇ

ਵਿਕਦੇ ਸਨ। ਟਿਕਟ ਵੇਚ ਵੇਚ ਇਹ ਪੋਪ ਬੜਾ ਅੱਯਾਸ਼ ਹੋ ਗਿਆ ਸੀ। ਲੂਥਰ ਕੋਲ ਜਦੋਂ ਇਹ ਟਿਕਟ ਵਿਕਰੀ ਲਈ ਪਹੁੰਚੇ ਤਾਂ ਪਹਿਲਾਂ ਉਸ ਨੇ ਇਕ ਚਿੱਠੀ ਲਿਖੀ ਕਿ ਅਜੇਹੇ ਕੰਮ ਝੂਠੇ ਤੇ ਪਾਪ ਰੂਪ ਹਨ, ਇਨ੍ਹਾਂ ਨੂੰ ਬੰਦ ਕਰਨਾ ਚਾਹੀਦਾ ਹੈ। ਪੋਪ ਨੇ ਜਵਾਬ ਭੇਜਿਆ, "ਲੂਥਰ ! ਇਸ ਗੁਸਤਾਖ਼ੀ ਬਦਲੇ ਤੈਨੂੰ ਜਿਉਂਦਿਆਂ ਅੱਗ ਵਿਚ ਸਾੜਿਆ ਜਾਵੇਗਾ।" ਇਸ ਜਵਾਬ ਨੂੰ ਪੜ੍ਹ ਕੇ ਲੂਥਰ ਦੀ ਆਤਮਾ ਦੀ ਜਵਾਲਾ ਹੋਰ ਵੀ ਭੜਕੀ। ਉਸ ਨੂੰ ਲਿਖਿਆ, "ਹੁਣ ਮੈਂ ਆਪਣੇ ਮਨ ਨਾਲ ਨਿਸ਼ਚਾ ਕਰ ਲਿਆ ਹੈ ਕਿ ਤੂੰ ਰੱਬ ਦਾ ਨਹੀਂ, ਸ਼ੈਤਾਨ ਦਾ ਪ੍ਰਤੀਨਿਧ ਹੈਂ। ਆਪਣੇ ਆਪ ਨੂੰ ਰੱਬ ਦਾ ਪ੍ਰਤਿਨਿਧ ਕਹਿਣ ਵਾਲੇ ਪਖੰਡੀ ! ਜਦ ਮੈਂ ਤੇਰੇ ਪਾਸ ਸੱਚ ਦਾ ਸੰਦੇਸ਼ਾ ਭੇਜਿਆ ਤਾਂ ਅਗੋਂ ਤੂੰ ਅੱਗ ਤੇ ਜੱਲਾਦ ਦੇ ਨਾਉਂ ਨਾਲ ਉੱਤਰ ਦਿੱਤਾ, ਇਸ ਤੋਂ ਸਾਫ਼ ਪ੍ਰਤੀਤ ਹੋ ਗਿਆ ਕਿ ਤੂੰ ਸੱਚ ਦੀ ਚੱਟਾਨ ਤੇ ਨਹੀਂ ਖੜਾ, ਸਗੋਂ ਸ਼ੈਤਾਨ ਦੀ ਜਿੱਲ੍ਹਣ ਵਿਚ ਖੁਭਿਆ ਪਿਆ ਹੈਂ। ਆਹ ਲੈ ਮੈਂ ਤੇਰੀਆਂ ਟਿਕਟਾਂ ਦੇ ਪੁੜੇ ਅੱਗ ਵਿਚ ਪਾ ਦਿੱਤੇ ਹਨ। ਮੈਂ ਜੋ ਮੇਰਾ ਕਰਤੱਵ ਸੀ ਪੂਰਾ ਕਰ ਦਿੱਤਾ ਹੈ, ਹੁਣ ਜੋ ਤੇਰੇ ਜੀਅ ਆਵੇ ਸੋ ਕਰ। ਮੈਂ ਸੱਚ ਦੀ ਚੱਟਾਨ ਤੇ ਖੜਾ ਹਾਂ।" ਇਸ ਛੋਟੇ ਜੇਹੇ ਸੰਨਿਆਸੀ ਨੇ ਯੂਰਪ ਵਿਚ ਉਹ ਝੱਖੜ ਝੁਲਾ ਦਿੱਤਾ, ਜਿਸ ਦੀ ਇੱਕੋ ਲਹਿਰ ਨਾਲ ਪੋਪ ਦਾ ਸਾਰਾ ਜੰਗੀ ਬੇੜਾ ਚਕਨਾਚੂਰ ਹੋ ਗਿਆ। ਝੱਖੜ ਵਿਚ ਤਿਣਕੇ ਵਾਂਗ ਪਤਾ ਨਹੀਂ ਉਹ ਕਿਧਰ ਉੱਡ ਗਿਆ।

ਮਹਾਰਾਜਾ ਰਣਜੀਤ ਸਿੰਘ ਨੇ ਫੌਜ ਨੂੰ ਕਿਹਾ, "ਅਟਕ ਪਾਰ ਕਰੋ।" ਅਟਕ ਦੀ ਕਾਂਗ ਚੜ੍ਹੀ ਹੋਈ ਸੀ ਤੇ ਭਿਆਨਕ ਲਹਿਰਾਂ ਉਠੀਆਂ ਹੋਈਆਂ ਸਨ। ਜਦ ਫੌਜ ਨੇ ਕੁਝ ਹੌਂਸਲਾ ਨਾ ਵਿਖਾਇਆ ਤਾਂ ਉਸ ਸੂਰਬੀਰ ਨੂੰ ਜ਼ਰਾ ਜੋਸ਼ ਆਇਆ। ਮਹਾਰਾਜਾ ਨੇ ਆਪਣਾ ਘੋੜਾ ਦਰਿਆ ਵਿਚ ਠੇਲ੍ਹ ਦਿੱਤਾ, ਕਹਿੰਦੇ ਨੇ ਅਟਕ ਦੀ ਕਾਂਗ ਸੁਕ ਗਈ ਤੇ ਸਾਰੇ ਪਾਰ ਨਿਕਲ ਗਏ।

ਦੁਨੀਆਂ ਵਿਚ ਜੰਗ ਦੇ ਸਾਰੇ ਸਾਮਾਨ ਜੁੜੇ ਹਨ। ਲੱਖਾਂ ਆਦਮੀ ਮਰਨ ਮਾਰਨ ਨੂੰ ਤਿਆਰ ਹੋ ਰਹੇ ਹਨ। ਗੋਲੀਆਂ ਮੀਂਹ ਵਾਂਗ ਮੂਹਲੇਧਾਰ ਵਰ੍ਹ ਰਹੀਆਂ ਹਨ। ਔਹ ਵੇਖੋ ! ਬਹਾਦਰ ਨੂੰ ਜੋਸ਼ ਆਇਆ। ਉਸ ਨੇ ਪੁਕਾਰਿਆ, "ਹਾਲਟ !" ਸਾਰੀ ਫੌਜ ਸਕਤੇ ਵਿਚ ਆ ਗਈ। ਚੁੱਪ ਚਾਪ ਖਲੋ ਗਈ।

ਐਲਪਸ ਦੇ ਪਹਾੜਾਂ ਤੇ ਚੜ੍ਹਨਾ ਜਿਉਂ ਹੀ ਫੌਜ ਨੇ ਮੁਸ਼ਕਲ ਸਮਝਿਆ ਤਿਉਂ ਹੀ ਸੂਰਬੀਰ ਨੇ ਕਿਹਾ, "ਐਲਪਸ ਹੈ ਹੀ ਨਹੀਂ", ਫੌਜ ਨੂੰ ਨਿਸ਼ਚਾ ਹੋ ਗਿਆ ਕਿ ਐਲਪਸ ਨਹੀਂ ਹੈ ਤੇ ਸਾਰੇ ਪਾਰ ਲੰਘ ਗਏ।

ਇਕ ਭੇਡਾਂ ਚਾਰਨ ਵਾਲੀ, ਸਤੋਗੁਣ ਵਿਚ ਡੁੱਬੀ ਅੱਲੜ੍ਹ ਕੁੜੀ ਨੂੰ ਜੋਸ਼ ਆਉਂਦਿਆਂ ਹੀ ਫ਼ਰਾਂਸ ਇਕ ਵਾਰੀ ਹਾਰ ਤੋਂ ਬਚ ਗਿਆ।

ਆਪਣੇ ਆਪ ਨੂੰ ਹਰ ਘੜੀ ਤੇ ਹਰ ਪਲ ਮਹਾਨ ਤੋਂ ਵੀ ਮਹਾਨ ਬਣਾਉਣ ਦਾ ਨਾਉਂ ਵੀਰਤਾ ਹੈ। ਸੂਰਮਗਤੀ ਦੇ ਕਾਰਨਾਮੇ ਤਾਂ ਗੌਣ ਗੱਲਾਂ ਹਨ। ਅਸਲੀ ਵਰਿਆਮ ਤਾਂ ਇਹ ਕਾਰਨਾਮੇ ਆਪਣੀਆਂ ਡਾਇਰੀਆਂ ਵਿਚ ਲਿਖਦੇ ਵੀ ਨਹੀਂ। ਦਰਖ਼ਤ ਤਾਂ ਧਰਤੀ ਤੋਂ ਰਸ ਚੂਸਣ ਵਿਚ ਲਗਾ ਰਹਿੰਦਾ ਹੈ। ਉਸ ਨੂੰ ਇਹ ਖਿਆਲ ਹੀ ਨਹੀਂ ਹੁੰਦਾ ਕਿ ਮੇਰੇ ਕਿੰਨੇ ਫੁੱਲ, ਕਿੰਨੇ ਫਲ ਲੱਗਣਗੇ ਤੇ ਕਦੋਂ ਲੱਗਣਗੇ। ਉਸ ਦਾ ਕੰਮ ਆਪਣੇ ਆਪ ਨੂੰ ਸੱਚ ਵਿਚ ਸਮੋਈ ਰੱਖਣਾ ਹੈ .... ਸੱਚ ਨੂੰ ਆਪਣੇ ਅੰਦਰ ਠੋਕ ਠੋਕ ਕੇ ਭਰਨਾ ਹੈ, ਅੰਦਰ ਹੀ ਅੰਦਰ ਵਧਣਾ ਹੈ। ਉਸ ਨੂੰ ਇਸ ਦੀ ਕੀ ਫ਼ਿਕਰ ਪਈ ਹੈ ਕਿ ਕੌਣ ਮੇਰੇ ਫਲ ਖਾਵੇਗਾ ਤੇ ਮੈਂ ਕਿੰਨੇ ਫਲ ਲੋਕਾਂ ਨੂੰ ਦਿੱਤੇ ਹਨ।

ਬਹਾਦਰੀ ਦਾ ਵਿਕਾਸ ਕਈ ਤਰ੍ਹਾਂ ਨਾਲ ਹੁੰਦਾ ਹੈ। ਕਦੀ ਤਾਂ ਉਸ ਦਾ ਵਿਕਾਸ ਲੜਨ-ਮਰਨ ਵਿਚ ਲਹੂ ਵਹਾਣ, ਤਲਵਾਰ-ਤੋਪ ਅੱਗੇ ਜਾਨ ਦੇਣ ਵਿਚ ਹੁੰਦਾ ਹੈ, ਕਦੇ ਪ੍ਰੇਮ ਦੇ ਪਿੜ ਵਿਚ ਉਸ ਦੇ ਨਿਸ਼ਾਨ ਝੁੱਲਦੇ ਹਨ। ਕਦੀ ਜੀਵਨ ਦੇ ਗੂੜ੍ਹੇ ਤੱਤ ਤੇ ਸੱਚ ਦੀ ਭਾਲ ਵਿਚ ਬੁੱਧ ਜੇਹੇ ਰਾਜੇ ਤਿਆਗੀ ਹੋ ਕੇ ਬੀਰ ਹੋ ਜਾਂਦੇ ਹਨ। ਕਦੀ ਕਿਸੇ ਆਦਰਸ਼ ਉੱਤੇ ਕਦੀ ਕਿਸੇ ਉਤੇ ਬਹਾਦਰੀ ਆਪਣੇ ਝੰਡੇ ਝੁਲਾਉਂਦੀ ਹੈ। ਪਰ ਬਹਾਦਰੀ ਇਕ ਪ੍ਰਕਾਰ ਦਾ ਇਲਹਾਮ ਜਾਂ ਰੱਬੀ ਪ੍ਰੇਰਣਾ ਹੈ। ਜਦ ਕਦੀ ਇਸ ਦਾ ਵਿਕਾਸ ਹੋਇਆ ਤਦੇ ਇਕ ਨਵਾਂ ਕਮਾਲ ਨਜ਼ਰੀਂ ਪਿਆ, ਇਕ ਨਵਾਂ ਜਲਾਲ ਜੰਮਿਆ, ਇਕ ਨਵੀਂ ਰੌਣਕ, ਨਵਾਂ ਰੰਗ, ਨਵੀਂ ਬਹਾਰ ਤੇ ਨਵੀਂ ਪ੍ਰਭੁਤਾ ਸੰਸਾਰ ਵਿਚ ਛਾ ਗਈ। ਬਹਾਦਰੀ ਸਦਾ ਨਿਰਾਲੀ ਤੇ ਨਵੀਂ ਹੁੰਦੀ ਹੈ, ਨਵਾਂਪਣ ਸੂਰਬੀਰਤਾ ਦਾ ਇਕ ਖਾਸ ਰੰਗ ਹੈ। ਹਿੰਦੂਆਂ ਦੇ ਪੁਰਾਣਾਂ ਦੀ ਉਹ ਅਲੰਕਾਰਮਈ ਸੋਚ ਜਿਸ ਰਾਹੀਂ ਪੁਰਾਣਕਾਰਾਂ ਨੇ ਈਸ਼ਵਰ ਦੇ ਅਵਤਾਰਾਂ ਨੂੰ ਅਨੋਖੇ ਤੇ ਵੱਖ ਵੱਖ ਰੂਪ ਦਿੱਤੇ ਹਨ, ਸੱਚੀ ਜਾਣ ਪੈਂਦੀ ਹੈ, ਕਿਉਂਕਿ ਬੀਰਤਾ ਦਾ ਇਕ ਵਿਕਾਸ ਦੂਜੇ ਵਿਕਾਸ ਨਾਲ ਕਦੀ ਕਿਵੇਂ ਵੀ ਨਹੀਂ ਮਿਲਦਾ। ਬਹਾਦਰੀ ਦੀ ਕਦੇ ਨਕਲ ਨਹੀਂ ਹੋ ਸਕਦੀ, ਜਿਵੇਂ ਮਨ ਦੀ ਖੁਸ਼ੀ ਕਦੇ ਕੋਈ ਉਧਾਰੀ ਨਹੀਂ ਲੈ ਸਕਦਾ। ਵੀਰਤਾ ਦੇਸ਼-ਕਾਲ ਅਨੁਸਾਰ ਜਦੋਂ ਕਦੀ ਸੰਸਾਰ ਵਿਚ ਪ੍ਰਗਟ ਹੋਈ ਤਦੇ ਇਕ ਨਵਾਂ ਰੂਪ ਲੈ ਕੇ ਆਈ, ਜਿਸ ਦੇ ਦਰਸ਼ਨ ਕਰਦਿਆਂ ਹੀ ਲੋਕ ਚਕਰਾ ਗਏ। ਕੁਝ ਬਣ ਨਾ ਆਇਆ ਤੇ ਵੀਰਤਾ ਅੱਗੇ ਸਿਰ ਝੁਕਾ ਦਿੱਤਾ।

ਜਾਪਾਨੀ ਵੀਰਤਾ ਦੀ ਮੂਰਤੀ ਪੂਜਦੇ ਹਨ। ਇਸ ਮੂਰਤੀ ਦਾ ਦਰਸ਼ਨ ਚੇਰੀ ਦੇ ਫੁੱਲਾਂ ਦੇ ਸ਼ਾਂਤ ਖੇੜੇ ਵਿਚ ਕਰਦੇ ਹਨ। ਕੇਹੀ ਸੱਚੀ ਤੇ ਕਲਾ ਭਰਪੂਰ ਪੂਜਾ ਹੈ। ਵੀਰਤਾ ਹਮੇਸ਼ਾ ਜ਼ੋਰ ਨਾਲ ਭਰਿਆ ਸੁਨੇਹਾ ਹੀ ਨਹੀਂ ਦੇਂਦੀ, ਮਨ ਦੀ ਕੋਮਲਤਾ ਦੇ ਵੀ ਦਰਸ਼ਨ ਕਰਾਂਦੀ ਹੈ। ਅਜੇਹੀ ਕੋਮਲਤਾ ਵੇਖ ਕੇ ਸਾਰੀ

ਕੁਦਰਤ ਦੀ ਰਚਨਾ ਕੋਮਲ ਹੋ ਜਾਂਦੀ ਹੈ, ਅਜੇਹੀ ਸੁੰਦਰਤਾ ਵੇਖ ਕੇ ਲੋਕੀਂ ਮੋਹੇ ਜਾਂਦੇ ਹਨ। ਜਦੋਂ ਕੋਮਲਤਾ ਅਤੇ ਸੁੰਦਰਤਾ ਦੇ ਰੂਪ ਵਿਚ ਵੀਰਤਾ ਦਰਸ਼ਨ ਦੇਂਦੀ ਹੈ ਤਾਂ ਚੇਰੀ ਦੇ ਫੁੱਲ ਤੋਂ ਵੀ ਵਧੇਰੇ ਕੋਮਲ ਤੇ ਮਨਮੋਹਣੀ ਹੁੰਦੀ ਹੈ। ਜਿਸ ਬੰਦੇ ਨੇ ਯੂਰਪ ਨੂੰ 'ਕਰੂਸੇਡਜ' ਲਈ ਹਿਲਾ ਦਿੱਤਾ ਸੀ, ਉਹ ਲੜਾਈ ਵਿਚ ਲੜ ਮਰਨ ਵਾਲਿਆ ਤੋਂ ਵਧੇਰੇ ਯੋਧਾ ਸੀ। ਇਸ ਬੰਦੇ ਵਿਚ ਵੀਰਤਾ ਨੇ ਹੰਝੂਆਂ ਤੇ ਹਾਵਿਆਂ ਦਾ ਰੂਪ ਲਿਆ ਸੀ। ਦੇਖੋ ਇਕ ਨਿੱਕਾ ਜੇਹਾ ਸਾਧਾਰਣ ਆਦਮੀ ਯੂਰਪ ਵਿਚ ਜਾ ਕੇ ਪੁਕਾਰਦਾ ਹੈ ਕਿ ਹਾਏ ਸਾਡੇ ਤੀਰਥ ਸਾਡੇ ਵਾਸਤੇ ਖੁੱਲ੍ਹੇ ਨਹੀਂ ਤੇ ਯਹੂਦ ਦੇ ਰਾਜੇ ਯਾਤ੍ਰੀਆਂ ਨੂੰ ਤੰਗ ਕਰਦੇ ਹਨ। ਇਹ ਹੰਝੂ ਭਰੀ ਅਪੀਲ ਸੁਣ ਕੇ ਯੂਰਪ ਉਸ ਦੇ ਨਾਲ ਰੋ ਉਠਿਆ। ਇਹ ਉੱਚੇ ਦਰਜੇ ਦੀ ਵੀਰਤਾ ਹੈ।

ਬੁਲਬੁਲ ਦੀ ਛਾਂ ਨੂੰ ਬੀਮਾਰ ਲੋਕ ਸਾਰੀਆਂ ਦਵਾਈਆਂ ਨਾਲੋਂ ਵਧ ਕੇ ਮੰਨਦੇ ਸਨ। ਉਸ ਦੇ ਦਰਸ਼ਨਾਂ ਨਾਲ ਹੀ ਕਿੰਨੇ ਰੋਗੀ ਚੰਗੇ ਹੋ ਜਾਂਦੇ ਸਨ। ਉਹ ਇਕ ਨੰਬਰ ਦਾ ਸੁੱਚਾ ਪੰਛੀ ਹੈ। ਜਿਹੜਾ ਰੋਗੀਆਂ ਦੇ ਸਿਰ੍ਹਾਣੇ ਖਲੋ ਕੇ ਦਿਨ ਰਾਤ ਗਰੀਬਾਂ ਦੀ ਨਿਸ਼ਕਾਮ ਸੇਵਾ ਕਰਦਾ ਹੈ ਤੇ ਗੰਦੇ ਜ਼ਖ਼ਮਾਂ ਨੂੰ ਲੋੜ ਪੈਣ ਤੇ ਆਪਣੇ ਮੂੰਹ ਨਾਲ ਚੂਸ ਕੇ ਸਾਫ ਕਰਦਾ ਹੈ, ਲੋਕਾਂ ਦੇ ਦਿਲਾਂ ਦੇ ਅਜੇਹੇ ਪ੍ਰੇਮ ਦਾ ਰਾਜ ਅਟੱਲ ਹੈ। ਇਹ ਬਹਾਦਰੀ ਭਾਵੇਂ ਪਰਦੇ ਵਾਲੀਆਂ ਹਿੰਦੁਸਤਾਨੀ ਇਸਤ੍ਰੀਆਂ ਵਾਂਗ ਦੂਜਿਆਂ ਦੇ ਸਾਮ੍ਹਣੇ ਨਾ ਆਵੇ, ਇਤਿਹਾਸ ਦੇ ਪੰਨਿਆਂ ਤੇ ਕਾਲੇ ਅੱਖਰ ਬਣ ਨਾ ਚਮਕੇ, ਤਾਂ ਵੀ ਦੁਨੀਆਂ ਅਜੇਹੇ ਹੀ ਬਲ ਆਸਰੇ ਜੀ ਰਹੀ ਹੈ।

ਦੂਲੇ ਦਾ ਦਿਲ ਸਭ ਦਾ ਦਿਲ ਹੋ ਜਾਂਦਾ ਹੈ। ਉਸ ਦਾ ਮਨ ਸਭ ਦਾ ਮਨ ਹੋ ਜਾਂਦਾ ਹੈ। ਉਸ ਦੇ ਵਿਚਾਰ ਸਭ ਦੇ ਵਿਚਾਰ ਹੋ ਜਾਂਦੇ ਹਨ। ਸਭ ਦੀਆਂ ਇਛਾਵਾਂ ਉਸ ਦੀਆਂ ਇਛਾਵਾਂ, ਸਭ ਦਾ ਬਲ ਉਸ ਦਾ ਬਲ ਹੋ ਜਾਂਦਾ ਹੈ। ਉਹ ਸਭ ਦਾ ਸਭ ਉਸ ਦੇ ਹੋ ਜਾਂਦੇ ਹਨ।

ਸੂਰਬੀਰ ਘੜਨ ਦੇ ਕਾਰਖਾਨੇ ਨਹੀਂ ਬਣ ਸਕਦੇ। ਉਹ ਤਾਂ ਦੇਵਦਾਰ ਦੇ ਬਿਰਖਾਂ ਵਾਂਗ ਜੀਵਨ ਦੇ ਬਣਾ ਵਿਚ ਆਪ ਮੁਹਾਰੇ ਉੱਗਦੇ, ਬਿਨਾਂ ਕਿਸੇ ਦੇ ਪਾਣੀ ਦਿੱਤੇ, ਬਿਨਾਂ ਕਿਸੇ ਦੇ ਪਾਲੇ ਪਲੋਸੇ, ਤਿਆਰ ਹੁੰਦੇ ਸੰਸਾਰ ਦੇ ਪਿੜ ਵਿਚ ਚਾਣਚਕ ਹੀ ਉਹ ਸਾਮ੍ਹਣੇ ਆ ਕੇ ਖੜੇ ਜਾਂਦੇ ਹਨ, ਉਨ੍ਹਾਂ ਦਾ ਸਾਰਾ ਜੀਵਨ ਅੰਦਰ ਹੀ ਅੰਦਰ ਹੁੰਦਾ ਹੈ। ਬਾਹਰ ਤਾਂ ਰਤਨਾਂ ਦੀਆਂ ਕਾਨਾਂ ਦੀ ਉਪਰਲੀ ਧਰਤੀ ਵਾਂਗ ਕੁੱਝ ਵੀ ਨਜ਼ਰ ਨਹੀਂ ਆਉਂਦਾ। ਬਲੀ ਦਾ ਜੀਵਨ ਮੁਸ਼ਕਲ ਨਾਲ ਕਦੀ ਕਦੀ ਹੀ ਪ੍ਰਗਟ ਨਜ਼ਰ ਆਉਂਦਾ ਹੈ। ਉਸ ਦਾ ਸੁਭਾਉ ਤਾਂ ਲੁਕੇ ਰਹਿਣ ਦਾ ਹੈ।

ਉਹ ਲਾਲ ਗੋਦੜੀਆਂ ਵਿਚ ਗੁਆਚਾ ਰਹਿੰਦਾ ਹੈ, ਕੰਦਰਾਂ, ਗਾਰਾਂ ਤੇ ਨਿੱਕੀਆਂ ਨਿਕੀਆਂ ਝੌਂਪੜੀਆਂ ਵਿਚ ਬੜੇ ਬੜੇ ਬਹਾਦਰ ਮਹਾਤਮਾ ਲੁਕੇ

ਰਹਿੰਦੇ ਹਨ। ਕਿਤਾਬਾਂ ਤੇ ਅਖ਼ਬਾਰਾਂ ਦੇ ਪੜ੍ਹਨ ਜਾਂ ਵਿਦਵਾਨਾਂ ਦੇ ਲੈਕਚਰ ਸੁਣਨ ਨਾਲ ਤਾਂ ਬਸ ਡਰਾਇੰਗ ਰੂਮ ਦੇ 'ਸੂਰਬੀਰ' ਹੀ ਪੈਦਾ ਹੁੰਦੇ ਹਨ। ਉਨ੍ਹਾਂ ਦੀ ਵੀ ਵੀਰਤਾ ਅਣਜਾਣ ਲੋਕਾਂ ਪਾਸੋਂ ਆਪਣੀ ਵਾਹ ਵਾਹ ਸੁਣਨ ਤਕ ਹੀ ਹੁੰਦੀ ਹੈ। ਅਸਲੀ ਵਰਿਆਮ ਤਾਂ ਦੁਨੀਆਂ ਦੀ ਬਣਾਵਟ ਤੇ ਲਿਖਾਵਟ ਦੇ ਮਖੌਲਾਂ ਲਈ ਨਹੀਂ ਜਿਉਂਦੇ।

ਹਰ ਵਾਰ ਦਿਖਾਵੇ ਦੀ ਖ਼ਾਤਰ ਛਾਤੀ ਠੋਕ ਕੇ ਅੱਗੇ ਵਧਣਾ ਤੇ ਫੇਰ ਪਿੱਛੇ ਹਟਣਾ ਪਹਲੇ ਦਰਜੇ ਦੀ ਥੋੜ-ਦਿਲੀ ਹੈ। ਸੂਰਮਾਂ ਤਾਂ ਇਹ ਸਮਝਦਾ ਹੈ ਕਿ ਜ਼ਿੰਦਗੀ ਮਾਮੂਲੀ ਚੀਜ਼ ਹੈ ਤੇ ਕੇਵਲ ਇਕ ਵੇਰ ਲਈ ਹੀ ਕਾਫ਼ੀ ਹੈ। ਜਿਵੇਂ ਇਸ ਬੰਦੂਕ ਵਿਚ ਇੱਕੋ ਗੋਲੀ ਹੋਵੇ। ਹਾਂ ਕਾਇਰ ਇਸ ਨੂੰ ਜ਼ਰੂਰ ਵਡਮੁੱਲਾ ਤੇ ਕਦੇ ਨਾ ਟੁਟਣ ਵਾਲਾ ਹਥਿਆਰ ਸਮਝਦੇ ਹਨ। ਹਰ ਘੜੀ ਅੱਗੇ ਵਧ ਕੇ ਤੇ ਇਹ ਦਿਖਾ ਕੇ ਕਿ ਅਸੀਂ ਵਡੇ ਹਾਂ ਉਹ ਫਿਰ ਇਸ ਵਿਚਾਰ ਨਾਲ ਪਿੱਛੇ ਹਟ ਜਾਂਦੇ ਹਨ ਕਿ ਉਨ੍ਹਾਂ ਦਾ ਅਣਮੋਲ ਜੀਵਨ ਕਿਸੇ ਹੋਰ ਵਡੇ ਕੰਮ ਲਈ ਬਚ ਸਕੇ। ਸੱਖਣੇ ਬੱਦਲ ਗੱਜ ਕੇ ਐਵੇਂ ਹੀ ਲੰਘ ਜਾਂਦੇ ਹਨ ਤੇ ਵਸਣ ਵਾਲੀਆਂ ਬਦਲੀਆ ਜ਼ਰਾ ਜਿੰਨੀ ਦੇਰ ਵਿਚ ਬਾਰਾਂ ਬਾਰਾਂ ਇੰਚ ਮੀਂਹ ਵਰ੍ਹਾ ਜਾਂਦੀਆਂ ਹਨ।

ਕਾਇਰ ਆਖਦੇ ਹਨ 'ਅੱਗੇ ਵਧੋ' ਸੂਰਮੇ ਪੁਕਾਰਦੇ ਹਨ 'ਪਿੱਛੇ ਹਟ ਚਲੋ।' ਕਾਇਰ ਕਹਿੰਦਾ ਹੈ 'ਉਠਾਓ ਤਲਵਾਰ' ਸੂਰਮਾ ਆਖਦਾ ਹੈ 'ਸਿਰ ਅੱਗੇ ਕਰੋ' ਸੂਰਮੇ ਦਾ ਜੀਵਨ ਕੁਦਰਤ ਨੇ ਆਪਣੀ ਤਾਕਤ ਫ਼ਜ਼ੂਲ ਗੁਆਣ ਲਈ ਨਹੀਂ ਸਿਰਜਿਆ। ਸੂਰਮੇ ਦਾ ਸ਼ਰੀਰ ਕੁਦਰਤ ਦੀਆਂ ਕੁੱਲ ਤਾਕਤਾਂ ਦਾ ਭੰਡਾਰ ਹੈ। ਕੁਦਰਤ ਦਾ ਇਹ ਕੇਂਦਰ ਡੋਲ ਨਹੀਂ ਸਕਦਾ। ਸੂਰਜ ਦਾ ਚੱਕਰ ਡੋਲ ਜਾਵੇ ਤਾਂ ਡੋਲ ਜਾਵੇ ਐਪਰ ਸੂਰਮੇ ਦੇ ਦਿਲ ਵਿਚ ਜੋ ਰੱਬੀ ਟੇਕ ਟਿਕੀ ਹੈ, ਜੋ ਨੂਰੀ ਪੁਰੀ ਗੱਡੀ ਹੈ ਉਹ ਅਚਲ ਹੈ। ਕੁਦਰਤ ਦੇ ਹੋਰਨਾਂ ਪਦਾਰਥਾਂ ਦੀ ਰਾਤ, ਭਾਵੇਂ ਅੱਗੇ ਵਧਣ ਦੀ ਆਪਣੀ ਤਾਕਤ ਨੂੰ ਖਿਲਾਰ ਕੇ ਨਸ਼ਟ ਕਰਨ ਦੀ ਹੋਵੇ, ਪਰ ਸੂਰਬੀਰਾਂ ਦੀ ਨੀਤੀ ਬਲ ਨੂੰ ਹਰ ਤਰ੍ਹਾਂ ਜੁਟਾਉਣ ਤੇ ਵਧਾਉਣ ਦੀ ਹੀ ਹੁੰਦੀ ਹੈ, ਸੂਰਮੇ ਤਾਂ ਆਪਣੇ ਅੰਦਰ ਹੀ 'ਮਾਰਚ' ਕਰਦੇ ਹਨ, ਕਿਉਂਕਿ ਆਤਮ-ਆਕਾਸ਼ ਦੇ ਕੇਂਦਰ ਵਿਚ ਖਲੋ ਕੇ ਉਹ ਸਾਰੇ ਸੰਸਾਰ ਨੂੰ ਹਿਲਾ ਸਕਦੇ ਹਨ।

ਵਿਚਾਰੀ ਮਰੀਅਮ ਦਾ ਲੜਿਕਾ ਸੁਹਣਾ ਗੱਭਰੂ ਆਪਣੀ ਮਸਤੀ ਵਿਚ ਮਤਵਾਲਾ ਆਪਣੇ ਆਪ ਨੂੰ 'ਸੱਚਾ ਪਾਤਸ਼ਾਹ' ਕਹਿਣ ਵਾਲਾ ਈਸਾ ਮਸੀਹ ਕੀ ਉਸ ਸਮੇਂ ਕਮਜ਼ੋਰ ਮਾਲੂਮ ਹੁੰਦਾ ਹੈ। ਜਦੋਂ ਭਾਰੀ ਸਲੀਬ ਉੱਤੇ ਤੜਫ ਕੇ ਕਦੀ ਡਿਗਦਾ, ਕਦੀ ਜ਼ਖਮੀ ਹੁੰਦਾ ਤੇ ਕਦੀ ਬੇਮੁਰਤਾ ਹੋ ਜਾਂਦਾ ਹੈ ? ਕੋਈ

ਪੱਥਰ ਮਾਰਦਾ ਹੈ, ਕੋਈ ਵੱਟੇ ਮਾਰਦਾ ਹੈ, ਕੋਈ ਥੁੱਕਦਾ ਹੈ, ਪਰ ਉਸ ਸੱਚੇ-ਮਰਦ ਦਾ ਦਿਲ ਨਹੀਂ ਡੋਲਦਾ। ਕੋਈ ਥੋੜ-ਦਿਲਾ, ਬੁਜ਼ਦਿਲ ਹੁੰਦਾ ਤਾਂ ਆਪਣੀ ਬਾਦਸ਼ਾਹਤ ਦੇ ਜ਼ੋਰ ਦੀਆਂ ਗੁੱਥੀਆਂ ਖੋਲ੍ਹ ਦੇਂਦਾ, ਆਪਣੀ ਤਾਕਤ ਨਸ਼ਟ ਕਰ ਦੇਂਦਾ, ਅਤੇ ਹੋ ਸਕਦਾ ਹੈ, ਆਪਣੀ ਇੱਕੋ ਨਜ਼ਰ ਨਾਲ ਉਸ ਸਲਤਨਤ ਦਾ ਤਖ਼ਤਾ ਉਲਟ ਦੇਂਦਾ ਤੇ ਮੁਸੀਬਤ ਟਾਲ ਦੇਂਦਾ। ਐਪਰ ਜਿਸਨੂੰ ਅਸੀਂ ਮੁਸੀਬਤ ਜਾਣਦੇ ਹਾਂ ਉਹ ਤਾਂ ਉਸ ਨੂੰ ਮਖੌਲ ਸਮਝਦਾ ਸੀ, 'ਸੂਲੀ ਮੇਰੇ ਲਈ ਅੱਜ, ਸੇਜ ਹੋਈ ਸੱਜਣਾਂ ਦੀ, ਸੌਣ ਦਿਓ, ਮਿੱਠੀ ਮਿੱਠੀ ਨੀਂਦ ਮੈਨੂੰ, ਆ ਰਹੀ।' ਅਮਰ ਈਸਾ ਨੂੰ ਦੁਨਿਆਵੀ ਵਿਸ਼ੇ ਵਿਕਾਰਾਂ ਵਿਚ ਖੁੱਭੇ ਲੋਕ ਭਲਾ ਕੀ ਜਾਣ ਸਕਦੇ ਸਨ ? ਚਾਰ ਚਿੜੀਆਂ ਰਲ ਕੇ ਮੈਨੂੰ ਫਾਂਸੀ ਦਾ ਹੁਕਮ ਸੁਣਾ ਦੇਣ ਤੇ ਮੈਂ ਸੁਣ ਕੇ ਰੋਵਾਂ ਜਾਂ ਡਰ ਜਾਵਾਂ, ਤਾਂ ਮੇਰੀ ਹੈਸੀਅਤ ਚਿੜੀਆਂ ਤੋਂ ਵੀ ਘਟ ਜਾਵੇਗੀ। ਜਿਵੇਂ ਚਿੜੀਆਂ ਮੈਨੂੰ ਫਾਂਸੀ ਦੇ ਕੇ ਉੱਡ ਗਈਆਂ ਉਵੇਂ ਬਾਦਸ਼ਾਹ ਤੇ ਸਲਤਨਤਾਂ ਅੱਜ ਮਿੱਟੀ ਵਿਚ ਰਲ ਗਈਆਂ। ਸੱਚ ਮੁੱਚ ਉਹ ਛੋਟਾ ਜਿਹਾ ਬਾਬਾ ਲੋਕਾਂ ਦਾ 'ਸੱਚਾ ਪਾਤਸ਼ਾਹ।' ਚਿੜੀਆਂ ਜਾਨਵਰਾਂ ਦੀਆਂ ਕਚਹਿਰੀਆਂ ਦੇ ਨਿਰਣਿਆਂ ਤੋਂ ਜੋ ਡਰਦੇ ਜਾਂ ਮਰਦੇ ਹਨ ਉਹ ਮਨੁੱਖ ਨਹੀਂ ਹੋ ਸਕਦੇ। ਰਾਣਾ ਜੀ ਨੇ ਜ਼ਹਿਰ ਦੇ ਪਿਆਲੇ ਨਾਲ ਮੀਰਾ ਨੂੰ ਡਰਾਉਣਾ ਚਾਹਿਆ। ਪਰ ਧੰਨ ਸਚਾਈ ! ਮੀਰਾ ਨੇ ਉਹ ਜ਼ਹਿਰ ਵੀ ਅੰਮ੍ਰਿਤ ਜਾਣ ਕੇ ਪੀ ਲਿਆ ! ਉਹ ਸ਼ੇਰ ਤੇ ਹਾਥੀ ਅੱਗੇ ਸੁੱਟੀ ਗਈ, ਪਰ, ਧੰਨ ਪ੍ਰੇਮ ! ਮਸਤ ਹਾਥੀ ਤੇ ਸ਼ੇਰ ਨੇ ਦੇਵੀ ਦੇ ਚਰਨਾਂ ਦੀ ਧੂੜ ਆਪਣੇ ਮੱਥੇ ਤੇ ਲਾਈ ਤੇ ਆਪਣਾ ਰਾਹ ਫੜਿਆ। ਇਸ ਲਈ ਦੂਲੇ 'ਅੱਗੇ' ਨਹੀਂ 'ਪਿੱਛੇ' ਜਾਂਦੇ ਹਨ। ਅੰਤਰ ਧਿਆਨ ਧਾਰਦੇ ਹਨ। ਮਾਰਦੇ ਨਹੀਂ, ਮਰਦੇ ਹਨ।

ਉਹ ਸੂਰਮਾ ਕੀ ਜੋ ਟੀਨ ਦੇ ਭਾਂਡੇ ਵਾਂਗ ਪਲ ਵਿਚ ਗਰਮ ਤੇ ਪਲ ਵਿਚ ਠੰਡਾ ਹੋ ਜਾਵੇ। ਸਦੀਆਂ ਅੱਗ ਉਸ ਦੇ ਹੇਠ ਬਲਦੀ ਰਹੇ ਤਾਂ ਸ਼ਾਹਿਦ ਕਿਤੇ ਵੀਰ ਪੁਰਖ ਤੱਤਾ ਹੋ ਸਕੇ ਤੇ ਹਜ਼ਾਰਾਂ ਵਰ੍ਹੇ ਬਰਫ਼ ਉਸ ਤੇ ਜੰਮਦੀ ਰਹੇ ਤਾਂ ਵੀ ਕੀ ਮਜਾਲ ਉਸ ਦੀ ਬਾਣੀ ਤਕ ਠੰਡੀ ਹੋ ਸਕੇ। ਉਸ ਨੂੰ ਆਪ ਠੰਡੇ ਤੱਤੇ ਹੋਣ ਨਾਲ ਕੀ ਮਤਲਬ ? ਕਾਰਲਾਇਲ ਨੂੰ ਜੇ ਅੱਜ ਕੱਲ੍ਹ ਦੀ ਸਭਿਅਤਾ ਤੇ ਗੁੱਸਾ ਆਇਆ ਤਾਂ ਸੰਸਾਰ ਵਿਚ ਇਕ ਨਵੀਂ ਬੋਲੀ ਦਾ ਜਨਮ ਹੋ ਗਿਆ। ਅੰਗ੍ਰੇਜ਼ ਜ਼ਰੂਰ ਹੈ, ਪਰ ਉਸਦੀ ਬੋਲੀ ਸਾਰਿਆਂ ਤੋਂ ਨਿਆਰੀ ਹੈ, ਉਸ ਦੇ ਸ਼ਬਦ ਜਾਣੋ ਅੱਗ ਦੀਆਂ ਚਿੰਗਾੜੀਆਂ ਹਨ ਜੋ ਮਨੁੱਖੀ-ਮਨਾਂ ਵਿਚ ਭਾਂਬੜ ਬਾਲ ਦੇਂਦੀਆਂ ਹਨ। ਸਭ ਕੁਝ ਬਦਲ ਜਾਵੇ, ਕਾਰਲਾਇਲ ਦੀ ਤਪਸ਼ ਕਦੀ ਨਹੀਂ ਘਟੇਗੀ। ਜੇ ਹਜ਼ਾਰ ਸਾਲ ਸੰਸਾਰ ਦੇ ਦੁਖ ਦਰਦ ਢੋਏ ਜਾਣ ਤਾਂ ਵੀ ਥਰਮਾਮੀਟਰ ਜਿਉਂ ਦਾ ਤਿਉਂ ਰਹੇਗਾ। ਬਾਬਰ ਦੇ ਸਿਪਾਹੀਆਂ ਨੇ ਗੁਰੂ ਨਾਨਕ

ਨੂੰ ਵੀ ਹੋਰਨਾਂ ਨਾਲ 'ਵਗਾਰ' ਵਿਚ ਫੜ ਲਿਆ। ਉਨ੍ਹਾਂ ਦੇ ਸਿਰ ਤੇ ਭਾਰ ਰਖਿਆ ਤੇ ਕਿਹਾ, 'ਚਲੋ!' ਆਪ ਤੁਰ ਪਏ। ਨੱਸ ਭਜ, ਧੁੱਪ, ਬੋਝ, ਮੁਸੀਬਤ, ਵਗਾਰ ਵਿਚ ਫੜੀਆਂ ਜ਼ਨਾਨੀਆਂ ਦਾ ਰੁਦਨ, ਭਲੇ ਪੁਰਸ਼ਾਂ ਦਾ ਦੁਖ, ਨਗਰਾਂ ਦੇ ਨਗਰਾਂ ਦਾ ਸੜਨਾ, ਹਰ ਤਰ੍ਹਾਂ ਦੀਆਂ ਦੁਖਦਾਈ ਗੱਲਾਂ ਹੋ ਰਹੀਆਂ ਹਨ। ਪਰ ਕਿਸੇ ਸ਼ੈ ਦਾ ਕੁਝ ਅਸਰ ਨਹੀਂ, ਹੋਇਆ। ਗੁਰੂ ਨਾਨਕ ਨੇ ਆਪਣੇ ਸਾਥੀ ਮਰਦਾਨੇ ਨੂੰ ਕਿਹਾ, 'ਮਰਦਾਨਿਆਂ ਰਬਾਬ ਵਜਾ, ਕਰਤਾਰ ਦਾ ਜੱਸ ਗਾਵੀਏ,।' ਉਸ ਭੀੜ ਵਿਚ ਰਬਾਬ ਵੱਜ ਰਿਹਾ ਹੈ, ਆਪ ਗਾ ਰਹੇ ਹਨ। ਧੰਨ ਸ਼ਾਂਤੀ !

ਜੇ ਕੋਈ ਅੰਞਾਣਾ ਬਾਲ ਨੈਪੋਲੀਅਨ ਦੇ ਮੋਢੇ ਚੜ੍ਹ ਕੇ ਉਸ ਦੇ ਵਾਲ ਖਿੱਚੇ ਤਾਂ ਕੀ ਨੈਪੋਲੀਅਨ ਇਸ ਨੂੰ ਆਪਣੀ ਬੇਅਦਬੀ ਸਮਝ ਕੇ ਉਸ ਬੱਚੇ ਨੂੰ ਭੁੰਜੇ ਵਗਾਹ ਮਾਰੇਗਾ, ਜਿਸ ਨਾਲ ਲੋਕ ਉਸ ਨੂੰ ਵੱਡਾ ਬਹਾਦਰ ਕਹਿਣ ? ਇਵੇਂ ਹੀ ਸੱਚੇ ਸੂਰਬੀਰ, ਜਦੋਂ ਉਨ੍ਹਾਂ ਦੇ ਵਾਲ ਸੰਸਾਰ ਦੀਆਂ ਚਿੜੀਆਂ ਖਿੱਚਦੀਆਂ ਹਨ ਕੁਝ ਪਰਵਾਹ ਨਹੀਂ ਕਰਦੇ ਕਿਉਂਕਿ ਉਨ੍ਹਾਂ ਦਾ ਜੀਵਨ ਆਲੇ ਦੁਆਲੇ ਵਾਲਿਆਂ ਦੇ ਜੀਵਨ ਤੋਂ ਕਿਤੇ ਉੱਚਾ ਤੇ ਬਲਵਾਨ ਹੁੰਦਾ ਹੈ। ਭਲਾ ਅਜੇਹੀਆਂ ਗੱਲਾਂ ਨਾਲ ਸੂਰਬੀਰ ਕਦੋਂ ਡੋਲਦੇ ਹਨ। ਜਦੋਂ ਉਨ੍ਹਾਂ ਦੀ ਮੌਜ ਆਵੇ, ਮੈਦਾਨ ਉਨ੍ਹਾਂ ਦੇ ਹੱਥ ਹੁੰਦਾ ਹੈ।

ਜਾਪਾਨ ਦੇ ਇਕ ਛੋਟੇ ਜੇਹੇ ਪਿੰਡ ਦੀ ਇਕ ਕੁੱਲੀ ਵਿਚ ਇਕ ਨਾਟੇ ਜੇਹੇ ਕੱਦ ਦਾ ਜਾਪਾਨੀ ਰਹਿੰਦਾ ਸੀ। ਓਜ਼ੀਓ ਉਸ ਦਾ ਨਾਂ ਸੀ। ਇਹ ਬੜਾ ਅਨੁਭਵ ਵਾਲਾ ਗਿਆਨੀ ਪੁਰਸ਼ ਸੀ। ਬੜੇ ਹਠੀ ਸੁਭਾ ਦਾ ਅਡੋਲ, ਧੀਰਜਵਾਨ ਆਪਣੇ ਖ਼ਿਆਲਾਂ ਦੇ ਸਾਗਰ ਵਿਚ ਡੁੱਬਿਆ ਰਹਿਣ ਵਾਲਾ ਮਨੁੱਖ ਸੀ। ਆਂਢ-ਗੁਆਂਢ ਦੇ ਬੱਚੇ ਇਸ ਕੋਲ ਆਇਆ ਕਰਦੇ ਸਨ ਤੇ ਉਨ੍ਹਾਂ ਨੂੰ ਇਹ ਮੁਫ਼ਤ ਪੜ੍ਹਾਇਆ ਕਰਦਾ ਸੀ। ਜੋ ਮਿਲ ਜਾਂਦਾ ਸੰਤੋਖ ਨਾਲ ਛਕ ਲੈਂਦਾ। ਦੁਨੀਆਂ ਦੀ ਵਿਵਹਾਰਿਕ ਦ੍ਰਿਸ਼ਟੀ ਵਿਚ ਇਹ ਇਕ ਪ੍ਰਕਾਰ ਦਾ ਮਖੱਟੂ ਸੀ, ਕਿਉਂਕਿ ਇਸ ਨੇ ਸੰਸਾਰ ਦਾ ਕੋਈ ਵੱਡਾ ਕੰਮ ਨਹੀਂ ਸੀ ਕੀਤਾ। ਉਸ ਦੀ ਸਾਰੀ ਉਮਰ ਸ਼ਾਂਤੀ ਤੇ ਸਤੋਗੁਣ ਵਿਚ ਹੀ ਗੁਜ਼ਰੀ ਸੀ। ਲੋਕ ਉਸ ਨੂੰ ਸਾਧਾਰਣ ਆਦਮੀ ਹੀ ਸਮਝਦੇ ਸਨ, ਇਕ ਵਾਰ ਰੱਬੀਂ ਤਿੰਨ ਚਾਰ ਫਸਲਾਂ ਨਾ ਹੋਣ ਕਾਰਣ ਇਸ ਫ਼ਕੀਰ ਦੇ ਆਸੇ ਪਾਸੇ ਕਾਲ ਪੈ ਗਿਆ, ਕਾਲ ਬੜਾ ਭਿਆਨਕ ਸੀ। ਲੋਕ ਬਹੁਤ ਦੁਖੀ ਹੋਏ। ਬੇਬਸ ਹੋ ਕੇ ਇਸ ਨੰਗੇ ਕੰਗਾਲ ਫ਼ਕੀਰ ਕੋਲ ਸਹਾਇਤਾ ਮੰਗਣ ਆਏ। ਉਸ ਦੇ ਮਨ ਵਿਚ ਕੋਈ ਖ਼ਿਆਲ ਆਇਆ ਤੇ ਉਹ ਸਹਾਇਤਾ ਕਰਨ ਲਈ ਤਿਆਰ ਹੋ ਗਿਆ। ਪਹਿਲਾਂ ਉਹ ਓਸਾਕੋ ਸ਼ਹਿਰ ਦੇ ਅਮੀਰਾਂ ਪਾਸੋਂ ਸਹਾਇਤਾ ਮੰਗਣ ਗਿਆ। ਉਨ੍ਹਾਂ ਵਾਅਦੇ ਬਹੁਤ ਕੀਤੇ ਪਰ ਦਿਤਾ ਕੁਝ ਵੀ

ਨ। ਓਸ਼ੀਓ ਮੁੜ ਉਨ੍ਹਾਂ ਕੋਲ ਨਹੀਂ ਗਿਆ। ਉਸ ਨੇ ਬਾਦਸ਼ਾਹ ਤੇ ਵਜ਼ੀਰਾਂ ਨੂੰ ਖਤ ਲਿਖੇ ਕਿ ਇਨ੍ਹਾਂ ਗਰੀਬ ਕਿਸਾਨਾਂ ਨੂੰ ਮਦਦ ਦਿੱਤੀ ਜਾਵੇ, ਪਰ ਬਹੁਤ ਦਿਨ ਲੰਘ ਜਾਣ ਤੇ ਵੀ ਜਵਾਬ ਕੁਝ ਨ ਆਇਆ। ਓਸ਼ੀਓ ਨੇ ਆਪਣੇ ਕਪੜੇ ਤੇ ਕਿਤਾਬਾਂ ਨਿਲਾਮ ਕਰ ਦਿੱਤੀਆਂ। ਜੋ ਕੁਝ ਮਿਲਿਆ ਮੁੱਠੀ ਭਰ ਕੇ ਲੋਕਾਂ ਵਿਚ ਸੁੱਟ ਦਿੱਤਾ। ਪਰ ਇਸ ਨਾਲ ਕੀ ਬਣ ਸਕਦਾ ਸੀ ? ਓਸ਼ੀਓ ਦਾ ਦਿਲ ਪੂਰਣ 'ਸ਼ਿਵ' ਰੂਪ ਹੋ ਗਿਆ। ਏਥੇ ਇਹ ਦੱਸਣਾ ਮੁਨਾਸਬ ਹੋਵੇਗਾ ਕਿ ਜਾਪਾਨ ਦੇ ਲੋਕ ਆਪਣੇ ਬਾਦਸ਼ਾਹ ਨੂੰ ਪਿਓ ਵਾਂਗ ਪੂਜਦੇ ਹਨ। ਇਹ ਉਨ੍ਹਾਂ ਦੇ ਮਨ ਦੀ ਇੱਕੋ ਵਾਸ਼ਨਾ ਹੈ, ਅਜੇਹੀ ਕੌਮ ਦੇ ਹਜ਼ਾਰਾਂ ਬੰਦੇ ਇਸ ਵੀਰ-ਫ਼ਕੀਰ ਪਾਸ ਜੁੜੇ ਹਨ। ਓਸ਼ੀਓ ਨੇ ਲਲਕਾਰਿਆ ਕਿ ਸਾਰੇ ਹਥਾਂ ਵਿਚ ਵਾਂਸ ਲੈ ਕੇ ਤਿਆਰ ਹੋ ਜਾਓ ਤੇ ਬਗ਼ਾਵਤ ਕਰੋ। ਕੋਈ ਕੁਸਕ ਤਕ ਨ ਸਕਿਆ। ਬਗ਼ਾਵਤ ਦਾ ਝੰਡਾ ਖੜਾ ਹੋ ਗਿਆ। ਓਸ਼ੀਓ ਆਪ ਇਕ ਵਾਂਸ ਲੈ ਕੇ ਸਭ ਦੇ ਅੱਗੇ ਕਿਊਟੋ ਵਲ, ਬਾਦਸ਼ਾਹ ਦੇ ਮਹੱਲਾਂ ਤੇ ਧਾਵਾ ਕਰਨ ਲਈ ਤੁਰ ਪਿਆ। ਇਸ ਫ਼ਕੀਰ ਜਰਨੈਲ ਦੀ ਫ਼ੌਜ ਦੀ ਚੜ੍ਹਤ ਨੂੰ ਕੌਣ ਰੋਕ ਸਕਦਾ ਸੀ ? ਜਦੋਂ ਸ਼ਾਹੀ ਕਿਲ੍ਹੇ ਦੇ ਸਰਦਾਰ ਨੇ ਵੇਖਿਆ ਤਾਂ ਜਾ ਰਿਪੋਰਟ ਕੀਤੀ ਤੇ ਆਗਿਆ ਮੰਗੀ ਕਿ ਓਸ਼ੀਓ ਤੇ ਉਸ ਦੀ ਫ਼ੌਜ ਉੱਤੇ ਗੋਲੀਆਂ ਦੀ ਵਰਖਾ ਕੀਤੀ ਜਾਵੇ ? ਹੁਕਮ ਹੋਇਆ "ਨਹੀਂ, ਓਸ਼ੀਓ ਕੁਦਰਤ ਦੇ ਹਰੇ ਵਰਕਿਆਂ ਨੂੰ ਪੜ੍ਹਨ ਵਾਲਾ ਹੈ। ਕਿਸੇ ਖ਼ਾਸ ਗੱਲ ਲਈ ਲੜਾਈ ਕਰ ਕੇ ਆਇਆ ਹੋਵੇਗਾ। ਉਸ ਨੂੰ ਹੱਲ ਕਰਨ ਤੇ ਆਉਣ ਦੇਵੋ।" ਓਸ਼ੀਓ ਕਿਲ੍ਹੇ ਵਿਚ ਆ ਗਿਆ ਤਾਂ ਉਹ ਸਰਦਾਰ ਇਸ ਮਸਤ ਜਰਨੈਲ ਨੂੰ ਫੜ ਕੇ ਬਾਦਸ਼ਾਹ ਦੇ ਸਾਮ੍ਹਣੇ ਲੈ ਗਿਆ। ਓਸ਼ੀਓ ਨੇ ਬਾਦਸ਼ਾਹ ਸਾਮ੍ਹਣੇ ਕਿਹਾ, ਇਹ ਰਾਜ-ਭੰਡਾਰੇ ਜੋ ਅੰਨ ਨਾਲ ਭਰੇ ਪਏ ਹਨ, ਗਰੀਬਾਂ ਦੀ ਸਹਾਇਤਾ ਲਈ ਕਿਉਂ ਨਾ ਖੋਲ੍ਹ ਦਿੱਤੇ ਜਾਣ ?

ਜਾਪਾਨ ਦੇ ਬਾਦਸ਼ਾਹ ਨੂੰ ਡਰ ਆਇਆ। ਇਕ ਸੂਰਮਾ ਉਸ ਦੇ ਸਾਮ੍ਹਣੇ ਖੜਾ ਸੀ, ਜਿਸ ਦੀ ਆਵਾਜ਼ ਵਿਚ ਗ਼ੈਬੀ ਸ਼ਕਤੀ ਸੀ। ਹੁਕਮ ਹੋ ਗਿਆ ਕਿ ਸ਼ਾਹੀ ਭੰਡਾਰੇ ਖੋਲ੍ਹ ਦਿੱਤੇ ਜਾਣ ਤੇ ਸਾਰਾ ਅੰਨ ਕੰਗਾਲੇ ਕਿਸਾਨਾਂ ਵਿਚ ਵੰਡ ਦਿੱਤਾ ਜਾਵੇ। ਸਾਰੀ ਫ਼ੌਜ ਤੇ ਪੁਲਿਸ ਧਰੀ ਰਹਿ ਗਈ। ਮੰਤ੍ਰੀਆਂ ਦੇ ਦਫ਼ਤਰ ਲੱਗੇ ਦੇ ਲੱਗੇ ਰਹਿ ਗਏ। ਓਸ਼ੀਓ ਨੇ ਜਿਸ ਕੰਮ ਲਈ ਲੱਕ ਬੰਨ੍ਹਿਆ ਸੀ ਉਹ ਪੂਰਾ ਕਰ ਵਿਖਾਇਆ। ਲੋਕਾਂ ਦੀ ਬਿਪਤਾ ਕੁਝ ਦਿਨਾਂ ਲਈ ਟਲ ਗਈ। ਓਸ਼ੀਓ ਦੇ ਦਿਲ ਦੀ ਸਫਾਈ, ਸਚਾਈ, ਤੇ ਦ੍ਰਿੜ੍ਹਤਾ ਸਾਮ੍ਹਣੇ ਕੌਣ ਟਿਕ ਸਕਦਾ ਸੀ ? ਸੱਚ ਦੀ ਸਦਾ ਜਿੱਤ ਹੁੰਦੀ ਹੈ। ਇਹ ਵੀ ਸੂਰਮਤਾਈ ਦਾ ਇਕ ਚਿਨ੍ਹ ਹੈ।

ਰੂਸ ਦੇ ਜ਼ਾਰ ਨੇ ਸਭ ਲੋਕਾਂ ਨੂੰ ਫ਼ਾਸੀ ਲਾ ਦਿਤਾ ਪਰ ਟਾਲਸਟਾਇ ਨੂੰ ਉਹ ਦਿਲੋਂ ਸਤਿਕਾਰਦਾ ਸੀ, ਉਸ ਦੀਆਂ ਗੱਲਾਂ ਦਾ ਆਦਰ ਕਰਦਾ ਸੀ। ਜਿੱਤ ਉੱਥੇ ਹੁੰਦੀ ਹੈ ਜਿਥੇ ਪਵਿੱਤਰਤਾ ਤੇ ਪ੍ਰੇਮ ਹੈ। ਦੁਨੀਆਂ ਕਿਸੇ ਕੂੜੇ ਦੇ ਢੇਰ ਤੇ ਨਹੀਂ ਟਿਕੀ ਕਿ ਜਿਸ ਮੁਰਗੇ ਨੇ ਬਾਂਗ ਦਿੱਤੀ ਸਿੱਧ ਹੋ ਗਿਆ। ਦੁਨੀਆਂ ਧਰਮ ਦੇ ਅਟੱਲ ਅਧਿਆਤਮਿਕ ਨਿਯਮਾਂ ਤੇ ਖਲੋਤੀ ਹੈ ਜੋ ਉਨ੍ਹਾਂ ਨਿਯਮਾਂ ਨਾਲ

ਇਕਮਿਕ ਹੋ ਗਿਆ, ਜਿੱਤ ਗਿਆ। ਇਹ ਗੱਲਾਂ ਸ਼ਾਇਦ ਅੱਜ ਕੱਲ੍ਹ ਬੇਅਰਥ ਜਾਪਦੀਆਂ ਹਨ ! ਪਹਿਲਾਂ ਕੰਮ ਕਰਨ ਦਾ ਬਲ ਪੈਦਾ ਕਰੋ। ਅੰਦਰੋਂ ਅੰਦਰ ਬ੍ਰਿਛ ਵਾਂਗ ਵਧੋ। ਅੱਜ ਕੱਲ੍ਹ ਭਾਰਤਵਰਸ਼ ਵਿਚ ਪਰਉਪਕਾਰ ਕਰਨ ਦਾ ਬੁਖ਼ਾਰ ਫੈਲ ਗਿਆ ਹੈ। ਜਿਸ ਨੂੰ 105 ਡਿਗਰੀ ਦਾ ਇਹ ਬੁਖ਼ਾਰ ਚੜ੍ਹਿਆ, ਉਹ ਅੱਜ ਕੱਲ੍ਹ ਦੇ ਭਾਰਤਵਰਸ਼ ਦਾ ਰਿਸ਼ੀ ਹੋ ਗਿਆ। ਅਖ਼ਬਾਰਾਂ ਦੀ ਟਕਸਾਲ ਵਿਚ ਘੜੇ ਦਰਜਨਾਂ ਬਹਾਦਰ ਮਿਲਦੇ ਹਨ। ਜਿੱਥੇ ਕਿਸੇ ਨੇ ਇਕ ਦੋ ਕੰਮ ਕੀਤੇ ਤੇ ਅੱਗੇ ਹੋ ਕੇ ਛਾਤੀ ਕੱਢੀ ਤੇ ਹਿੰਦੁਸਤਾਨ ਦੇ ਸਾਰੇ ਅਖ਼ਬਾਰਾਂ ਨੇ 'ਹੀਰੋ' ਤੇ 'ਮਹਾਤਮਾ' ਦੀ ਪੁਕਾਰ ਮਚਾਦੀ, ਬੱਸ ਇਕ ਨਵਾਂ 'ਸੂਰਮਾ' ਪੈਦਾ ਹੋ ਗਿਆ। ਇਹ ਤਾਂ ਪਾਗਲਪਲ ਦੀਆਂ ਲਹਿਰਾਂ ਹਨ। ਅਖ਼ਬਾਰ ਲਿਖਣ ਵਾਲੇ ਸਾਧਾਰਣ ਸਿੱਕੇ ਦੇ ਬੰਦੇ ਹੁੰਦੇ ਹਨ। ਉਨ੍ਹਾਂ ਦੀ ਉਸਤਤ ਨਿੰਦਿਆ ਤੇ ਕਿਉਂ ਮਰਦੇ ਹੋ ? ਆਪਣੇ ਜੀਵਨ ਨੂੰ ਅਖ਼ਬਾਰਾਂ ਦੇ ਛੋਟੇ ਛੋਟੇ ਪੈਰਿਆਂ ਤੇ ਕਿਉਂ ਲਟਕਾ ਰਹੇ ਹੋ ? ਕੀ ਇਹ ਸੱਚ ਨਹੀਂ ਕਿ ਸਾਡੇ ਅੱਜ ਦੇ ਬਹਾਦਰਾਂ ਦੀ ਜਾਨ ਅਖ਼ਬਾਰਾਂ ਦੇ ਲੇਖਾਂ ਵਿਚ ਹੈ। ਜ਼ਰਾ ਇਨ੍ਹਾਂ ਰੰਗ ਬਦਲਿਆ ਨਹੀਂ ਕਿ ਸਾਡੇ ਬਹਾਦਰਾਂ ਨੇ ਵੀ ਰੰਗ ਬਦਲੇ, ਬੁੱਲ੍ਹ ਸੁੱਕਣ ਲੱਗੇ ਤੇ ਬਹਾਦਰੀ ਦੀਆਂ ਸਾਰੀਆਂ ਆਸਾਂ ਟੁੱਟ ਗਈਆਂ।

ਸੱਜਨੋਂ ! ਅੰਦਰ ਦੇ ਧੁਰੇ ਵਲ ਆਪਣੀ ਚਾਲ ਮੋੜੋ ਤੇ ਇਸ ਦਿਖਾਵਟੀ ਤੇ ਬਨਾਵਟੀ ਜੀਵਨ ਦੀ ਚੰਚਲਤਾ ਵਿਚ ਆਪਣੇ ਆਪ ਨੂੰ ਗੰਵਾਓ ਨਹੀਂ।

ਸੂਰਮੇ ਨਹੀਂ ਤਾ ਸੂਰਮਿਆਂ ਦੇ ਪਿਛਲੱਗ ਬਣੋ। ਬਹਾਦਰੀ ਦੇ ਕਾਰਨਾਮੇ ਨਹੀਂ ਤਾਂ ਆਪਣੇ ਅੰਦਰ ਸਹਿਜੇ ਸਹਿਜੇ ਬਹਾਦਰੀ ਦੇ ਪਰਮਾਣੂ ਜਮ੍ਹਾ ਕਰੋ।

ਜਦੋਂ ਕਦੇ ਅਸੀਂ ਬਹਾਦਰਾਂ ਦਾ ਹਾਲ ਸੁਣਦੇ ਹਾਂ, ਤਾਂ ਸਾਡੇ ਆਪਣੇ ਅੰਦਰ ਵੀ ਬਹਾਦਰੀ ਦੀਆਂ ਲਹਿਰਾਂ ਉਠਦੀਆ ਹਨ, ਰੰਗ ਚੜ੍ਹ ਜਾਂਦਾ ਹੈ। ਪਰ ਉਹ ਰੰਗ ਟਿਕਾਊ ਨਹੀਂ ਹੁੰਦਾ। ਕਾਰਣ ਇਹ ਹੈ ਕਿ ਸਾਡੇ ਅੰਦਰ ਬਹਾਦਰੀ ਦਾ ਮਸਾਲਾ ਤਾਂ ਹੁੰਦਾ ਨਹੀਂ ਖ਼ਾਲੀ ਮਹਿਲ ਉਸ ਦੇ ਦਿਖਾਵੇ ਲਈ ਉਸਾਰਨਾ ਲੋਚਦੇ ਹਾਂ। ਟੀਨ ਦੇ ਭਾਂਡੇ ਦਾ ਸੁਭਾਉ ਛੱਡ ਕੇ ਆਪਣੇ ਜੀਵਨ ਦੇ ਅੰਤਰ-ਆਤਮੇ ਵਿਚ ਨਿਵਾਸ ਕਰੋ ਤੇ ਸੱਚਾਈ ਦੀ ਚੱਟਾਨ ਤੇ ਪੱਕੇ ਪੈਰੀਂ ਖਲੋ ਜਾਓ। ਆਪਣੀ ਜ਼ਿੰਦਗੀ ਕਿਸੇ ਹੋਰ ਨੂੰ ਸੌਂਪ ਦਿਓ ਤਾਂ ਜੋ ਜ਼ਿੰਦਗੀ ਬਚਾਉਣ ਦਿਆਂ ਜਤਨਾਂ ਵਿਚ ਸਮਾਂ ਵਾਧੂ ਨਸ਼ਟ ਨਾ ਹੋਵੇ। ਬਾਹਰਲੀ ਸਤਹ ਛੱਡ ਕੇ ਅੰਦਰਲੀਆਂ ਤੈਹਾਂ ਵਿਚ ਧੱਸ ਜਾਵੋ ਤਾਂ ਨਵੇਂ ਰੰਗ ਖੁਲ੍ਹਣਗੇ। ਦੂਈ ਤੇ ਜਕੋ-ਤਕੋ ਛੱਡੋ, ਰਣਾ ਛੁੱਟ ਜਾਏਗਾ। ਪ੍ਰੇਮ ਤੇ ਆਨੰਦ ਤੋਂ ਕੰਮ ਲਵੋ, ਸ਼ਾਂਤੀ ਦੀ ਵਰਖਾ ਹੋਣ ਲੱਗੇਗੀ ਤੇ ਦੁਖੜੇ ਦੂਰ ਹੋ ਜਾਣਗੇ। ਜੀਵਨ ਦੇ ਤੱਤ ਦਾ ਅਨੁਭਵ ਕਰ ਕੇ ਚੁਪ ਵੱਟ ਲਵੋ, ਧੀਰੇ ਤੇ ਗੰਭੀਰ ਹੋ ਜਾਵੋਗੇ। ਵੀਰਾਂ ਦੀ, ਫ਼ਕੀਰਾਂ ਦੀ ਤੇ ਪੀਰਾਂ ਦੀ ਇਹ ਇਕ ਕੂਕ ਹੈ - ਹਟੋ ਪਿੱਛੇ, ਆਪਣੇ ਅੰਦਰ ਜਾਓ, ਆਪਣਾ ਆਪਾ ਦੇਖੋ, ਦੁਨੀਆਂ ਹੋਰ ਦੀ ਹੋਰ ਹੋ ਜਾਵੇਗੀ। ਆਪਣੀ ਆਤਮਿਕ ਉੱਨਤੀ ਕਰੋ।

੩

ਕੰਨਿਆ-ਦਾਨ

ਨੇਤਰਾਂ ਦੀ ਗੰਗਾ

ਧੰਨ ਨੇ ਉਹ ਨੇਤਰ ਜੋ ਕਦੇ ਕਦਾਈਂ ਪ੍ਰੇਮ-ਨੀਰ ਨਾਲ ਭਰ ਆਉਂਦੇ ਹਨ। ਰੋਜ਼ ਗੰਗਾ-ਜਲ ਨਾਲ ਤਾਂ ਇਸ਼ਨਾਨ ਹੁੰਦਾ ਹੀ ਹੈ ਐਪਰ ਜਿਸ ਪੁਰਸ਼ ਨੇ ਨੇਤਰਾਂ ਦੀ ਪ੍ਰੇਮ-ਧਾਰਾ ਵਿਚ ਕਦੀ ਇਸ਼ਨਾਨ ਕੀਤਾ ਹੈ, ਉਹੀ ਜਾਣਦਾ ਹੈ ਕਿ ਇਸ ਇਸ਼ਨਾਨ ਨਾਲ ਮਨ ਦੇ ਅਤਿ ਮੈਲੇ ਭਾਵ ਕਿਸ ਤਰ੍ਹਾਂ ਵਹਿ ਜਾਂਦੇ ਹਨ, ਅੰਤਰ-ਕਰਣ ਕਿਵੇਂ ਫੁੱਲ ਵਾਂਗ ਖਿੜ ਜਾਂਦਾ ਹੈ, ਮਨ ਦੀਆਂ ਗੰਢਾਂ ਕਿਸ ਤਰ੍ਹਾਂ ਖੁੱਲ੍ਹ ਜਾਂਦੀਆਂ ਹਨ। ਕੁਟਲਤਾ ਤੇ ਨੀਚਤਾ ਦਾ ਪਹਾੜ ਕਿਵੇਂ ਚਕਨਾਚੂਰ ਹੋ ਜਾਂਦਾ ਹੈ। ਸਾਵਣ ਭਾਦੋਂ ਦੇ ਮੀਂਹ ਪਿਛੋਂ ਜਿਵੇਂ ਬਿਰਖ ਨਵੀਆਂ ਨਵੀਆਂ ਕਰੂੰਬਲਾ ਨਾਲ ਭਰੇ ਇਕ ਅਸਚਰਜ ਮਨਮੋਹਨੀ ਸੋਭਾ ਦੇਂਦੇ ਹਨ ਉਵੇਂ ਇਸ ਪ੍ਰੇਮ-ਇਸ਼ਨਾਨ ਨਾਲ ਮਨੁੱਖ ਦੇ ਅੰਦਰਲੇ ਦੀ ਅਵਸਥਾ ਸੁੱਚੀ, ਕੋਮਲ ਤੇ ਰਸ ਭਿੰਨੀ ਹੋ ਜਾਂਦੀ ਹੈ। ਪ੍ਰੇਮ-ਧਾਰਾ ਦੇ ਜਲ ਨਾਲ ਸਿੰਜਿਆ ਮਨ ਖਿੜ ਜਾਂਦਾ ਹੈ। ਮਨ ਦੀ ਵਾਟਿਕਾ ਵਿਚ ਪਵਿੱਤਰ ਭਾਵਾਂ ਦੇ ਬੂਟੇ ਉਗਦੇ, ਵਧਦੇ ਤੇ ਫੁਲਦੇ ਹਨ। ਮੀਂਹ ਤੇ ਨਦੀ ਦੇ ਜਲ ਨਾਲ ਤਾਂ ਅੰਨ ਪੈਦਾ ਹੁੰਦਾ ਹੈ, ਪਰ ਨੇਤਰਾਂ ਦੀ ਗੰਗਾ ਪ੍ਰੇਮ ਤੇ ਵੈਰਾਗ ਰਾਹੀਂ ਮਨੁੱਖੀ ਜੀਵਨ ਨੂੰ ਅੱਗ ਤੇ ਬਰਫ਼ ਦੀ ਪਾਹੁਲ ਦੇਂਦੀ ਹੈ ਤੇ ਇਕ ਨਵਾਂ ਜਨਮ ਹੁੰਦਾ ਹੈ। ਮਾਨੋ ਕੁਦਰਤ ਨੇ ਹਰ ਬੰਦੇ ਲਈ ਇਸ ਨੈਣ-ਨੀਰ ਦੇ ਰੂਪ ਵਿਚ ਮਸੀਹਾ ਭੇਜਿਆ ਹੋਵੇ। ਜਿਸ ਹੱਥੀਂ ਹਰ ਕੋਈ ਮਨੁੱਖ ਤੇ ਇਸਤ੍ਰੀ ਕ੍ਰਿਤਾਰਥ ਹੋ ਸਕਦੇ ਹਨ। ਇਹ ਉਹੋ ਜੰਞੂ ਹੈ ਜਿਸ ਨੂੰ ਪਹਿਨ ਕੇ ਹਰ ਆਦਮੀ ਦਿਜ (ਬ੍ਰਾਹਮਣ) ਹੋ ਸਕਦਾ ਹੈ। ਕਿਸੇ ਕਿੰਨਾ ਸੁਹਣਾ ਆਖਿਆ ਹੈ।

ਹਾਥ ਖਾਲੀ ਮਰਦੁਮੇ ਦੀਦਾ ਬੁਤੋਂ ਸੇ ਕਿਆ ਮਿਲੇਂ,
ਮੋਤੀਓਂ ਕੀ ਪੰਜਾ-ਇ-ਮਿਜ਼ਗਾਂ ਮੇਂ ਇਕ ਮਾਲਾ ਤੋ ਹੈ।

ਅੱਜ ਅਸੀਂ ਉਸ ਹੰਝੂ-ਧਾਰ ਦੀ ਗੱਲ ਨਹੀਂ ਕਰਦੇ ਜੋ ਬ੍ਰਹਮਾਨਦ ਵਿਚ ਮਸਤ ਯੋਗੀ-ਜਨਾਂ ਦੇ ਨੇਤਰਾਂ ਵਿਚੋਂ ਝਰਦੀ ਹੈ। ਅੱਜ ਤਾਂ ਲੇਖਕ ਦਾ ਆਪਣੇ

ਜੇਹੇ ਸਾਧਾਰਣ ਮਨੁੱਖਾਂ ਦੀ ਅੱਥਰੂ-ਧਾਰ ਦਾ ਵਰਣਨ ਕਰਨਾ ਹੀ ਇਸ ਲੇਖ ਦਾ ਮੰਗਲਾ-ਚਰਣ ਹੈ। ਪ੍ਰੇਮ ਦੇ ਤ੍ਰੁਪਕਿਆ ਵਿਚ ਇਹ ਅਸਾਰ ਸੰਸਾਰ ਮਿਥਿਆ-ਰੂਪ ਹੋ ਕੇ ਧੁਲ ਜਾਂਦਾ ਹੈ ਅਤੇ ਅਸੀਂ ਧਰਤੀ ਤੋਂ ਉੱਠ ਕੇ ਆਤਮਾ ਦੇ ਪਵਿੱਤਰ ਅਕਾਸ਼-ਮੰਡਲ ਵਿਚ ਉਡਾਰੀਆਂ ਲਾਉਣ ਲੱਗ ਪੈਂਦੇ ਹਾਂ। ਅਨੁਭਵ ਕਰਦਿਆਂ, ਅਜੇਹੀ ਧੁਲੀ ਹੋਈ ਹਾਲਤ ਵਿਚ, ਹਰ ਕਿਸੇ ਦੀ ਸਮਾਧੀ ਲਗ ਜਾਂਦੀ ਹੈ। ਆਦਮੀ ਆਪਣੇ ਆਪ ਨੂੰ ਭੁੱਲ ਜਾਂਦਾ ਹੈ, ਸ਼ਰੀਰ ਦੀ ਕ੍ਰਿਆ ਜਾਣੋਂ ਕਿਧਰੇ ਵਿਸਰ ਜਾਂਦੀ ਹੈ, ਪ੍ਰੇਮ ਦੀ ਕਾਲੀ ਘਟਾ ਬ੍ਰਹਮ ਰੂਪ ਵਿਚ ਲੀਨ ਹੋ ਜਾਂਦੀ ਹੈ। ਭਾਵੇਂ ਕਿਸੇ ਕਾਰੀਗਰ, ਕਿਸੇ ਕਲਾਕਾਰ ਦਾ ਜੀਵਨ ਦੇਖੋ, ਉਸ ਨੂੰ ਇਸ ਪਰਮ ਅਵਸਥਾ ਦਾ ਗਿਆਨ ਹੋਏ ਬਿਨਾਂ ਆਪਣੀ ਕਲਾ ਦਾ ਤੱਤ ਗਿਆਨ ਨਹੀਂ ਹੁੰਦਾ। ਚਿੱਤਰਕਾਰ ਸੁੰਦਰਤਾ ਨੂੰ ਮਹਿਸੂਸ ਕਰਦਾ ਹੈ ਤੇ ਖੁਸ਼ੀ ਦੇ ਮਾਰੇ ਤਤਕਾਲ ਉਸ ਦੇ ਨੈਣ ਸਿਲ੍ਹੇ ਹੋ ਜਾਂਦੇ ਹਨ; ਬੁੱਧੀ, ਪ੍ਰਾਣ, ਮਨ ਤੇ ਸੁੰਦਰਤਾ ਵਿਚ ਡੁੱਬ ਜਾਂਦਾ ਹੈ, ਸਾਰਾ ਸ਼ਰੀਰ ਪ੍ਰੇਮ-ਵਰਖਾ ਦੇ ਵਹਿਣ ਵਿਚ ਵਹਿ ਤੁਰਦਾ ਹੈ। ਉਹ ਚਿੱਤਰ ਹੀ ਕੇਹਾ, ਜਿਸ ਨੂੰ ਦੇਖ ਦੇਖ ਕੇ ਚਿੱਤਰਕਾਰ ਦੀਆਂ ਅੱਖਾਂ ਇਸ ਮਸਤ ਕਰਨ ਵਾਲੀ ਤਰੇਲ ਨਾਲ ਭਿਜ ਨਾ ਜਾਣ। ਉਹ ਚਿੱਤਰਕਾਰੀ ਹੀ ਕੀ, ਜਿਸ ਨੇ ਚਿਤਰਕਾਰ ਨੂੰ ਹਜ਼ਾਰ ਵਾਰ ਇਸ ਜਗਦੀ ਨੀਂਦ ਵਿਚ ਨਾ ਸੁਲਾਇਆ ਹੋਵੇ।

ਕਵੀ ਨੂੰ ਦੇਖੋ, ਆਪਣੀ ਕਵਿਤਾ ਦੀ ਰਸ-ਚਾਟ ਵਿਚ ਮਸਤ ਹੋ ਕੇ ਇਹਦੇ ਤੋਂ ਵੀ ਪਰੇ ਅਧਿਆਤਮਕ ਗਗਨ-ਮੰਡਲ ਦੇ ਬੱਦਲਾਂ ਵਿਚ ਕਲੋਲਾਂ ਕਰਦਾ ਹੈ। ਇਹ ਬਚਨ ਭਾਵੇਂ ਆਤਮਿਕ ਜੀਵਨ ਦਾ ਬਿੰਦੂ ਹੋਣ, ਭਾਵੇਂ ਨਿਰਲੇਪ ਸਮਾਧੀ-ਮੰਦਰ ਦੇ ਬਾਹਰਲੇ ਘੇਰੇ, ਇਨ੍ਹਾਂ ਵਿਚ ਅੱਪੜ ਕੇ ਕਵੀ ਜ਼ਰੂਰ ਸੌਂਦਾ ਹੈ। ਹੱਡ ਚੰਮ ਦਾ ਸਰੀਰ ਇਨ੍ਹਾਂ ਬੱਦਲਾਂ ਵਿਚ ਧੋਤਾ ਜਾਂਦਾ ਹੈ। ਕਵੀ ਉਥੇ ਬ੍ਰਹਮ-ਰਸ ਪੀਂਦਾ ਹੈ ਤੇ ਅਚਾਨਕ ਬੈਠੇ ਬਿਠਾਏ ਸਾਵਣ ਭਾਦੋਂ ਦੇ ਬੱਦਲਾਂ ਵਾਂਗ ਸੰਸਾਰ ਤੇ ਕਵਿਤਾ ਦਾ ਮੀਂਹ ਵਰਸਾਂਦਾ ਹੈ। ਸਾਡੀਆਂ ਅੱਖਾਂ ਹੀ ਕੁੱਝ ਅਜੇਹੀਆਂ ਹਨ, ਜਿਵੇਂ ਇਹ ਸੰਸਾਰ ਦੇ ਕਰਤੇ ਨੂੰ ਨਹੀਂ ਵੇਖ ਸਕਦੀਆਂ ਉਵੇਂ ਇਹ ਅਧਿਆਤਮਿਕ ਧੁੰਦ-ਬੱਦਲਾਂ ਵਿਚ ਲਪੇਟੇ ਕਲਾਕਾਰ ਨੂੰ ਵੀ ਨਹੀਂ ਵੇਖ ਸਕਦੀਆਂ। ਉਸ ਦੀ ਕਵਿਤਾ ਜੋ ਸਾਨੂੰ ਮਸਤ ਬਣਾਉਂਦੀ ਹੈ, ਸਥੂਲ ਚੀਜ਼ ਹੈ। ਇਹੋ ਕਾਰਣ ਹੈ ਕਿ ਕਲਾਕਾਰ ਵੱਧ ਤੋਂ ਵੱਧ ਉਸ ਅਧਿਆਤਮਕ ਅਵਸਥਾ ਦਾ ਨਿੱਤ ਅਨੁਭਵ ਕਰਦਾ ਹੈ। ਉਹ ਆਪਣੀ ਇਕ ਵੇਰ ਅਲਾਪੀ ਕਵਿਤਾ ਨੂੰ ਉਸ ਧੁਨ ਵਿਚ ਨਹੀਂ ਗਾਉਂਦਾ ਜਿਸ ਵਿਚ ਆਪਣੇ ਤਾਜ਼ੇ ਦੋਹੇ, ਚੌਪਾਈਆਂ ਗਾਵਿਆ ਕਰਦਾ ਹੈ, ਉਸ ਦੀ ਕਵਿਤਾ ਦੇ ਬੋਲ ਤਾਂ ਕੇਵਲ ਇਸ ਮੀਂਹ ਦੀਆਂ ਬੂੰਦਾਂ ਹਨ। ਅਜਿਹੇ ਕਵੀ ਦਾ ਬੀਰ ਰਸ ਇਸੇ ਸ਼ਾਂਤ ਰਸ ਦੇ ਬੱਦਲਾਂ ਦੀ ਟੱਕਰ

ਵਿਚੋਂ ਉਪਜੀ ਬਿਜਲੀ ਦੀ ਗਰਜ ਤੇ ਚਮਕ ਹੈ। ਕਵੀ ਨੂੰ ਕਵਿਤਾ ਵਿਚ ਦੇਖਣਾ ਤਾਂ ਸਾਧਾਰਣ ਗੱਲ ਹੈ ਅੱਖੀਆਂ ਵਾਲੇ ਤਾਂ ਉਸਨੂੰ ਕਿਧਰੇ ਹੋਰ ਹੀ ਲਭਦੇ ਹਨ। ਕਵੀ ਕਵਿਤਾ ਤੇ ਉਸਦਾ ਅਲਾਪ, ਉਸ ਦੇ ਦਿਲ ਤੇ ਗਲ ਤੋਂ ਨਹੀਂ ਨਿਕਲਦੇ, ਉਹ ਤਾਂ ਸੰਸਾਰ ਦੇ ਬ੍ਰਹਮ-ਕੇਂਦਰ ਵਿਚੋਂ ਉਦੇਮਾਨ ਹੁੰਦੇ ਹਨ। ਕੇਵਲ ਉਸ 'ਅਲਾਪ-ਕਰ-ਉਠਣ ਵਾਲੀ ਅਵਸਥਾ' ਦਾ ਨਾਂ ਕਵੀ ਹੈ। ਭਾਵੇਂ ਉਹ ਅਵਸਥਾ ਹਰੇ ਬਾਂਸ ਦੀ ਪੋਰੀ ਵਿਚੋਂ, ਚਾਹੇ ਨਾਰਦ ਦੀ ਵੀਣਾ ਵਿਚੋਂ ਤੇ ਚਾਹੇ ਸਰਸੂਤੀ ਦੀ ਸਿਤਾਰ ਵਿਚੋਂ ਫੁੱਟ ਨਿਕਲੇ। ਉਹੀ ਸੱਚਾ ਕਵੀ ਹੈ, ਜੋ ਇਲਾਹੀ ਰੂਪ ਦੇ ਝਲਕਾਰੇ ਵਿਚ ਲੀਨ ਹੋ ਜਾਵੇ, ਲੀਨ ਹੋਣ ਤੇ ਵੀ ਜਿਸ ਦੀ ਜੀਭ ਤੇ ਕੰਠ ਚਾਉ ਨਾਲ ਗੂੰਗੇ ਹੋ ਜਾਣ, ਲੂੰ ਕੰਡਿਆ ਜਾਣ ਤੇ ਆਤਮ-ਲੋਰ ਦੀ ਮਸਤੀ ਵਿਚ ਉਹ ਕਦੀ ਰੋਵੇ ਤੇ ਕਦੀ ਹੱਸੇ।

ਹਰ ਕਲਾਵਾਨ ਪੂਰਣ-ਪੁਰਖ ਦੇ ਚਰਨੀਂ, ਇਹ ਨੇਤਰਾਂ ਦੀ ਗੰਗਾ ਸਦਾ ਵਹਿੰਦੀ ਹੈ। ਕੀ ਇਹ ਆਨੰਦ ਪ੍ਰਭੂ ਨੇ ਨਹੀਂ ਦਿੱਤਾ? ਕਿਧਰੇ ਉਸੇ ਜਲ ਵਿਚ ਰਾਮ ਨੇ ਸਾਡੇ ਲਈ ਅੰਮ੍ਰਿਤ ਨਹੀਂ ਭਰਿਆ? ਆਪਣਾ ਨਿਸ਼ਚਾ ਤਾਂ ਇਹ ਹੈ ਕਿ ਹਰ ਮਨੁੱਖ ਜਨਮ ਤੋਂ ਹੀ ਕਿਸੇ ਨਾ ਕਿਸੇ ਅਦਭੁਤ ਪ੍ਰੇਮ-ਕਲਾ ਵਿਚ ਗੁੰਧਾ ਹੁੰਦਾ ਹੈ। ਕਿਸੇ ਖਾਸ ਕਲਾ ਵਿਚ ਮਾਹਰ ਨਾ ਹੁੰਦਿਆਂ ਵੀ ਪਰਮਾਤਮਾ ਨੇ ਹਰੇਕ ਮਨ ਸੰਪੂਰਣ ਵਿਭੂਤੀ ਅਣਪੜ੍ਹਾਂ ਤੇ ਅਗਿਆਨੀਆਂ ਨੂੰ ਵੀ ਪ੍ਰਾਪਤ ਹੋ ਜਾਂਦੀ ਹੈ।

ਕਵੀ ਸਦਾ ਬੱਦਲਾਂ ਨਾਲ ਘਿਰੇ ਹਨੇਰਿਆਂ ਦੇ ਦੇਸ਼ ਵਸਦਾ ਹੈ। ਉਥੇ ਹੀ ਬੱਦਲਾਂ ਦੇ ਟੁਕੜੇ ਮਾਂ, ਪਿਉ, ਭੈਣ, ਪੁੱਤਰ, ਪਤਨੀ ਆਦਿ ਦੇ ਨੈਣਾਂ ਤੇ ਆ ਕੇ ਛਾ ਜਾਂਦੇ ਹਨ। ਮੈਂ ਆਪਣੀ ਅੱਖੀਂ ਇਨ੍ਹਾਂ ਨੂੰ ਛਮ ਛਮ ਵਰ੍ਹਦੇ ਵੇਖਿਆ ਹੈ। ਜਿਸ ਅਧਿਆਤਮਿਕ ਦੇਸ਼ ਵਿਚ, ਕਵੀ, ਯੋਗੀ, ਪੀਰ, ਪੈਗੰਬਰ, ਔਲੀਆ ਵਿਚਰਦੇ ਹਨ ਤੇ ਕਿਸੇ ਨੂੰ ਵੜਨ ਨਹੀਂ ਦੇਂਦੇ, ਉਹ ਸਾਰੇ ਦਾ ਸਾਰਾ ਦੇਸ਼ ਇਨ੍ਹਾਂ ਆਮ ਲੋਕਾਂ ਦੇ ਪ੍ਰੇਮ-ਅੱਥਰੂਆਂ ਵਿਚ ਘੁਲ ਘੁਲ ਵਗ ਰਿਹਾ ਹੈ। ਆਓ ਮਿੱਤਰੋ! ਸੁਰਗ ਦੀ ਆਮ ਨੀਲਾਮੀ ਹੋ ਰਹੀ ਹੈ।

ਸਰ ਵਾਲਟਰ ਸਕਾਟ ਆਪਣੀ 'ਲੇਡੀ ਆਫ ਦੀ ਲੇਕ' ਨਾਂ ਦੀ ਕਵਿਤਾ ਵਿਚ ਬੜੀ ਖੂਬੀ ਨਾਲ ਉਨ੍ਹਾਂ ਹੰਝੂਆਂ ਦੀ ਉਪਮਾ ਕਰਦੇ ਹਨ ਜੋ ਪਿਉ, ਧੀ ਨੂੰ ਬੁੱਕਲ ਵਿਚ ਲੈ ਕੇ ਉਸ ਦੇ ਕੇਸਾਂ ਉਤੇ ਮੋਤੀਆਂ ਦੀ ਲੜੀ ਵਾਂਗ ਡੋਲ੍ਹ ਦੇਂਦਾ ਹੈ। ਇਨ੍ਹਾਂ ਹੰਝੂਆਂ ਨੂੰ ਉਹ ਅਦਭੁਤ ਇਲਾਹੀ ਪ੍ਰੇਮ ਦੇ ਹੰਝੂ ਮੰਨਦੇ ਹਨ। ਸੱਚ ਹੈ, ਸੰਸਾਰੀ ਗ੍ਰਹਿਸਤ ਦੇ ਸੰਬੰਧਾਂ ਵਿਚ ਪਿਉ ਧੀ ਦਾ ਨਾਤਾ ਇਲਾਹੀ ਪ੍ਰੇਮ ਨਾਲ ਭਰਿਆ ਹੋਇਆ ਹੈ। ਪਿਉ ਦਾ ਮਨ ਧੀ ਲਈ ਕਿਵੇਂ ਵੀ ਰੱਬੀ ਮਨ ਤੋਂ ਘੱਟ ਨਹੀਂ।

ਪਾਠਕ ! ਹੁਣ ਤਾਈਂ ਓਪਰੀ ਨਜ਼ਰ ਨਾਲ ਆਪ ਨੂੰ ਤੇ ਮੈਨੂੰ ਇਨ੍ਹਾਂ ਗੱਲਾਂ ਦਾ ਕੰਨਿਆਂ ਦਾਨ ਨਾਲ ਕੋਈ ਸੰਬੰਧ ਪ੍ਰਤੀਤ ਨਹੀਂ ਹੁੰਦਾ, ਤਾਂ ਇਸ ਦਾ ਇਕ ਕਾਰਣ ਇਹ ਹੈ ਕਿ ਉੱਪਰ ਤੇ ਹੇਠ ਵਾਲਾ ਲੇਖ, ਲੇਖਕ ਦੀ ਇਸ ਖਾਸ ਦੇਸ਼ ਕਾਲ ਸਬੰਧੀ ਮਨ ਦੀ ਲਹਿਰ ਹੈ। ਪਤਾ ਲੱਗੇ ਭਾਵੇਂ ਨਾ ਲੱਗੇ ਇਸ ਦਾ ਕੰਨਿਆ-ਦਾਨ ਨਾਲ ਸੰਬੰਧ ਜ਼ਰੂਰ ਹੈ।

ਇਕ ਵੇਲਾ ਅਜਿਹਾ ਆਉਂਦਾ ਹੈ ਜਦ ਧੀ ਨੂੰ ਆਪਣੇ ਮਾਪਿਆਂ ਦਾ ਘਰ ਛੱਡ ਕੇ ਆਪਣੇ ਪਤੀ ਦੇ ਘਰ ਜਾਣਾ ਪੈਂਦਾ ਹੈ।

ਤ੍ਰਿਯੰਬਕੰ ਯਜਾਮਹੇ ਸੁਗੰਧੀਂ ਪੁਸ਼ਟੀ ਵਰਦਨਮ

ਉਰਵਾਰੁਕਮਿਉ ਬੰਧਾਦਿਤੋ ਮੌਖਸ਼ੀ ਯਮਾਮ੍ਰਿਤ:। (ਸੁ. ਯਜ਼)

"ਆਓ ! ਅੱਜ ਅਸੀਂ ਮਿਲ ਕੇ ਆਪਣੇ ਉਸ ਪਤੀਦੇਵ ਤ੍ਰਿਕਾਲਦਰਸ਼ੀ ਸੁਗੰਧਿਤ-ਪੁਰਖ ਦਾ ਯੱਗ ਕਰੀਏ। ਜਿਵੇਂ ਦਾਣਾ ਪੱਕ ਕੇ ਆਪਣੇ ਰੁਖ ਤੋਂ ਵੱਖ ਹੋ ਜਾਂਦਾ ਹੈ, ਉਵੇਂ ਇਸ ਘਰ ਦੇ ਬੰਧਨਾਂ ਤੋਂ ਮੁਕਤੀ ਪਾ ਕੇ ਆਪਣੇ ਪਤੀ ਦੇ ਅਟਲ ਰਾਗ ਨੂੰ ਹਾਸਲ ਕਰੀਏ।"

ਪੁਰਾਣੇ ਵੇਦਾਂ ਦੇ ਸਮੇਂ ਵਿਚ ਜਵਾਨ ਕੁੜੀਆਂ ਯੱਗ ਦੀ ਅਗਨੀ ਦੀ ਪਰਕਰਮਾਂ ਕਰਦੀਆਂ ਉਪਰਲੀ ਅਰਦਾਸ ਪਰਮਾਤਮਾ ਦੇ ਸਿੰਘਾਸਨ ਤਕ ਪਹੁੰਚਾਇਆ ਕਰਦੀਆਂ ਸਨ। ਹਰੇਕ ਦੇਸ਼ ਵਿਚ ਇਹ ਵਿਛੋੜਾ ਵੱਖ ਵੱਖ ਰੀਤ ਨਾਲ ਹੁੰਦਾ ਹੈ, ਐਪਰ ਇਸ ਵਿਛੋੜੇ ਵਿਚ ਤਿਆਗ ਨਜ਼ਰ ਆਉਂਦਾ ਹੈ। ਯੂਰਪ ਵਿਚ ਮੁਢ ਕਦੀਮ ਦੀ ਰੀਤ ਚਲੀ ਆਉਂਦੀ ਹੈ ਕਿ ਜਵਾਨ ਕੁੜੀ ਕਿਸੇ ਬਹਾਦਰ, ਸ਼ੁਧ-ਚਿੱਤ ਤੇ ਸੋਹਣੇ ਜੁਆਨ ਨੂੰ ਆਪਣਾ ਦਿਲ ਚੁੱਪ ਚਾਪ ਬਿਰਛਾਂ ਦੇ ਓਹਲੇ ਨਦੀ ਕਿਨਾਰੇ ਜਾਂ ਜੰਗਲ ਦੀ ਕਿਸੇ ਬੇਆਬਾਦ ਨੁੱਕਰੇ ਦੇ ਦੇਂਦੀ ਹੈ। ਆਪਣਾ ਦਿਲ ਵਾਰ ਦੇਂਦੀ ਹੈ, ਮਾਨੋ ਆਪਣੇ ਮਨ ਦੇ ਕੰਵਲ ਨੂੰ ਆਪਣੇ ਪਿਆਰ ਤੇ ਚੜ੍ਹਾ ਦੇਂਦੀ ਹੈ, ਆਪਣੇ ਆਪ ਨੂੰ ਤਿਆਗ ਕੇ ਉਹ ਆਪਣੇ ਪਿਆਰ ਵਿਚ ਘੁਲ ਮਿਲ ਜਾਂਦੀ ਹੈ। ਵਾਹ ! ਪਿਆਰੀ ਕੰਨਿਆ ਤੂੰ ਤਾਂ ਜੀਵਨ-ਖੇਡ ਹਾਰ ਕੇ ਜਿੱਤ ਲਈ। ਤੇਰੀ ਇਹ ਹਾਰ ਸਦਾ ਸੰਸਾਰ ਵਿਚ ਜਿੱਤ ਹੀ ਰਹੇਗੀ। ਉਸ ਨੌਜਵਾਨ ਨੂੰ ਤੂੰ ਪਿਆਰ ਮਤਵਾਲਾ ਕਰ ਦੇਂਦੀ ਹੈ। ਇਸ ਅਨੋਖੇ ਪ੍ਰੇਮ-ਯੋਗ ਨਾਲ ਉਸ ਨੂੰ ਆਪਣਾ ਕਰ ਲੈਂਦੀ ਹੈਂ ਤੇ ਉਸ ਦੇ ਪ੍ਰਾਣਾਂ ਦੀ ਰਾਣੀ ਹੋ ਜਾਂਦੀ ਹੈ। ਦੇਖ ! ਉਹ ਨੌਜਵਾਨ ਦਿਨ ਰਾਤ ਇਸ ਲਗਨ ਵਿਚ ਹੈ ਕਿ ਉਹ ਆਪਣੇ ਆਪ ਨੂੰ ਉੱਤਮ ਤੋਂ ਉੱਤਮ ਤੇ ਮਹਾਨ ਤੋਂ ਮਹਾਨ ਬਣਾਵੇ, ਜਿਸ ਨਾਲ ਉਹ ਅੱਲ੍ਹੜ ਕੰਨਿਆ ਦੇ ਸ਼ੁੱਧ ਤੇ ਪੌਵਿਤਰ ਮਨ ਨੂੰ ਆਪਣਾ ਸਕਣ ਦਾ ਹੱਕਦਾਰ ਹੋ ਸਕੇ। ਕੁਦਰਤ ਅਜਿਹਾ ਦਾਨ ਬਿਨਾਂ ਪਵਿੱਤਰ ਆਤਮਾ ਵਾਲੇ ਦੇ ਕਿਸੇ ਨੂੰ ਨਹੀਂ ਦੇ ਸਕਦੀ। ਨੌਜਵਾਨ ਦੇ ਮਨ ਵਿਚ ਕਈ ਪ੍ਰਕਾਰ ਦੀਆਂ

ਉਮੰਗਾਂ ਉਠਦੀਆਂ ਹਨ। ਉਸ ਦੀ ਨਾੜ ਨਾੜ ਵਿਚ ਨਵਾਂ ਖ਼ੂਨ ਨਵਾਂ ਜੋਸ਼ ਤੇ ਨਵਾਂ ਜ਼ੋਰ ਭਰਦਾ ਹੈ। ਜੰਗ ਵਿਚ ਆਪਣੀ ਪਿਆਰੀ ਦਾ ਖਿਆਲ ਉਸ ਨੂੰ ਬਹਾਦਰ ਬਣਾ ਦੇਂਦਾ ਹੈ।

ਉਸ ਦੇ ਧਿਆਨ ਵਿਚ ਇਹ ਪਵਿੱਤਰ ਹਿਰਦਾ ਨਿਰਭੈ ਹੋ ਜਾਂਦਾ ਹੈ। ਮੌਤ ਨੂੰ ਜਿੱਤ ਕੇ ਉਸ ਨੇ ਆਪਣੀ ਪਿਆਰੀ ਨੂੰ ਪ੍ਰਾਪਤ ਕਰਨਾ ਹੈ। ਉੱਚੇ ਤੋਂ ਉੱਚੇ ਆਦਰਸ਼ ਨੂੰ ਸਾਮ੍ਹਣੇ ਰਖ ਕੇ ਇਹ ਰੱਬ ਦਾ ਲਾਲ, ਤਨ ਮਨ ਨਾਲ ਦਿਨ ਰਾਤ ਉਸ ਨੂੰ ਹਾਸਲ ਕਰਨ ਦਾ ਯਤਨ ਕਰਦਾ ਹੈ ਅਤੇ ਉਸ ਨੂੰ ਹਾਸਲ ਕਰ ਲੈਂਦਾ ਹੈ ਤਾਂ ਹੱਥ ਵਿਚ ਜਿੱਤ ਦਾ ਨਿਸ਼ਾਨ ਝੁਲਾਉਂਦਾ ਇਕ ਦਿਨ ਅਚਾਨਕ ਉਸ ਕੰਨਿਆਂ ਦੇ ਸਾਮ੍ਹਣੇ ਆ ਖੜਾ ਹੁੰਦਾ ਹੈ। ਕੰਨਿਆ ਦੇ ਨੇਤਰਾਂ ਤੋਂ ਗੰਗਾ ਵਹਿ ਤੁਰਦੀ ਹੈ ਤੇ ਉਸ ਲਾਲ ਹੀਰੇ ਦਾ ਮਨ ਆਪਣੀ ਪਿਆਰੀ ਦੀ ਸੂਖਮ ਪ੍ਰਾਣ-ਗਤੀ ਨਾਲ ਲਹਿਰਾ ਜਾਂਦਾ ਹੈ, ਕੰਬਦਾ ਹੈ ਸਰੀਰ ਅਚੇਤ ਹੋ ਜਾਂਦਾ ਹੈ। ਬੇਵਸ ਹੋ ਕੇ ਉਹ ਉਸਦੇ ਚਰਨਾ ਵਿਚ ਆਪਣੇ ਆਪ ਨੂੰ ਡੇਗ ਦੇਂਦਾ ਹੈ। ਕੰਨਿਆ ਤਾਂ ਆਪਣਾ ਦਿਲ ਦੇ ਚੁਕੀ ਸੀ। ਹੁਣ ਇਸ ਨੌਜਵਾਨ ਨੇ ਆ ਕੇ ਆਪਣਾ ਦਿਲ ਵੀ ਅਰਪਨ ਕਰ ਦਿੱਤਾ। ਪਵਿੱਤਰ ਪ੍ਰੇਮ ਨੇ ਦੋਹਾਂ ਦੇ ਜੀਵਨ ਨੂੰ ਰੇਸ਼ਮੀ ਡੋਰੀਆਂ ਵਿਚ ਬੰਨ੍ਹ ਦਿੱਤਾ - ਤਨ-ਮਨ ਦੀ ਹੋਸ਼ ਕਿਸਨੂੰ ! ਮੈਂ ਤੇ ਤੂੰ ਤੇ ਤੂੰ ਮੈਂ ਵਾਲੀ ਮਦਹੋਸ਼ੀ ਛਾ ਗਈ, ਇਹ ਜੋੜੀ ਮਾਨੋਂ ਬ੍ਰਹਮ ਵਿਚ ਲਗ ਗਈ। ਇਸ ਪ੍ਰੇਮ ਵਿਚ ਦੂਈ ਨਾ ਮਾਤਰ ਨਹੀਂ ਹੁੰਦੀ। ਵਿਕਟਰ ਹਿਊਗੋ ਨੇ 'ਲੇਸ ਮਿਜ਼ਰੇਬਲਜ਼' (Les Miserables) ਵਿਚ ਮੇਰੀਅਮ ਤੇ ਕਾਊਸ ਦੇ ਅਜੇਹੇ ਮਿਲਾਪ ਦਾ ਬੜਾ ਹੀ ਵਧੀਆ ਵਰਨਣ ਕੀਤਾ ਹੈ। ਚਾਨਣੀ ਰਾਤ ਹੈ, ਨਿੰਮੀ ਨਿੰਮੀ ਪੌਣ ਰੁਮਕ ਰਹੀ ਹੈ, ਬ੍ਰਿਛ ਅਨੋਖੀ ਲੀਲਾ ਵਿਚ ਆਸ ਪਾਸ ਖੜੇ ਹਨ ਅਤੇ ਇਹ ਕੰਨਿਆ ਤੇ ਨੌਜਵਾਨ ਕਈ ਦਿਨਾਂ ਪਿਛੋਂ ਮਿਲੇ ਹਨ। ਮੇਰੀਅਮ ਲਈ ਤਾਂ ਸਾਰਾ ਸੰਸਾਰ ਇਸ ਸਮੇਂ ਦੇਵੀ ਦਾ ਮੰਦਰ ਰੂਪ ਹੋ ਰਿਹਾ ਹੈ। ਆਪਣੇ ਮਨ ਦੀ ਜੋਤ ਜਗਾ ਕੇ ਉਹ ਇਸ ਦੇਵੀ ਦੀ ਆਰਤੀ ਕਰਨ ਆਇਆ ਹੈ, ਕਾਊਸ ਬੈਠੀ ਹੈ, ਕੁਝ ਮਿੱਠੀ ਮਿੱਠੀ ਪਿਆਰ ਭਰੀ ਗੱਲ ਬਾਤ ਹੋ ਰਹੀ ਹੈ। ਤੇਜ਼ ਹਵਾ ਨੇ ਚਾਣਚਕ ਕਾਊਸ ਦੀ ਹਿੱਕ ਤੋਂ ਪੱਲਾ ਉਡਾ ਦਿੱਤਾ, ਜ਼ਰਾ ਜਿੰਨੀ ਦੇਰ ਲਈ ਉਸ ਵਰਕ ਵਾਂਗ ਚਿੱਟੀ ਛਾਤੀ ਨੂੰ ਨੰਗਿਆਂ ਕਰ ਦਿੱਤਾ। ਮੇਰੀਅਮ ਨੇ ਝਟ ਆਪਣਾ ਮੂੰਹ ਦੂਜੇ ਪਾਸੇ ਕਰ ਲਿਆ। ਉਹ ਤਾਂ ਦੇਵੀ-ਪੂਜਾ ਲਈ ਆਇਆ ਹੈ, ਅੱਖ ਉੱਚੀ ਕਰ ਕੇ ਤੱਕ ਨਹੀਂ ਸਕਦਾ।

ਸ਼ੇਕਸਪੀਅਰ ਨੇ 'ਰੋਮਿਓ ਤੇ ਜੂਲੀਅਟ' ਨਾਂ ਦੇ ਪ੍ਰਸਿਧ ਨਾਟਕ ਵਿਚ ਜੂਲੀਅਟ ਨੇ ਕਿਸ ਅੰਦਾਜ਼ ਨਾਲ ਆਪਣਾ ਦਿਲ ਨਿਉਛਾਵਰ ਕਰ ਦਿੱਤਾ ਸੀ ਤੇ ਉਹ ਰੋਮਿਓ ਦੇ ਮਨ ਦੀ ਮਲਿਕਾ ਹੋ ਗਈ ਸੀ।

ਉਹ ਕਿੱਸੇ ਕਹਾਣੀਆਂ ਜਿਨ੍ਹਾਂ ਵਿਚ ਜਵਾਨ ਸ਼ਹਿਜ਼ਾਦੇ ਆਪਣਾ ਮਨ ਪਹਿਲਾਂ ਦੇ ਦੇਂਦੇ ਹਨ, ਅਪਵਿੱਤਰ ਜਾਪਦੀਆਂ ਹਨ ਅਤੇ ਉਨ੍ਹਾਂ ਦੇ ਲਿਖਣ ਵਾਲੇ ਪ੍ਰੇਮ ਦੇ ਸੁਰਗੀ ਨੇਮਾਂ ਤੋਂ ਅਣਜਾਣ ਪ੍ਰਤੀਤ ਹੁੰਦੇ ਹਨ। ਕੁਝ ਸ਼ੱਕ ਨਹੀਂ ਕਿਤੇ ਕਿਤੇ ਉਹ ਇਸ ਨਿਯਮ ਨੂੰ ਦਰਸਾ ਵੀ ਦੇਂਦੇ ਹਨ, ਪਰ ਆਮ ਲਿਖਤਾਂ ਵਿਚ ਉਹ ਮਨੁੱਖ ਦਾ ਦਿਲ ਹੀ ਸਦਾ ਤੜਪਦਾ ਦਿਖਾਉਂਦੇ ਹਨ। ਕੰਨਿਆ ਆਪਣਾ ਮਨ ਚੁਪੀਤੇ ਦੇ ਦੇਂਦੀ ਹੈ, ਇਉਂ ਦਿਲ ਦੇ ਦੇਣ ਦੀ ਖ਼ਬਰ ਪੌਣ, ਫੁੱਲਾਂ ਬਿਰਖਾਂ ਤੇ ਤਾਰਿਆਂ ਆਦਿ ਨੂੰ ਹੁੰਦੀ ਹੈ। ਲੇਲਾ ਦਾ ਦਿਲ ਮਜਨੂੰ ਵਿਚ ਪਹਿਲਾਂ ਘੁਲ ਜਾਣਾ ਚਾਹੀਦਾ ਹੈ ਤਾਂ ਕਿ ਇਸ ਅਭੇਦਤਾ ਦੇ ਫਲ ਸਰੂਪ ਮਜਨੂੰ ਪੈਦਾ ਹੋਵੇ। ਇਸ ਹਵਨ-ਕੁੰਡ ਵਿਚੋਂ ਇਕ ਮਹਾਤਮਾ (ਮਜਨੂੰ) ਪ੍ਰਗਟ ਹੋਣਾ ਚਾਹੀਦਾ ਹੈ। ਸੋਹਣੀ ਮਹੀਂਵਾਲ ਦੇ ਕਿੱਸੇ ਵਿਚ ਅਸਲੀ ਮਹੀਂਵਾਲ ਉਸ ਵੇਲੇ ਨਿਖਰਦਾ ਹੈ। ਜਦ ਕਿ ਸੋਹਣੀ ਆਪਣਾ ਦਿਲ ਲਿਆ ਹਾਜ਼ਰ ਕਰਦੀ ਹੈ। ਰਾਂਝਾ, ਹੀਰ ਦੀ ਖੋਜ ਵਿਚ ਨਿਕਲਦਾ ਜ਼ਰੂਰ ਹੈ। ਪਰ ਸੱਚਾ ਜੋਗੀ ਉਹ ਤਦੇ ਹੁੰਦਾ ਹੈ, ਜਦ ਹੀਰ ਉਸ ਦੀ ਖਾਤਿਰ ਆਪਣਾ ਮਨ ਬੇਲੇ ਦੇ ਕਿਸੇ ਝਾੜ ਵਿਚ ਛੱਡ ਜਾਂਦੀ ਹੈ। ਸ਼ਕੁੰਤਲਾ, ਜੰਗਲੀ ਵੇਲ ਵਾਂਗ ਅਬੋਲ ਹੀ ਜਵਾਨ ਹੋਈ, ਦੁਸ਼ਯੰਤ ਨੂੰ ਦੇਖ ਕੇ ਆਪਣਾ ਆਪ ਖੋ ਬੈਠੀ। ਰਾਜ ਹੰਸਾਂ ਤੋਂ ਪਤਾ ਪਾ ਕੇ, ਦਮਯੰਤੀ, ਨਲ ਵਿਚ ਗੁਆਚ ਗਈ। ਰਾਮ ਦੇ ਧਨੁੱਖ ਤੋੜਨ ਤੋਂ ਪਹਿਲਾਂ ਹੀ ਸੀਤਾ ਆਪਣੇ ਦਿਲ ਨੂੰ ਹਾਰ ਚੁੱਕੀ। ਸੀਤਾ ਦੇ ਦਿਲ ਦੇ ਬਲੀਦਾਨ ਦਾ ਹੀ ਇਹ ਅਸਰ ਸੀ ਕਿ ਮਰਿਆਦਾ ਪੁਰਸ਼ੋਤਮ ਰਾਮ ਭਗਵਾਨ ਬਾਰਾਂ ਵਰ੍ਹੇ ਆਪਣੀ ਪਿਆਰੀ ਦਾ ਦੁਖ ਦੂਰ ਕਰਨ ਲਈ ਬਣਾਂ ਵਿਚ ਭੌਂਦੇ ਫਿਰੇ।

ਯੂਰਪ ਵਿਚ ਕੰਨਿਆ ਜਦ ਆਪਣਾ ਦਿਲ, ਉਪਰ ਦੱਸੇ ਢੰਗ ਨਾਲ ਕਿਸੇ ਨੂੰ ਦਿੰਦੀ ਹੈ ਤਾਂ ਗ੍ਰਿਹਸਤੀ ਜੀਵਨ ਆਨੰਦ ਤੇ ਸੁਖ ਨਾਲ ਭਰ ਜਾਂਦਾ ਹੈ ਜਿਥੇ ਭੋਲੀ ਚੁਕੀ ਤੇ ਝੂਠੇ ਪ੍ਰੇਮ ਨਾਲ ਕੰਨਿਆ ਡੋਲੀ, ਥੋੜੇ ਹੀ ਸਮੇਂ ਵਿਚ ਗ੍ਰਿਹਸਤ ਆਸ਼ਰਮ ਵਿਚ ਦੁੱਖ ਦਰਦ ਤੇ ਦੂਈ ਦ੍ਵੈਖ ਪ੍ਰਗਟ ਹੋ ਜਾਂਦੇ ਹਨ। ਪ੍ਰੇਮ ਦੇ ਕਾਨੂੰਨ ਤੋੜ ਕੇ ਜਦ ਯੂਰਪ ਵਿਚ ਉਲਟੀ ਰੀਗਾ ਵਗੀ ਤਾਂ ਵਿਆਹ ਇਕ ਤਰ੍ਹਾਂ ਦੀ ਠੇਕੇਦਾਰੀ ਹੋ ਗਿਆ ਅਤੇ ਸਮਾਜ ਲਈ ਕਿਤੇ ਕਿਤੇ ਇਹ ਖਿਆਲ ਪੈਦਾ ਹੋਣ ਲੱਗਾ ਕਿ ਵਿਆਹ ਕਰਾਉਣ ਨਾਲੋਂ ਕੁਆਰੇ ਰਹਿਣਾ ਹੀ ਚੰਗਾ ਹੈ। ਲੋਕੀ ਕਹਿੰਦੇ ਹਨ ਕਿ ਯੂਰਪ ਵਿਚ ਕੰਨਿਆ-ਦਾਨ ਨਹੀਂ ਹੁੰਦਾ, ਪਰ ਵਿਚਾਰ ਨਾਲ ਵੇਖਿਆਂ ਸੰਸਾਰ ਵਿਚ ਕਦੇ ਕਿਤੇ ਵੀ ਘਰੋਗੀ ਜੀਵਨ ਕੰਨਿਆ-ਦਾਨ ਬਿਨਾਂ ਸਫਲ ਨਹੀਂ ਹੋ ਸਕਦਾ। ਯੂਰਪ ਦੇ ਘਰਾਂ ਵਿਚੋਂ ਦੁਖੜੇ ਤਦ ਤਕ ਨਹੀਂ ਜਾਣਗੇ, ਜਦ ਤਕ ਇਕ ਵਾਰ ਮੁੜ ਪ੍ਰੇਮ ਦਾ ਕਾਨੂੰਨ ਜਿਸ ਨੂੰ ਸ਼ੇਕਸਪੀਅਰ ਨੇ ਆਪਣੇ 'ਰੋਮਿਓ ਜੂਲੀਅਟ' ਵਿਚ ਇਸ ਕਮਾਲ ਨਾਲ ਦਰਸਾਇਆ ਹੈ,

ਲੋਕਾਂ ਦੀ ਵਰਤੋਂ ਵਿਚ ਨਹੀਂ ਆਵੇਗਾ। ਯੂਰਪ ਤੇ ਹੋਰ ਪੱਛਮੀ ਦੇਸ਼ਾਂ ਵਿਚ ਕੰਨਿਆ-ਦਾਨ ਜ਼ਰੂਰ ਹੁੰਦਾ ਹੈ।ਉਥੇ ਕੰਨਿਆ ਪਹਿਲਾਂ ਆਪਣਾ ਆਪਾ ਦਾਨ ਕਰ ਦੇਂਦੀ ਹੈ, ਪਿਛੋਂ ਗਿਰਜੇ ਵਿਚ ਜਾ ਕੇ ਮਾਂ-ਪਿਓ ਜਾਂ ਹੋਰ ਕੋਈ ਸੰਬੰਧੀ ਫੁੱਲਾਂ ਨਾਲ ਸਜੀ ਸ਼ਿੰਗਾਰੀ ਦੁਲਹਨ ਦਾਨ ਕਰਦਾ ਹੈ।

ਯੂਰਪ ਵਿਚ ਗ੍ਰਿਹਸਤੀਆਂ ਦੀ ਬੇਚੈਨੀ

ਅੱਜ-ਕੱਲ੍ਹ ਪੱਛਮੀ ਦੇਸ਼ਾਂ ਵਿਚ ਝੂਠੀ ਵਿਖਾਵੇ ਦੀ ਸ਼ਰੀਰਕ ਆਜ਼ਾਦੀ ਦੇ ਖਿਆਲ ਨੇ ਕੰਨਿਆ-ਦਾਨ ਦੀ ਅਧਿਆਤਮਿਕ ਨੀਂਹ ਨੂੰ ਤੋੜ ਦਿੱਤਾ ਹੈ। ਕੰਨਿਆ-ਦਾਨ ਦੀ ਰੀਤ ਜ਼ਰੂਰ ਚਾਲੂ ਹੈ, ਪਰ ਅਸਲੋਂ ਉਸ ਰੀਤ ਵਿਚ ਜਾਣੋ ਜਾਨ-ਪ੍ਰਾਣ ਹੀ ਨਹੀਂ ਰਹੇ। ਕੋਈ ਅਖ਼ਬਾਰ ਖੋਲ੍ਹ ਕੇ ਦੇਖੋ, ਉਨ੍ਹਾਂ ਦੇਸ਼ਾਂ ਵਿਚ ਪਤੀ ਪਤਨੀ ਦੇ ਝਗੜੇ ਵਕੀਲਾਂ ਰਾਹੀਂ ਜੱਜਾਂ ਸਾਮ੍ਹਣੇ ਨਿਬੜਦੇ ਹਨ ਅਤੇ ਜੱਜ ਦੇ ਮੇਜ਼ ਉਤੇ ਵਿਆਹ ਦੀਆਂ ਸੋਨੇ ਦੀਆਂ ਮੁੰਦ੍ਰੀਆਂ ਕੱਚ ਕੇ ਛੱਲਿਆਂ ਵਾਂਗ ਦੁਰੈਤ ਦੇ ਪੱਥਰਾਂ ਨਾਲ ਟੁੱਟਦੀਆਂ ਹਨ। ਗਿਰਜੇ ਵਿਚ ਕੱਲ੍ਹ ਬਣੇ ਜੋੜੇ ਅੱਜ ਟੁਟੇ, ਅੱਜ ਬਣੇ ਜੋੜੇ ਕੱਲ੍ਹ ਟੁਟੇ।

ਇਉਂ ਜਾਪਦਾ ਹੈ ਕਿ ਮੋਨੋਗੇਮੀ (ਇਕ ਇਸਤ੍ਰੀ ਬ੍ਰਤ) ਦਾ ਅਸੂਲ ਜੋ ਉਨ੍ਹਾਂ ਲੋਕਾਂ ਦੀਆਂ ਯਾਦਾਂ ਤੇ ਰਾਜ-ਨਿਯਮਾਂ ਵਿਚ ਪਾਇਆ ਜਾਂਦਾ ਹੈ, ਉਸ ਸਮੇਂ ਬਣਾਇਆ ਗਿਆ ਸੀ, ਜਦੋਂ ਉਥੇ ਕੰਨਿਆ-ਦਾਨ, ਅਧਿਆਤਮਿਕ ਢੰਗ ਨਾਲ ਹੁੰਦਾ ਸੀ ਤੇ ਘਰੋਗੀ ਜੀਵਨ ਸੁਖਾਂ ਭਰਿਆ ਸੀ।

ਭਲਾ ਸੱਚੇ ਕੰਨਿਆ-ਦਾਨ ਯੱਗ ਪਿਛੋਂ ਕਿਹੜਾ ਮਨੁੱਖ ਅਜੇਹਾ ਨੀਚ ਤੇ ਪਾਪੀ ਹੋ ਸਕਦਾ ਹੈ ਜੋ ਹਵਨ ਹੋਈ ਕੰਨਿਆ ਤੋਂ ਬਿਨਾਂ ਕਿਸੇ ਹੋਰ ਇਸਤ੍ਰੀ ਨੂੰ ਬੁਰੀ ਅੱਖ ਵੇਖੇ।ਉਸ ਕੁਰਬਾਨ ਹੋਈ ਕੰਨਿਆ ਦੀ ਖ਼ਾਤਿਰ ਸਾਰੇ ਸੰਸਾਰ ਦੀ ਇਸਤ੍ਰੀ ਜਾਤ ਨਾਲ ਉਸ ਮਨੁੱਖ ਦਾ ਪਵਿੱਤਰ ਸੰਬੰਧ ਹੋ ਜਾਂਦਾ ਹੈ। ਇਸਤ੍ਰੀ ਜਾਤੀ ਦੀ ਰੱਖਿਆ ਕਰਨਾ ਤੇ ਉਸ ਨੂੰ ਸਤਿਕਾਰ ਦੇਣਾ ਉਸ ਦੇ ਧਰਮ ਦਾ ਹਿੱਸਾ ਬਣ ਜਾਂਦਾ ਹੈ। ਇਸਤ੍ਰੀ ਜਾਤੀ ਵਿਚੋਂ ਇਕ ਇਸਤ੍ਰੀ ਨੇ ਇਕ ਮਨੁੱਖ ਦੇ ਪ੍ਰੇਮ ਵਿਚ ਆਪਣੇ ਦਿਲ ਦੀ ਇਸ ਲਈ ਆਹੂਤੀ ਦਿੱਤੀ ਹੈ ਕਿ ਉਸ ਦੇ ਦਿਲ ਵਿਚ ਇਸਤ੍ਰੀ ਜਾਤੀ ਦੀ ਪੂਜਾ ਕਰਨ ਦੇ ਪਵਿੱਤਰ ਭਾਵ ਉਤਪੰਨ ਹੋਣ, ਤਾਂ ਕਿ ਉਸ ਲਈ ਭਲੇ ਘਰਾਂ ਦੀਆਂ ਇਸਤ੍ਰੀਆਂ ਮਾਤਾ ਸਮਾਨ, ਭੈਣ ਸਮਾਨ, ਧੀ ਸਮਾਨ, ਦੇਵੀ ਸਮਾਨ ਹੋ ਜਾਣ। ਇਕ ਨੇ ਹੀ ਅਜੇਹਾ ਅਦਭੁਤ ਕਾਰਜ ਕੀਤਾ ਕਿ ਸਾਰੇ ਸੰਸਾਰ ਦੀਆਂ ਭੈਣਾਂ ਨੇ ਇਸ ਪੁਰਸ਼ ਨੂੰ ਦਿਲ ਦੀ ਡੋਰ ਸੌਂਪ ਦਿੱਤੀ।

ਇਸੇ ਕਾਰਣ ਇਨ੍ਹਾਂ ਦੇਸ਼ਾਂ ਵਿਚ ਮੋਨੋਗੇਮੀ (ਇੱਕੋ-ਇਸਤ੍ਰੀਬ੍ਰਤ) ਦਾ ਨਿਯਮ ਚੱਲਿਆ, ਪਰੰਤੂ ਅੱਜ-ਕੱਲ੍ਹ ਉਸ ਕਾਨੂੰਨ ਦੀ ਪੂਰੇ ਤੌਰ ਤੇ ਪਾਬੰਦੀ ਨਹੀਂ ਹੁੰਦੀ। ਦੇਖੋ, ਸੁਾਰਥ ਦੇ ਵੱਸ ਹੋ ਕੇ ਥੋੜੇ ਜੇਹੇ ਤੁੱਛ ਭੋਗਾਂ ਦੀ ਖ਼ਾਤਿਰ ਸਦਾ ਲਈ ਕੁਆਰੇ ਰਹਿਣਾ ਕੀ ਇਸ ਕਾਨੂੰਨ ਨੂੰ ਤੋੜਨਾ ਨਹੀਂ ਹੈ ? ਲੋਕਾਂ ਦੇ ਮਨ ਵਿਗੜ ਰਹੇ ਹਨ। ਜਿਉਂ ਜਿਉਂ ਸੁਭਾਗੇ ਘਰੋਗੀ ਜੀਵਨ ਦਾ ਸੁਖ ਘਟਦਾ ਜਾਂਦਾ ਹੈ ਤਿਉਂ ਤਿਉਂ ਮੁਲਕੀ ਤੇ ਅਖ਼ਲਾਕੀ ਬੇਚੈਨੀ ਵਧਦੀ ਜਾਂਦੀ ਹੈ। ਇਉਂ ਜਾਪਦਾ ਹੈ ਕਿ ਯੂਰਪ ਦੀਆਂ ਕੁੜੀਆਂ ਵੀ ਦਿਲ ਦੇਣ ਦੀ ਰੀਤ ਭੁੱਲ ਗਈਆਂ ਹਨ। ਤਦੇ ਭੋਲੀਆਂ ਅਲਬੇਲੀਆਂ ਕੁਆਰੀਆਂ ਪਾਰਲੀਮੈਂਟ ਦੇ ਝੰਜਟਾਂ ਵਿਚ ਉਲਝਣਾਂ ਚਾਹੁੰਦੀਆਂ ਹਨ। ਤਲਵਾਰ ਬੰਦੂਕ ਲਟਕਾ ਕੇ ਮਾਰਨ ਲਈ ਤਿਆਰ ਹਨ। ਇਸ ਤੋਂ ਵਧੇਰੇ ਯੂਰਪ ਦੇ ਘਰੇਲੂ ਜੀਵਨ ਦੀ ਅਸ਼ਾਂਤੀ ਦਾ ਕੀ ਸਬੂਤ ਹੋ ਸਕਦਾ ਹੈ।

ਸੱਚੀ ਆਜ਼ਾਦੀ

ਆਰੀਆਵਰਤ ਵਿਚ 'ਕੰਨਿਆ-ਦਾਨ' ਪੁਰਾਣੇ ਸਮਿਆਂ ਤੋਂ ਤੁਰਿਆ ਆਉਂਦਾ ਹੈ। ਕੰਨਿਆ-ਦਾਨ ਤੇ ਪਤੀਬ੍ਰਤ ਧਰਮ ਇੱਕੋ ਫਲ ਦੇ ਸਾਧਨ ਹਨ। ਅੱਜ ਕੱਲ੍ਹ ਦੇ ਕੁੱਝ ਮਨੁੱਖ ਕੰਨਿਆ ਦਾਨ ਨੂੰ ਗੁਲਾਮੀ ਦਾ ਤੌਕ ਮੰਨ ਬੈਠੇ ਹਨ। ਉਹ ਕਹਿੰਦੇ ਹਨ ਕੰਨਿਆ ਕੋਈ ਗਾਂ, ਮੱਝ ਜਾਂ ਘੋੜੀ ਵਾਂਗ ਬੇਜਾਨ ਜਾਂ ਬੇਜ਼ਬਾਨ ਚੀਜ਼ ਹੈ ਜੋ ਉਸ ਦਾ ਦਾਨ ਕੀਤਾ ਜਾਂਦਾ ਹੈ ? ਇਹ ਗਿਆਨ ਦੀ ਘਾਟ ਹੈ। ਸਿੱਧੀ ਤੇ ਸੱਚੇ ਰਸਤੇ ਤੋਂ ਭਟਕਣਾ ਹੈ। ਇਹ ਲੋਕ ਡੂੰਘੀ ਵਿਚਾਰ ਨਹੀਂ ਕਰਦੇ। ਜੀਵਨ ਦੇ ਆਤਮਿਕ ਨਿਯਮ ਦੀ ਮਹਿਮਾ ਨਹੀਂ ਜਾਣਦੇ। ਕੀ ਪ੍ਰੇਮ ਦਾ ਨੇਮ ਸਭ ਤੋਂ ਉੱਤਮ ਤੇ ਬਲਵਾਨ ਨਹੀਂ ? ਕੀ ਪਿਆਰ ਵਿਚ ਆਪਣੀ ਜਾਨ ਵਾਰ ਦੇਣਾ ਸਭ ਦੇ ਦਿਲਾਂ ਨੂੰ ਜਿੱਤ ਲੈਣਾ ਨਹੀਂ ? ਕੀ ਆਜ਼ਾਦੀ ਦਾ ਅਰਥ ਮਨ ਦੀ ਬੇ-ਮੁਹਾਰ ਦੌੜ ਹੈ, ਜਾਂ ਪ੍ਰੇਮ-ਜੁਾਲਾ ਵਿਚ ਉਸ ਦਾ ਸੁਆਹ ਹੋ ਜਾਣਾ ਹੈ ? ਭਾਵੇਂ ਕੁੱਝ ਆਖੋ ਸੱਚੀ ਆਜ਼ਾਦੀ ਉਸ ਦੇ ਭਾਗਾਂ ਵਿਚ ਨਹੀਂ ਜੋ ਆਪਣੀ ਰੱਖਿਆ ਚਾਪਲੂਸੀ ਅਤੇ ਸੇਵਾ ਰਾਹੀਂ ਕਰਦਾ ਹੈ। ਆਪਣਾ ਆਪ ਗੁਆ ਕੇ ਹੀ ਸੱਚੀ ਆਜ਼ਾਦੀ ਪ੍ਰਾਪਤ ਹੁੰਦੀ ਹੈ ਗੁਰੂ ਨਾਨਕ ਆਪਣੀ ਮਿੱਠੀ ਬੋਲੀ ਵਿਚ ਫ਼ੁਰਮਾਉਂਦੇ ਹਨ :

ਜਾਇ ਪੁਛਹ ਸੋਹਾਗਣੀ ਵਾਹੈ, ਕਿਨੀ ਬਾਤੀ ਸਹੁ ਪਾਈਐ॥
ਆਪ ਗਵਾਈਐ ਤਾਂ ਸਹੁ ਪਾਈਐ ਅਉਰ ਕੈਸੀ ਚਤੁਰਾਈ॥

ਭਾਵ ਜੋ ਕਿਸੇ ਭਾਗਾਂ ਵਾਲੀ ਤੋਂ ਪੁੱਛੋਗੇ ਕਿ ਕਿਨ੍ਹਾਂ ਢੰਗਾਂ ਰਾਹੀਂ ਆਪਣਾ ਸੁਤੰਤ੍ਰਤਾ ਰੂਪੀ ਪਤੀ ਪ੍ਰਾਪਤ ਹੁੰਦਾ ਹੈ ਤਾਂ ਉਸ ਕੋਲੋਂ ਪਤਾ ਲਗੇਗਾ ਕਿ ਆਪਣੇ ਆਪ ਨੂੰ ਪ੍ਰੇਮ-ਅੱਗ ਵਿਚ ਸਾੜ ਕੇ ਹੀ ਪਤੀ ਮਿਲਦਾ ਹੈ, ਹੋਰ ਕੋਈ ਚਤੁਰਾਈ ਨਹੀਂ ਚੱਲਦੀ।

ਅਜੇਹੀ ਸੁਤੰਤਰਤਾ ਪ੍ਰਾਪਤ ਕਰਨਾ ਹਰ ਇਕ ਆਰੀਆ ਕੰਨਿਆ ਦਾ ਟੀਚਾ ਹੈ। ਸਚੇ ਆਰੀਆ ਪਿਤਾ ਦੀ ਪੁੱਤਰੀ ਗ਼ੁਲਾਮੀ, ਕਮਜ਼ੋਰੀ ਤੇ ਕਮੀਨੇਪਣ ਦੇ ਲਭਾਂ ਤੋਂ ਪਰੇ ਆਪਣੇ ਪ੍ਰੇਮ-ਸਾਗਰ ਦੀਆਂ ਲਹਿਰਾਂ ਵਿਚ ਸਦਾ ਝੂਲਦੀ ਹੈ। ਕਦੀ ਸੂਰਜ ਵਾਂਗ ਤੇਜਵਾਨ, ਕਦੀ ਚੰਦ ਵਾਂਗ ਸ਼ਾਂਤੀ ਦੇਣ ਵਾਲੀ ਹੋ ਕੇ ਆਪਣੇ ਪਤੀ ਦੀ ਪਿਆਰੀ ਹੈ। ਉਸ ਦੇ ਦਿਲ ਦੀ ਮਹਾਰਾਣੀ ਹੈ ਪਤੀ ਦੇ ਤਨ, ਮਨ, ਧਨ ਤੇ ਪ੍ਰਾਣਾਂ ਦੀ ਮਾਲਿਕ ਹੈ। ਸੱਚੇ ਆਰੀਆ ਘਰਾਂ ਵਿਚ ਉਸੇ ਕੰਨਿਆ ਦਾ ਰਾਜ ਹੈ। ਹੇ ਰਾਮ ! ਇਹ ਸਦਾ ਕਾਇਮ ਰਹੇ। ਇਸ ਵਿਚ ਕੋਈ ਭੁਲੇਖਾ ਨਹੀਂ ਕਿ ਆਤਮਿਕ ਭਾਵ ਤੋਂ ਕੰਨਿਆ-ਦਾਨ ਦਾ ਉਹੀ ਭਾਵ ਹੈ ਜਿਸ ਅਰਥ ਵਿਚ ਸਾਵ੍ਰਿਤੀ, ਸੀਤਾ, ਦਮਯੰਤੀ ਤੇ ਸ਼ਕੁੰਤਲਾ ਨੇ ਆਪਣੇ ਆਪ ਨੂੰ ਦਾਨ ਕੀਤਾ ਸੀ ਤੇ ਇਨ੍ਹਾਂ ਨਮੂਨਿਆਂ ਵਿਚ ਕੰਨਿਆ-ਦਾਨ ਦਾ ਆਦਰਸ਼ ਪੂਰਨ ਰੀਤ ਵਿਚ ਪ੍ਰਤਖ ਹੈ। ਸਵਾਲ ਇਹ ਹੈ ਕਿ ਸਾਰੇ ਲੋਕਾਂ ਲਈ ਇਹ ਆਦਰਸ਼ ਕਿਵੇਂ ਕਲਿਆਣਕਾਰੀ ਹੋਵੇ ?

ਲੇਖਕ ਦਾ ਵਿਚਾਰ ਹੈ ਕਿ ਆਰੀਆ ਦੀ ਬਣਾਈ ਵਿਆਹ-ਪੱਧਤੀ ਇਸ ਸਵਾਲ ਦਾ ਇਕ ਸੁਹਣਾ ਜਵਾਬ ਹੈ। ਇਹ ਤਰੀਕਾ ਤਾਂ ਅੰਤਰਲੇ ਅਨੁਭਵ ਦੁਆਰਾ ਇਸ ਆਦਰਸ਼ ਨੂੰ ਪਾਉਣਾ ਹੈ। ਉਹ ਤਾਂ ਜਿਵੇਂ ਉੱਪਰ ਲਿਖ ਆਏ ਹਾਂ ਕਿਸੇ ਕਿਸੇ ਦੇ ਭਾਗਾਂ ਵਿਚ ਹੁੰਦਾ ਹੈ ਐਪਰ ਪਵਿੱਤਰ ਰੂਹਾਂ ਦੇ ਇਸ਼ਾਰੇ ਉੱਤੇ ਹਰ ਮਨੁੱਖ ਦੇ ਮਨ ਉਪਰ ਅਧਿਆਤਮਿਕ ਅਸਰ ਹੁੰਦਾ ਹੈ। ਇਹ ਅਸਰ ਸਾਡੇ ਰਿਸ਼ੀਆਂ ਨੇ ਬੜੇ ਵਧੀਆ ਤਰੀਕੇ ਨਾਲ ਹਰ ਇਸਤ੍ਰੀ ਪੁਰਸ਼ ਦੇ ਮਨ ਉਤੇ ਪਾਇਆ ਹੈ, ਪ੍ਰੇਮ ਭਾਵ ਪੈਦਾ ਕਰਨ ਲਈ ਹੀ ਤਾਂ ਉਨ੍ਹਾਂ ਵਿਆਹ ਦੀ ਰਸਮ ਕੱਢੀ ਹੈ, ਇਸ ਨਾਲ ਪਿਆਰੀ ਤੇ ਪਿਆਰੇ ਦਾ ਮਨ ਸੁੱਤੇ ਹੀ ਆਪੇ ਵਿਚ ਦੇ ਪਿਆਰ ਵਿਚ ਰਚ ਜਾਂਦਾ ਹੈ, ਵਿਆਹ ਵੇਲੇ ਨਾ ਕੇਵਲ ਰਸਮ ਅਨੁਸਾਰ ਹਵਨ ਦੀ ਅਗਨੀ ਹੀ ਜਗਾਈ ਜਾਂਦੀ ਹੈ ਸਗੋਂ ਪਿਆਰ-ਸੇਕ ਦੀ ਲਾਟ ਵੀ ਜਗਾਈ ਜਾਂਦੀ ਹੈ, ਜਿਸ ਵਿਚ ਪਹਿਲੀ ਆਹੂਤੀ ਹਿਰਦੇ ਕੰਵਲ ਭੇਟ ਦੇ ਰੂਪ ਵਿਚ ਦਿੱਤੀ ਜਾਂਦੀ ਹੈ। ਸੱਚਾ ਕੁਲ-ਪੁਰੋਹਿਤ ਤਾਂ ਉਹ ਹੈ ਜੋ ਕੰਨਿਆ-ਦਾਨ ਦੇ ਮੰਤਰ ਪੜ੍ਹਨ ਤੋਂ ਪਹਿਲਾਂ ਹੀ ਬੁੱਝ ਲੈਂਦਾ ਹੈ ਕਿ ਅਧਿਆਤਮਿਕ ਤੌਰ ਤੇ ਪਤੀ ਪਤਨੀ ਨੇ ਆਪਣੇ ਆਪ ਨੂੰ ਇਕ ਦੂਜੇ ਹੱਥ ਦਾਨ ਕਰ ਦਿੱਤਾ ਹੈ।

ਆਰੀਆ-ਆਦਰਸ਼ ਦੇ ਫਹਿ-ਫੇਰੀ ਹੋਏ ਅੰਸ਼

ਭਾਰਤਵਰਸ਼ ਵਿਚ ਵਿਆਹ ਦੇ ਆਦਰਸ਼ਾਂ ਨੂੰ ਇਨ੍ਹਾਂ ਜਾਤ-ਪਾਤ ਦੇ ਝੰਝਟਾਂ ਨੇ ਕੁੱਝ ਟੁੱਟੀ ਭਜੀ ਹਾਲਤ ਵਿਚ ਸੰਭਾਲ ਰਖਿਆ ਹੈ।ਕਦੀ ਕਦੀ ਇਨ੍ਹਾਂ ਬੁਢੇ ਹਠੀ ਤੇ ਛੂ ਛੂ ਕਰਨ ਵਾਲਿਆਂ ਨੂੰ ਲੇਖਕ ਦਿਲੋਂ ਅਸੀਸਾਂ ਦਿੱਤਾ ਕਰਦਾ ਹੈ ਕਿ ਅਨੇਕਾਂ ਕਸ਼ਟ ਸਹਾਰ ਕੇ ਵੀ ਇਨ੍ਹਾਂ ਲੋਕਾਂ ਨੇ ਕੁਝ ਨ ਕੁਝ ਪੁਰਾਣੇ ਆਦਰਸ਼ਾਂ ਦੇ ਨਮੂਨੇ ਬਚਾ ਕੇ ਰਖੇ ਹਨ।ਪੱਥਰਾਂ ਵਾਂਗ ਹੀ ਸਹੀ, ਖੰਡਰਾਂ ਵਾਂਗ ਹੀ ਸਹੀ, ਪਰ ਇਹ ਅਣਮੋਲ ਨਿਸ਼ਾਨੀਆਂ ਇਨ੍ਹਾਂ ਲੋਕਾਂ ਨੂੰ ਰੂੰ ਵਿਚ ਲਪੇਟ ਆਪਣੀ ਕੁੱਬੀ ਪਿੱਠ ਤੇ ਲੱਦੀ ਕੁਲੀਆਂ ਵਾਂਗ ਇੰਨੀਆਂ ਵਾਟਾਂ ਝਾਗ ਕੇ ਇੱਥੇ ਤਕ ਪੁਚਾ ਦਿੱਤੀਆਂ ਹਨ। ਜਿਥੇ ਇਨ੍ਹਾਂ ਦੇ ਕੰਮ ਮੂਰਖਤਾ ਭਰੇ ਲਗਦੇ ਹਨ, ਉਥੇ ਇਸੇ ਮੂਰਖਤਾ ਦਾ ਵਡਮੁੱਲਾਪਣ ਵੀ ਨਿਖਰਦਾ ਹੈ, ਜਿਥੇ ਕੁਝ ਹੇਰ ਫੇਰ ਦਿਸਦਾ ਹੈ, ਉਥੇ ਇਸ ਹੇਰਾ-ਫੇਰੀ ਦਾ ਕੁਦਰਤੀ ਗੁਣ ਵੀ ਨਜ਼ਰ ਆ ਜਾਂਦਾ ਹੈ ਕਈ ਚੀਜ਼ਾਂ ਜੋ ਭਾਰਤ ਦੇ ਰਸਮ-ਰਿਵਾਜ ਦੇ ਖੰਡਰਾਂ ਵਿਚ ਪਈਆਂ ਮਿਲਦੀਆਂ ਹਨ, ਬੜੇ ਡੂੰਘੇ ਵਿਚਾਰ ਨਾਲ ਦੇਖਣ-ਯੋਗ ਹਨ। ਇਸ ਅਜਾਇਬ-ਘਰ ਵਿਚੋਂ ਨਵੇਂ ਨਵੇਂ ਜਿਉਂਦੇ ਜਾਗਦੇ ਆਦਰਸ਼ ਸਹੀ ਸਲਾਮਤ ਨਿਕਲ ਸਕਦੇ ਹਨ। ਮੈਨੂੰ ਇਹ ਖੰਡਰ ਬੜੇ ਚੰਗੇ ਲਗਦੇ ਹਨ। ਜਦ ਕਦੀ ਵਿਹਲ ਮਿਲਦੀ ਹੈ, ਉਥੇ ਹੀ ਜਾ ਕੇ ਸੌਂਦਾ ਹਾਂ। ਇਨ੍ਹਾਂ ਪੱਥਰਾਂ ਤੇ ਉਕਰੀਆਂ ਮੂਰਤੀਆਂ ਦੇ ਦਰਸ਼ਨਾਂ ਦੀ ਭੁੱਖ ਮੈਨੂੰ ਖਿੱਚ ਕੇ ਲੈ ਜਾਂਦੀ ਹੈ ।ਮੈਨੂੰ ਮਹਾਂ-ਉੱਦਮੀ ਪੁਰਾਤਨ ਰਿਸ਼ੀਆਂ ਦੀਆਂ ਆਵਾਜ਼ਾਂ ਇਨ੍ਹਾਂ ਖੋਲਿਆਂ ਵਿਚੋਂ ਸੁਣਦੀਆਂ ਹਨ। ਇਹ ਸੁਨੇਹਾ ਦੇਣ ਵਾਲੇ ਦੂਰੋਂ ਆਏ ਹਨ।ਚਾਅ ਨਾਲ ਮੈਂ ਕਦੀ ਇਨ੍ਹਾਂ ਪੱਥਰਾਂ ਨੂੰ ਏਧਰੋਂ ਉਲਟਦਾ ਹਾਂ ਤੇ ਕਦੀ ਓਧਰੋਂ ਪਲਟਦਾ ਹਾਂ।ਕਦੀ ਹਨੂਮਾਨ ਵਾਂਗ ਤੋੜ-ਭੰਨ ਕੇ ਇਨ੍ਹਾਂ ਵਿਚੋਂ ਆਪਣੇ 'ਰਾਮ' ਨੂੰ ਲਭਦਾ ਹਾਂ ਇਨ੍ਹਾਂ ਆਵਾਜ਼ਾਂ ਕਾਰਣ ਮੈਨੂੰ ਸਭ ਕੋਈ ਮਿੱਠਾ ਲਗਦਾ ਹੈ।ਮੇਰੇ ਤਾਂ ਇਹੋ ਸਾਲਗ੍ਰਾਮ ਹਨ।ਮੈਂ ਇਨ੍ਹਾਂ ਨੂੰ ਇਸ਼ਨਾਨ ਕਰਾਉਂਦਾ ਹਾਂ, ਇਨ੍ਹਾਂ ਨੂੰ ਫ਼ਲ ਚੜ੍ਹਾਉਂਦਾ ਹਾਂ-ਤੇ ਘੰਟੀ ਵਜਾ ਕੇ ਭੋਗ ਲਗਾਉਂਦਾ ਹਾਂ।ਇਨ੍ਹਾਂ ਦੀ ਅਸੀਸ ਲੈ ਹਲ ਵਾਹੁਣ ਜਾਂਦਾ ਹਾਂ। ਇਨ੍ਹਾਂ ਪੱਥਰਾਂ ਵਿਚ ਕੁਝ ਗੁਝੇ ਭੇਤ ਵੀ ਹਨ। ਕਦੀ ਕਦੀ ਇਨ੍ਹਾਂ ਦੇ ਪ੍ਰਾਣ ਹਿਲਦੇ ਜਾਪਦੇ ਹਨ ਤੇ ਕਦੀ ਸੁੰਨਸਾਨ ਸਮਿਆਂ ਵਿਚ ਇਹ ਆਪਣੀ ਬੋਲੀ ਵਿਚ ਬੋਲ ਵੀ ਉਠਦੇ ਹਨ।

ਭਾਰਤ ਵਿਚ 'ਕੰਨਿਆ ਦਾਨ' ਦੀ ਰੀਤ

ਭਰਾ ਦੀ ਪਿਆਰੀ ਮਾਂ ਦੀ ਰਾਜ-ਦੁਲਾਰੀ, ਪਿਉ ਦੀ ਗੁਣਾਂ ਵਾਲੀ ਧੀ, ਸਹੇਲੀਆਂ ਦੀ ਅਲਬੇਲੀ ਸਹੇਲੀ ਦੇ ਵਿਆਹ ਦਾ ਸਮਾਂ ਨੇੜੇ ਆਇਆ। ਸੁਹਾਗ ਦੇ ਵਾਜੇ ਵਜ ਰਹੇ ਹਨ। ਸ਼ਹਿਰ ਦੇ ਪਾਸ ਗੁਆਂਢ ਦੀਆਂ ਕੁੜੀਆਂ ਮਿਲ ਕੇ ਸੁਰੀਲੇ ਤੇ ਮਿੱਠੇ ਸੁਰਾਂ ਵਿਚ ਰਾਤ ਦੇ ਚੁਪ-ਚਾਪ ਸਮੇਂ ਰੌਣਕਾਂ ਲਾ ਰਹੀਆਂ ਹਨ। ਸਭ ਦੇ ਚਿਹਰੇ ਫੁੱਲਾਂ ਵਾਂਗ ਖਿੜੇ ਹੋਏ ਹਨ। ਜਿਉਂ ਜਿਉਂ ਵਿਆਹ ਦਾ ਦਿਨ ਨੇੜੇ ਆਉਂਦਾ ਜਾ ਰਿਹਾ ਹੈ, ਤਿਉਂ ਤਿਉਂ ਵਿਆਹੁਨੀ ਕੁੜੀ ਆਪਣੀ ਜਾਨ ਸੁਕਾ ਰਹੀ ਹੈ, ਸੁਪਨਿਆਂ ਵਿਚ ਡੁੱਬ ਰਹੀ ਹੈ। ਉਸ ਦੇ ਮਨ ਦੀ ਹਾਲਤ ਅਨੋਖੀ ਹੈ। ਨਾ ਤਾਂ ਉਹ ਦੁਖੀ ਹੀ ਹੈ ਤੇ ਨਾ ਰਜੋ ਗੁਣੀ ਖੁਸ਼ੀ ਵਿਚ ਹੀ ਭਰੀ ਹੈ; ਇਸ ਕੰਨਿਆ ਦੀ ਅਜੀਬ ਹਾਲਤ ਵਿਚ ਇਸ ਸਮੇਂ ਉਸ ਨੂੰ ਆਪਣੇ ਸਰੀਰ ਤੋਂ ਚੁੱਕ ਕੇ ਲੈ ਗਈ ਹੈ ਤੇ ਪਤਾ ਨਹੀਂ ਕਿਥੇ ਪੁਚਾ ਆਈ ਹੈ। ਇਹ ਜ਼ਰੂਰ ਪੱਕੀ ਹੈ ਕਿ ਉਸ ਦੇ ਜੀਵਨ ਦੀ ਧੁਰੀ ਜ਼ਰੂਰ ਬਦਲ ਗਈ ਹੈ। ਮਨ ਤੇ ਬੁੱਧੀ ਤੋਂ ਪਰੇ ਉਹ ਕਿਸੇ ਦੇਵ-ਲੋਕ ਵਿਚ ਵਸਦੀ ਹੈ। ਲਗਨ ਦਾ ਵੇਲਾ ਆ ਗਿਆ, ਤੀਵੀਆਂ ਪਾਸ ਖੜੀਆਂ ਗਾ ਰਹੀਆਂ ਹਨ। ਅਜੀਬ ਸੁਹਾਵਣਾ ਸਮਾਂ ਹੈ। ਸਮੇਂ ਸਿਰ ਪਰੋਹਿਤ ਨੇ ਕੁੜੀ ਦੇ ਹੱਥ ਕੰਗਣਾ ਬੰਨ ਦਿੱਤਾ ਹੈ। ਇਸ ਵੇਲੇ ਕੰਨਿਆ ਦਾ ਦਰਸ਼ਨ ਕਰ ਕੇ ਮਨ ਅਜੇਹੀਆਂ ਚੁਟਕੀਆਂ ਭਰਦਾ ਹੈ ਕਿ ਹਰ ਕਿਸੇ ਦੀਆਂ ਅੱਖੀਆਂ ਪ੍ਰੇਮ ਦੇ ਅੱਥਰੂਆਂ ਨਾਲ ਭਰ ਆਉਂਦੀਆਂ ਹਨ। ਜਾਣੀਦਾ ਇਹ ਕੰਨਿਆ ਇਸ ਸਮੇਂ ਅਚੇਤ ਅਵਸਥਾ ਵਿਚ ਪਹੁੰਚ ਕੇ ਆਪਣਾ ਸਰੀਰ ਆਪਣੇ ਪਿਤਾ ਤੇ ਭਰਾਵਾਂ ਦੇ ਹੱਥ ਅਧਿਆਤਮਿਕ ਤੌਰ ਤੇ ਹਵਾਲੇ ਕਰ ਦੇਂਦੀ ਹੈ। ਉਸ ਦੀ ਪਵਿੱਤਰਤਾ ਉਸ ਦੇ ਸਰੀਰ ਦੀ ਪੀੜ ਭਰੀ ਅਨਾਥ ਅਵਸਥਾ, ਮਾਪਿਆਂ ਤੇ ਭੈਣਾਂ ਭਰਾਵਾਂ ਨੂੰ ਚੁੱਪ ਚੁਪੀਤੇ ਪਿਆਰ-ਹੰਝੂਆਂ ਨਾਲ ਇਸ਼ਨਾਨ ਕਰਾਉਂਦੀ ਹੈ। ਕੰਨਿਆ ਨਾ ਰੋਂਦੀ ਹੈ ਨਾ ਹੱਸਦੀ ਹੈ ਨਾ ਆਪਣੇ ਤਨ-ਬਦਨ ਦੀ ਉਸ ਨੂੰ ਹੋਸ਼ ਹੀ ਹੁੰਦੀ ਹੈ। ਇਸ ਕੰਨਿਆ ਦੀ ਇਹ ਹੀਨ ਅਵਸਥਾ ਉਸ ਦਰਜੇ ਦੀ ਹੈ, ਜਿਸ ਦਰਜੇ ਨੂੰ ਪਹੁੰਚੇ ਨਿੱਕੇ ਬਾਲ ਨੈਪੋਲੀਅਨ ਜੇਹੇ ਸੰਸਾਰ-ਜੇਤੂ ਸ਼ਾਹਾਂ ਦੇ ਮੋਢੇ ਚੜ੍ਹਦੇ ਹਨ ਜਾਂ ਬ੍ਰਹਮ ਵਿਚ ਰਚੇ ਮਿਚੇ ਮਹਾਤਮਾਂ ਬਾਲਕ ਰੂਪ ਹੋ ਕੇ ਦਿਲ ਦੀ ਨਗਰੀ ਵਿਚ ਰਾਜ ਕਰਦੇ ਹਨ। ਧੰਨ ਹੈਂ ਤੂੰ ਆਰੀਆ ਪੁੱਤਰੀ ! ਜਿਸ ਨੇ ਆਪਣੇ ਸਾਧਾਰਣ ਜੀਵਨ ਨੂੰ ਬਿਲਕੁਲ ਹੀ ਕੁਝ ਨਹੀਂ ਸਮਝਿਆ। ਸਰੀਰ ਨੂੰ ਤੂੰ ਬ੍ਰਹਮ-ਅਰਪਣ ਜਾਂ ਆਪਣੇ ਪਿਉ ਤੇ ਭਰਾ ਨੂੰ ਅਰਪਣ ਕਰ ਦਿੱਤਾ। ਕੰਨਿਆ ਦਾ ਇਹ ਸਰੀਰ-ਤਿਆਗ ਲੇਖਕ ਨੂੰ ਇਉਂ

ਪ੍ਰਤੀਤ ਹੁੰਦਾ ਹੈ ਜਿਵੇਂ ਕੋਈ ਮਹਾਤਮਾ ਵੇਦਾਂਤ ਦੀ ਸੱਤਵੀਂ ਭੂਮਿਕਾ ਵਿਚ ਅਪੜ ਕੇ ਤਨ ਦੀ ਕ੍ਰਿਆ ਤਿਆਗ ਦੇਵੇ। ਮੈਂ ਸੱਚ ਆਖਦਾ ਹਾਂ ਕਿ ਇਹ ਕੰਨਿਆ ਦੀ ਅਵਸਥਾ ਸੰਕਲਪ ਹੀ ਹੁੰਦੀ ਹੈ। ਤੁਰਦੀ ਫਿਰਦੀ ਵੀ ਉਹ ਘਟ ਹੈ। ਉਸ ਦੇ ਸਰੀਰ ਦੀ ਚਾਲ ਢਾਲ ਇਉਂ ਮਲੂਮ ਹੁੰਦੀ ਹੈ ਜਿਵੇਂ ਹੁਣੇ ਡਿਗੀ ਹੁਣੇ ਡਿਗੀ। ਹਾਂ, ਇਸ ਨੂੰ ਸੰਭਾਲਣ ਵਾਲੇ ਕਈ ਹੋਰ ਹੁੰਦੇ ਹਨ। ਦੋ ਇਕ ਚੰਦ੍ਰਮੁਖੀ ਸਹੇਲੀਆਂ ਇਸ ਦੇ ਸਰੀਰ ਦੀ ਰਾਖੀ ਕਰਦੀਆਂ ਹਨ। ਸਾਰੇ ਰਿਸ਼ਤੇਦਾਰ ਉਸ ਦੀ ਰੱਖਿਆ ਲਈ ਤਤਪਰ ਰਹਿੰਦੇ ਹਨ। ਵਰ-ਪ੍ਰਾਪਤ ਆਰੀਆ ਕੰਨਿਆ ਤੇ ਯੂਰਪ ਦੀ ਵਰ-ਪ੍ਰਾਪਤ ਕੰਨਿਆ ਵਿਚ ਅੱਜ ਵੀ ਬੜਾ ਫਰਕ ਹੈ। ਸੋਚਵਾਨ ਲੋਕ ਕਹਿ ਸਕਦੇ ਹਨ ਕਿ ਆਰੀਆ ਕੰਨਿਆ ਦੇ ਦਿਲ ਵਿਚ ਵਿਆਹ ਦੇ ਸਰੀਰਕ ਸੁਖਾਂ ਦਾ ਰਤੀ ਭਰ ਵੀ ਚੇਤਾ ਨਹੀਂ ਆਉਂਦਾ। ਸੁਸ਼ੀਲਾ ਆਰੀਆ-ਕੰਨਿਆ ਨੂਰੀ ਗਗਨਾਂ ਵਿਚ ਘੁੰਮਦੀ ਹੈ ਵਿਆਹ ਤੋਂ ਇਕ ਦਿਨ ਪਹਿਲਾਂ ਹੱਥਾਂ ਪੈਰਾਂ ਨੂੰ ਮਹਿੰਦੀ ਲਾਉਣ ਦਾ ਵਕਤ ਆਉਂਦਾ ਹੈ। ਪੰਜਾਬ ਵਿਚ ਮਹਿੰਦੀ ਲਾਉਂਦੇ ਹਨ, ਕਿਤੇ ਕਿਤੇ ਮਹਾਵਰ ਲਾਉਣ ਦਾ ਰਿਵਾਜ ਹੈ। ਕੰਨਿਆ ਦੇ ਕਮਰੇ ਵਿਚ ਵਡੇਰਿਆਂ ਦੇ ਇਕ ਦੋ ਛੋਟੇ ਛੋਟੇ ਦੀਵੇ ਜਗਦੇ ਹਨ ਇਕ ਪਾਣੀ ਦਾ ਘੜਾ ਰਖਿਆ ਹੈ। ਕੁਸ਼ਾ ਦੇ ਆਸਣ ਤੇ ਆਪਣੀਆਂ ਸਹੇਲੀਆਂ ਸਮੇਤ ਕੰਨਿਆ ਬੈਠੀ ਹੈ। ਸੰਬਧੀ ਚਮਕਦੇ ਥਾਲਾਂ ਵਿਚ ਮਹਿੰਦੀ ਲਈ ਆ ਰਹੇ ਹਨ। ਕੁਝ ਚਿਰ ਪਿਛੋਂ ਪਿਆਰੇ ਭਰਾ ਦੀ ਵਾਰੀ ਆਈ, ਭੈਣ ਦੇ ਹੱਥੀਂ ਮਹਿੰਦੀ ਲਾਉਣ ਦੀ। ਜਿਵੇਂ ਸਮਾਧੀ ਵਿਚ ਮਸਤ ਯੋਗੀ ਦੇ ਹੱਥਾਂ ਤੇ ਕੋਈ ਭਾਵੇਂ ਕੁਝ ਕਰੇ ਉਸ ਨੂੰ ਖ਼ਬਰ ਨਹੀਂ ਹੁੰਦੀ, ਉਵੇਂ ਇਸ ਭੋਲੀ-ਭਾਲੀ ਕੰਨਿਆ ਦੇ ਨਿੱਕੇ ਨਿੱਕੇ ਹੱਥ ਭਰਾ ਦੇ ਹੱਥਾਂ ਤੇ ਹਨ ਪਰ ਉਸ ਨੂੰ ਕੋਈ ਪਤਾ ਨਹੀਂ, ਉਹ ਹੰਝੂਆਂ ਨਾਲ ਛਲਕਿਆ ਵੀਰ ਭੈਣ ਦੇ ਹੱਥੀਂ ਮਹਿੰਦੀ ਲਾ ਰਿਹਾ ਹੈ। ਉਸ ਦੇ ਇਸ ਤਰ੍ਹਾਂ ਮਹਿੰਦੀ ਲਾਉਣ ਸਮੇਂ ਕੰਨਿਆ ਦਾ ਇਹ ਅਨੋਖਾ ਤਿਆਗ ਦੇਖ ਮੇਰੀਆਂ ਅੱਖਾਂ ਵਿਚ ਪਾਣੀ ਭਰ ਆਇਆ ਤੇ ਮੈਂ ਰੋ ਪਿਆ। ਭੈਣੇ ਮੇਰੀਏ ! ਜਿਸ ਤਿਆਗ ਨੂੰ ਲਭਦਿਆਂ ਸੈਆਂ ਬੰਦਿਆਂ ਜਾਨਾਂ ਦੇ ਦਿੱਤੀਆਂ ਪਰ ਤਿਆਗ ਪ੍ਰਾਪਤ ਨਾ ਕਰ ਸਕੇ, ਜਿਸ ਦੀ ਭਾਲ ਵਿਚ ਵੱਡੇ ਵੱਡੇ ਯੋਧੇ ਨਿਕਲੇ ਤੇ ਹਾਰ ਕੇ ਬੈਠ ਗਏ, ਕੀ ਅੱਜ ਤੂੰ ਸੱਚਮੁੱਚ ਹੀ ਉਸ ਨਿਰੋਲ ਤਿਆਗ ਦੇ ਆਦਰਸ਼ ਨੂੰ ਪਾ ਲਿਆ ? ਸਰੀਰ ਨੂੰ ਛੱਡ ਬੈਠੀ ? ਤੂੰ ਸਾਥੋਂ ਵੱਖ ਹੋ ਕੇ ਦੇਵ-ਲੋਕ ਵਿਚ ਵੱਸਣ ਲਗ ਪਈ ? ਆ, ਮੈਂ ਤੇਰੇ ਹੱਥਾਂ ਤੇ ਮਹਿੰਦੀ ਦਾ ਰੰਗ ਲਾਵਾਂ। ਤੂੰ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦਿੱਤੀ ਹੈ ਤੇ ਮੈਂ ਉਸ ਆਹੂਤੀ ਨਾਲ ਜਾਗੀ ਹਵਨ ਦੀ ਜੁਆਲਾ ਦੇ ਰੰਗ ਦੀ ਨਿਸ਼ਾਨੀ ਹੀ ਤੇਰੇ ਹੱਥਾਂ ਪੈਰਾਂ ਤੇ ਉਘੜਦਾ ਹਾਂ, ਗੂੜ੍ਹਾ ਵੈਰਾਗ ਤੇ ਤਿਆਗ ਤੇਰੇ ਇਸ ਮਹਿੰਦੀ ਦੇ ਰੰਗ ਦੇ ਸਾਮ੍ਹਣੇ ਗੂੜ੍ਹੇ ਤੋਂ ਗੂੜ੍ਹਾ ਗੇਰੂਆ ਰੰਗ ਲਾ ਕੇ ਤੇਰੇ ਤਿਆਗ ਨੂੰ ਪ੍ਰਗਟ ਕਰ ਰਹੇ

ਹਾਂ। ਤੇਰੇ ਨਿਰਜਿੰਦ ਹੱਥ ਮੇਰੇ ਹੱਥਾਂ ਤੇ ਪਏ ਕੀ ਕਰ ਰਹੇ ਹਨ। ਤੂੰ ਤਾਂ ਚਲੀ ਗਈ ਪਰ ਤੇਰੇ ਹੱਥ ਕਹਿ ਰਹੇ ਹਨ ਕਿ ਮੇਰੀ ਭੈਣ ਨੇ ਆਪਣੇ ਪਿਆਰੇ ਤੇ ਲਾਡਲੇ ਵੀਰ ਦੇ ਹੱਥਾਂ ਵਿਚ ਸੌਂਪ ਦਿੱਤਾ। ਵੀਰ ਰੋਂਦਾ ਹੈ। ਤੇਰੇ ਤਿਆਗ ਤੇ ਮਹਾਤਮ ਨੇ ਸਾਰਿਆਂ ਘਰਦਿਆਂ ਨੂੰ ਰੁਆ ਰੁਆ ਕੇ ਇਕ ਨਵਾਂ ਜੀਵਨ ਦਿੱਤਾ ਹੈ। ਸਾਰੇ ਘਰ ਵਿਚ ਪਵਿੱਤਰਤਾ ਛਾ ਗਈ ਹੈ, ਸ਼ਾਂਤੀ ਤੇ ਅਨੰਦ ਮੰਗਲ ਦਾ ਰਾਜ ਹੈ। ਗਰੀਬੜੇ ਟੱਬਰ ਦਾ ਵੀ ਘਰ ਇਸ ਵੇਲੇ ਭਰਿਆ ਭਰਿਆ ਲਗਦਾ ਹੈ। ਭੁੱਖਿਆਂ ਨੂੰ ਅੰਨ ਮਿਲਦਾ ਹੈ। ਮਹਿਮਾਨਾਂ ਨੂੰ ਭੋਜਨ ਦੇਣ ਦੀ ਸਮਰੱਥਾ ਵੀ ਇਸ ਘਰ ਵਿਚ ਤੇਰੇ ਤਿਆਗ ਦੇ ਬਲ ਸਦਕਾ ਆ ਗਈ ਹੈ। ਸੱਚ ਮੁਚ ਕਾਮਧੇਨ ਅਕਾਸ਼ੋ ਉਤਰ ਅਜੇਹੇ ਘਰ ਵਿਚ ਨਿਵਾਸ ਕਰਦੀ ਹੈ। ਪਿਉ, ਧੀ ਨੂੰ ਵੇਖ ਵੇਖ ਚੁਪਕੇ ਚੁਪਕੇ ਰੋਂਦਾ ਹੈ। ਧੀ ਦੇ ਮਹਾਂ ਤਿਆਗ ਦਾ ਪ੍ਰਭਾਵ ਸਭ ਦੇ ਮਨ ਤੇ ਅਜਿਹਾ ਹੁੰਦਾ ਹੈ ਕਿ ਅੱਜ ਕਲ ਵੀ ਸਾਡੇ ਗ੍ਰਿਹਸਤ ਆਸ਼ਰਮ ਦੇ ਟੁੱਟੇ ਫੁੱਟੇ ਖੰਡਰਾਂ ਵਿਚ ਧੀ ਦੇ ਵਿਆਹ ਦੇ ਦਿਨ ਦਰਦਨਾਕ ਹੁੰਦੇ ਹਨ। ਨੈਣਾਂ ਦੀ ਗੰਗਾ ਘਰ ਵਿਚ ਵਗਦੀ ਹੈ। ਮਾਂ ਪਿਓ ਤੇ ਭਰਾ ਨੂੰ ਨੂਰੀ ਇਸ਼ਾਰਾ ਹੁੰਦਾ ਹੈ ਕਿ ਕੰਨਿਆ-ਦਾਨ ਦਾ ਸਮਾਂ ਨੇੜੇ ਹੈ। ਆਪਣੇ ਦਿਲ ਗੰਗਾ-ਜਲ ਨਾਲ ਸ਼ੁੱਧ ਕਰ ਲਵੋ। ਯੱਗ ਹੋਣ ਵਾਲਾ ਹੈ ? ਅਜੇਹਾ ਨਾ ਹੋਵੇ ਕਿ ਤੁਹਾਡੇ ਮਨ ਦੇ ਸੰਕਲਪ ਸਾਧਾਰਣ ਮਾਮੂਲੀ ਜੀਵਨ ਦੇ ਸੰਕਲਪਾਂ ਵਿਚ ਮਿਲ ਕੇ ਗੰਦੇ ਹੋ ਜਾਣ, ਏਵੇਂ ਹੁੰਦਾ ਹੈ।

ਪੁੱਤਰੀ-ਵਿਜੋਗ ਦਾ ਦੁਖ, ਵਿਆਹ ਦਾ ਮੰਗਲਾਚਰਣ, ਨੈਣਾਂ ਦੀ ਗੰਗਾ ਦਾ ਇਸ਼ਨਾਨ ਇਨ੍ਹਾਂ ਦੇ ਮਨ ਨੂੰ ਇਕਾਗਰ ਕਰ ਦੇਂਦਾ ਹੈ। ਮਾਂ-ਪਿਓ, ਭਰਾ, ਭੈਣਾਂ ਤੇ ਸਹੇਲੀਆਂ ਵਰ-ਕੰਨਿਆਂ ਦੇ ਪਿੱਛੇ ਆਤਮਿਕ ਤੇ ਰੱਬੀ ਗਗਨਾਂ ਵਿਚ ਬਿਨਾਂ ਡੋਰ ਦੇ ਪਤੰਗਾਂ ਵਾਂਗ ਉੱਡਣ ਲੱਗ ਪੈਂਦੇ ਹਨ। ਆਰੀਆ ਕੰਨਿਆ ਦਾ ਵਿਆਹ, ਹਿੰਦੂ ਜੀਵਨ ਵਿਚ ਇਕ ਅਨੋਖਾ ਪ੍ਰਭਾਵ ਜਗਾਉਣ ਵਾਲਾ ਸਮਾਂ ਹੁੰਦਾ ਹੈ, ਜਿਸ ਨੂੰ ਡੂੰਘੀ ਨਜ਼ਰ ਨਾਲ ਵੇਖ ਸਾਨੂੰ ਸਿਰ ਨਿਵਾਉਣਾ ਚਾਹੀਦਾ ਹੈ।

ਵਿਆਹ ਦੇ ਰੌਲੇ-ਰੱਪੇ ਵਿਚ ਸ਼ਾਮਿਲ ਹੋਣਾ ਸਾਡਾ ਕੰਮ ਨਹੀਂ। ਇਨ੍ਹਾਂ ਸੱਚੀਆਂ ਜਿੰਦਾਂ ਦੀ ਉੱਚੀ ਅਵਸਥਾ ਦਾ ਅਨੁਭਵ ਕਰ ਕੇ ਉਨ੍ਹਾਂ ਨੂੰ ਆਪਣੇ ਆਦਰਸ਼ ਪਾਲਣ ਵਿਚ ਸਹਾਇਤਾ ਦੇਣਾ ਹੈ, ਧੰਨ ਨੇ ਉਹ ਸੰਬੰਧੀ ਜੋ ਉਨ੍ਹਾਂ ਦਿਨਾਂ ਵਿਚ ਆਪਣੇ ਸ਼ਰੀਰਾਂ ਨੂੰ ਬ੍ਰਹਮ ਅਰਪਣ ਕਰ ਦੇਂਦੇ ਹਨ। ਧੰਨ ਨੇ ਉਹ ਮਿੱਤਰ ਜੋ ਰਜੋਗੁਣੀ ਹਾਸੇ ਤਿਆਗ ਕੇ ਉਸ ਸਮੇਂ ਦੀ ਮਹਾਨਤਾ ਦਾ ਅਨੁਭਵ ਕਰ ਕੇ ਆਪਣੇ ਮਨ ਨੂੰ ਨੁਹਾ ਧੁਆ ਕੇ ਉਸ ਇਕ ਆਰੀਆ-ਪੁਤਰੀ ਦੀ ਪਵਿੱਤਰਤਾ ਦੀ ਯਾਦ ਵਿਚ ਗੁਆ ਦੇਂਦੇ ਹਨ।

ਸਭ ਜੁੜ ਕੇ ਆਓ, ਕੰਨਿਆ-ਦਾਨ ਦਾ ਸਮਾਂ ਹੁਣ ਨੇੜੇ ਹੈ। ਕੇਵਲ ਉਹੀ ਰਿਸ਼ਤੇਦਾਰ ਤੇ ਉਹੀ ਸਹੇਲੀਆਂ ਜੋ ਇਕ ਆਰੀਆ ਪੁੱਤਰੀ ਵਿਚ

ਇਕ-ਮਿੱਕ ਹੋਈਆਂ ਹਨ, ਇਸ ਵੇਦੀ ਦੇ ਅੰਦਰ ਆ ਸਕਦੀਆਂ ਹਨ। ਜਿਨ੍ਹਾਂ ਨੇ ਕੰਨਿਆ-ਦਾਨ ਦੇ ਆਦਰਸ਼ ਮਹੱਤਵ ਨੂੰ ਸਮਝਿਆ ਹੈ, ਉਹੀ ਇੱਥੇ ਪਹੁੰਚ ਸਕਦੇ ਹਨ। ਅਜਿਹੇ ਹੀ ਪਵਿੱਤਰ ਭਾਵ ਨਾਲ ਭਰੇ ਮਹਾਤਮਾਂ ਵਿਆਹ-ਮੰਡਪ ਵਿਚ ਜੁੜੇ ਹਨ, ਅਗਨੀ ਜਗ ਰਹੀ ਹੈ। ਹਵਨ ਦੀ ਸਾਮਗ੍ਰੀ ਨਾਲ ਸਤੋਗੁਣੀ ਸੁਗੰਧੀ ਫੈਲ ਕੇ ਸਭ ਨੂੰ ਸ਼ਾਂਤ ਤੇ ਇਕਾਗਰ ਕਰ ਰਹੀ ਹੈ। ਤਾਰੇ ਚਮਕ ਰਹੇ ਹਨ। ਧਰੂ ਤੇ ਸੱਤੇ ਰਿਸ਼ੀ ਕੋਲ ਆ ਖੜੇ ਹੋਏ ਹਨ। ਚੰਦ ਹਾਜ਼ਰ ਹੈ, ਦੇਵੀ ਦੇਵਤਾ ਇਸ ਦੇਵ-ਲੋਕ ਦੀ ਵਾਸੀ ਆਰੀਆ-ਪੁੱਤਰੀ ਦਾ ਵਿਆਹ ਦੇਖਣ ਤੇ ਉਸ ਨੂੰ ਸੁਭਾਗਵਤੀ ਹੋਣ ਦਾ ਵਰ ਦੇਣ ਆਏ ਹਨ। ਸਮਾਂ ਪਵਿੱਤਰ ਹੈ, ਹਵਾ ਪਵਿੱਤਰ ਹੈ ਤੇ ਦੇਵੀ ਦੇਵਤਿਆਂ ਦੀ ਹਾਜ਼ਰੀ ਨੇ ਸਭ ਨੂੰ ਇਕਾਗਰ ਕਰ ਦਿੱਤਾ ਹੈ। ਹੁਣ ਕੰਨਿਆ-ਦਾਨ ਦਾ ਵੇਲਾ ਹੈ। ਇਸਤ੍ਰੀਆਂ ਨੇ ਕੰਨਿਆ-ਦਾਨ ਦੀ ਸ਼ੋਭਾ ਦੇ ਗੀਤ ਅਲਾਪਣੇ ਛੋਹ ਦਿੱਤੇ, ਸਭ ਦੇ ਲੂੰ ਕੰਡਿਆ ਰਹੇ ਹਨ, ਗਲੇ ਰੁਕ ਰਹੇ ਹਨ, ਅਥਰੂ ਵਗ ਰਹੇ ਹਨ -

"ਬਿਛੁੜਤੀ ਦੂਲਹਨ ਵਤਨ ਸੇ ਹੈ ਜਬ,
ਖੜੇ ਹੈਂ ਰੋਮ ਔਰ ਗਲਾ ਰੁਕੇ ਹੈ।
ਕਿ ਫਿਰ ਨ ਆਨੇ ਕੀ ਹੈ ਕੋਈ ਢਬ
ਖੜੇ ਹੈਂ ਰੋਮ ਔਰ ਗਲਾ ਰੁਕੇ ਹੈ।
ਯਹ ਦੀਨੋ ਦੁਨੀਆਂ ਤੁਮੇ ਮੁਬਾਰਕ
ਹਮਾਰਾ ਦੂਲ੍ਹਾ ਹਮੇ ਸਲਾਮਤ;
ਪੈ ਯਾਦ ਰਖਨਾ ਯਹ ਆਖ਼ਿਰੀ ਛਬ,
ਖੜੇ ਹੈਂ ਰੋਮ ਔਰ ਗਲਾ ਰੁਕੇ ਹੈ।

(ਸ੍ਵਾਮੀ ਰਾਮ ਤੀਰਥ)

ਹੁਣ ਪਿਆਰਾ ਵੀਰ ਦੇਵ-ਲੋਕ ਦੀ ਦੇਵੀ ਵਰਗੀ ਆਪਣੀ ਭੈਣ ਦੇ ਸਮਾਧੀ-ਲੀਨ ਸ਼ਰੀਰ ਨੂੰ ਆਪਣੇ ਹੱਥੀਂ ਚੁਕ ਉਸ ਦੇਵੀ ਦੇ ਭਗਵਾਨ ਪਤੀ ਦੇ ਲਾਗੇ ਜਗਦੀ ਅਗਨੀ ਦੇ ਗਿਰਦ ਫੇਰੇ ਦੇਂਦਾ ਹੈ। ਇਸ ਸੋਹਣੇ ਨੌਜਵਾਨ ਦਾ ਦਿਲ ਵੀ ਅਜੀਬ ਭਾਵਾਂ ਨਾਲ ਭਰ ਗਿਆ ਹੈ। ਸਰੀਰ ਉਸ ਦਾ ਉਸ ਦੇ ਮਨ ਨਾਲੋਂ ਕਿਰ ਰਿਹਾ ਹੈ, ਉਸ ਨੂੰ ਪਵਿੱਤਰ ਆਤਮਾ ਕੰਨਿਆ ਦਾ ਦਿਲ, ਜਾਨ, ਪ੍ਰਾਣ ਸਭ ਦਾ ਹੁਣੇ ਇਕ ਦਾਨ ਮਿਲਦਾ ਹੈ। ਸਮੇਂ ਦੀ ਨਿਰਾਲੀ ਪਵਿੱਤਰਤਾ, ਮਾਤਾ ਪਿਤਾ, ਭਾਈ ਭੈਣ ਤੇ ਸਹੇਲੀਆਂ ਦੇ ਦਿਲਾਂ ਦੀਆਂ ਆਸਾਂ, ਸਤੋਗੁਣੀ ਸੰਕਲਪਾਂ ਦਾ ਸਮੂਹ ਆਏ ਹੋਏ ਦੇਵੀ ਦੇਵਤਿਆਂ ਦੀ ਅਸੀਸ, ਅਗਨੀ ਤੇ ਮਹਿੰਦੀ ਦੇ ਰੰਗ ਦੀ ਲਾਲੀ, ਕੰਨਿਆ ਦਾ ਨਿਆਸਰਾ

ਪ੍ਰਾਣ, ਯਤੀਮਪੁਣਾ, ਤਿਆਗੀ ਵੈਰਾਗੀ, ਤੇ ਨੂਰੀ ਅਵਸਥਾ- ਇਹ ਸਭ ਦੇ ਸਭ ਇਸ ਨੌਜਵਾਨ ਦੇ ਮਨ ਤੇ ਅਜੇਹਾ ਅਸਰ ਕਰਦੇ ਹਨ ਕਿ ਸਦਾ ਆਪਣੇ ਆਪ ਨੂੰ ਉਹ ਇਸ ਦੇਵੀ ਦੇ ਚਰਨਾਂ ਵਿਚ ਸੌਂਪ ਦੇਂਦਾ ਹੈ, ਸਾਡੇ ਦੇਸ਼ ਦਾ ਇਹ ਆਪਸੀ ਇਕ ਦੂਜੇ ਨੂੰ ਸੌਂਪਣ ਦਾ ਨੂਰੀ ਸਮਾਂ ਸੰਸਾਰ ਦੇ ਸਾਰੇ ਅਜੇਹੇ ਮੌਕਿਆਂ ਕੋਲੋਂ ਵਧੇਰੇ ਮਨ ਨੂੰ ਮੋਹਣ ਵਾਲਾ ਹੁੰਦਾ ਹੈ। ਕੰਨਿਆਂ ਦੀ ਸਮਾਧੀ ਅਜੇ ਨਹੀਂ ਖੁੱਲ੍ਹੀ। ਪਰ, ਇਉਂ ਇਸ ਯੋਗ-ਨੀਂਦ ਵਿਚ ਗੁਆਚੀ ਪਤਨੀ ਦੇ ਉੱਤੇ ਇਕ ਆਰੀਆ ਨੌਜਵਾਨ ਨਿਛਾਵਰ ਹੋ ਚੁੱਕਿਆ। ਇਸ ਲਈ ਤਾਂ ਪ੍ਰੇਮ ਦੀ ਬਿਜਲੀ ਇੱਕੋ ਵਾਰ ਇਉਂ ਡਿਗੀ ਕਿ ਉਸ ਨੂੰ ਪਤਾ ਤਕ ਨਹੀਂ ਲੱਗ ਸਕਿਆ ਜੋ ਉਸ ਦਾ ਦਿਲ ਉਸ ਦੀ ਵੱਖੀ 'ਚੋਂ ਪ੍ਰੇਮ ਦੀ ਅੱਗ ਵਿਚ ਕਦੋਂ ਤੜਫਿਆ, ਕਦੋਂ ਉਛਲਿਆ ਕੁੱਦਿਆ ਤੇ ਕਦ ਹੋਮ ਹੋ ਗਿਆ, ਹੁਣ ਭਰਾ ਆਪਣੀ ਭੈਣ ਨੂੰ ਦਿਲੋਂ ਉਸ ਦੇ ਹਵਾਲੇ ਕਰ ਚੁਕਿਆ। ਮਾਂ ਅਤੇ ਪਿਉ ਨੇ ਆਪਣੇ ਨੇਤਰਾਂ ਦੇ ਗੰਗਾ ਜਲ ਵਿਚੋਂ ਅੰਗ ਧੋਤੇ ਤੇ ਆਪਣੀ ਮਹਿੰਦੀ-ਰੰਗੀ ਧੀ ਉਸ ਦੇ ਪਤੀ ਨੂੰ ਸੌਂਪ ਦਿੱਤੀ। ਜਿਵੇਂ ਹੀ ਉਸ ਦੇਵੀ ਦੇ ਹੱਥ ਪਤੀ ਦੇ ਹੱਥ ਟਿਕਿਆ ਤਿਵੇਂ ਹੀ ਸਮਾਧੀ ਖੁੱਲ੍ਹੀ ਦੇਵੀ ਦੇਵਤਿਆਂ ਨੇ ਪਤੀ ਪਤਨੀ ਦੇ ਸਿਰ ਹੱਥ ਰੱਖ ਅਟਲ ਸੁਹਾਗ ਦੀ ਅਸੀਸ ਦਿੱਤੀ। ਦੇਵ-ਲੋਕ ਵਿਚ ਖੁਸ਼ੀ ਹੋਈ ! ਮਾਤ੍ਰੀ-ਲੋਕ ਦਾ ਯੱਗ ਪੂਰਾ ਹੋਇਆ। ਚੰਦ, ਤਾਰੇ ਤੇ ਸਪਤ-ਰਿਸ਼ੀ ਗਵਾਹ ਹੋਏ ! ਮਾਤ੍ਰੀ ਲੋਕ ਦਾ ਯੱਗ ਪੂਰਾ ਹੋਇਆ। ਚੰਦ, ਤਾਰੇ ਤੇ ਸਪਤ-ਰਿਸ਼ੀ ਗਵਾਹ ਹੋਏ। ਮਾਨੋ ਬ੍ਰਹਮਾ ਨੇ ਆਪ ਆ ਕੇ ਸੰਜੋਗ ਜੋੜਿਆ, ਫੇਰ ਕਿਉਂ ਨਾ ਪਤੀ ਪਤਨੀ ਇਕ ਦੂਜੇ ਦੇ ਪ੍ਰੇਮ ਵਿਚ ਗੁਆਚਣ ? ਸਾਰਾ ਜਗਤ ਫੁੱਟ ਫੁੱਟ ਪਰਲੈ ਵਿਚ ਗੁੰਮ ਗਿਆ, ਇਸ ਪਤਨੀ ਲਈ ਕੇਵਲ ਪਤੀ ਹੀ ਰਹਿ ਗਿਆ, ਕੋਈ ਰੰਗੀਲੀ ਜੋੜੀ ਹੈ ਜੋ ਸਾਰੇ ਸੰਸਾਰ ਨੂੰ ਪਰਲੈ ਵਿਚ ਲਪਟ ਅਨੰਤ, ਅਕਾਸ਼ ਵਿਚ ਪ੍ਰੇਮ-ਬੀਣਾ ਵਜਾਉਂਦੀ ਵਿਚਰਦੀ ਹੈ। ਸਜਣੋਂ ! ਸਾਡੇ ਤਾਂ ਇਹੋ 'ਰਾਧਾ ਕ੍ਰਿਸ਼ਨ' ਘਰ ਘਰ ਮੌਜਾਂ ਮਾਣਦੇ ਹਨ।

ਸੀਤਾ ਨੇ ਬਾਰਾਂ ਵਰ੍ਹੇ ਦਾ ਬਨਵਾਸ ਪ੍ਰਵਾਸ ਕੀਤਾ, ਮਹਿਲਾਂ ਵਿਚ ਰਹਿਣਾ ਕਬੂਲਿਆ । ਦਮਯੰਤੀ ਜੰਗਲ ਜੰਗਲ ਨਲ ਦੀ ਖ਼ਾਤਿਰ ਰੋਂਦੀ ਫਿਰੀ। ਸਾਵਿੱਤ੍ਰੀ ਨੇ ਪ੍ਰੇਮ ਦੇ ਬਲ ਨਾਲ ਜਮ ਕੋਲੋਂ ਆਪਣਾ ਪਤੀ ਮੋੜ ਲਿਆ। ਗੰਧਾਰੀ ਨੇ ਸਾਰੀ ਉਮਰ ਅੱਖਾਂ ਤੇ ਪੱਟੀ ਬੰਨ੍ਹ ਕੇ ਲੰਘਾ ਦਿੱਤੀ।

ਬ੍ਰਹਮ ਸਮਾਜ ਦੇ ਮਹਾਤਮਾ ਭਾਈ ਪ੍ਰਤਾਪ ਚੰਦਰ ਮਜੂਮਦਾਰ ਆਪਣੇ ਅਮਰੀਕਾ ਵਿਚ ਦਿੱਤੇ 'ਲੌਵੇਨ ਲੈਕਚਰ' ਵਿਚ ਕੰਨਿਆ ਦਾਨ ਦੇ ਅਸਰ ਨੂੰ ਜੋ ਉਨ੍ਹਾਂ ਦੇ ਮਨ ਤੇ ਹੋਇਆ ਸੀ, ਅਮਰੀਕਾ ਵਾਸੀਆਂ ਸਾਹਮਣੇ ਇਉਂ ਪ੍ਰਗਟ ਕਰਦੇ ਹਨ -

"ਜੇ ਸਾਰੇ ਸੰਸਾਰ ਦੀਆਂ ਇਸਤ੍ਰੀਆਂ ਇਕ ਪਾਸੇ ਖੜੀਆਂ ਹੋਣ ਤੇ ਮੇਰੀ ਅਨਪੜ੍ਹ ਪਿਆਰੀ ਪਤਨੀ ਦੂਜੇ ਪਾਸੇ ਖੜੀ ਹੋਵੇ ਤਾਂ ਮੈਂ ਆਪਣੀ ਪਤਨੀ ਵਲ ਹੀ ਦੌੜਿਆ ਜਾਵਾਂਗਾ।"

ਰਿਸ਼ੀ ਲੋਕ ਸੁਨੇਹਾ ਭੇਜਦੇ ਹਨ ਕਿ ਇਸ ਆਦਰਸ਼ ਦਾ ਪੂਰੇ ਅਨੁਭਵ ਰਾਹੀਂ ਪਾਲਣ ਕਰਨ ਵਿਚ ਸਾਰੇ ਸੰਸਾਰ ਦਾ ਭਲਾ ਹੋਵੇਗਾ। ਹੇ ਭਾਰਤ ਵਾਸੀਓ! ਇਸ ਯੱਗ ਦੇ ਮਹਾਤਮ ਦਾ ਅਧਿਆਤਮਿਕ ਪਵਿੱਤਰਤਾ ਵਿਚੋਂ ਅਨੁਭਵ ਕਰੋ। ਇਸ ਯੱਗ ਵਿਚ ਦੇਵੀ ਦੇਵਤਿਆਂ ਨੂੰ ਸੱਦ ਘੱਲਣ ਦੀ ਸ਼ਕਤੀ ਹਾਸਿਲ ਕਰੋ। ਵਿਆਹ ਨੂੰ ਮਖ਼ੌਲ ਨ ਸਮਝੋ, ਯੱਗ ਨੂੰ ਖੇਡ ਨ ਬਣਾਓ। ਝੂਠੀ ਖ਼ੁਦਗਰਜ਼ੀ ਦੀ ਖ਼ਾਤਿਰ ਇਸ ਆਦਰਸ਼ ਨੂੰ ਮਲੀਆਮੇਟ ਨ ਕਰੋ, ਕੁਲ ਜਗਤ ਦਾ ਭਲਾ ਸੋਚੋ।

੪

ਪਵਿੱਤਰਤਾ

ਬ੍ਰਹਮ-ਕਾਂਤੀ

ਅਨੇਕਾਂ ਸੂਰਜ ਆਕਾਸ਼ ਦੇ ਮਹਾਂ-ਮੰਡਲ ਵਿਚ ਘੁੰਮ ਰਹੇ ਹਨ, ਅਨੰਤ ਜੋਤਾਂ ਏਧਰ ਓਧਰ ਤੇ ਹਰ ਥਾਂ ਖਿਲਾਰ ਰਹੇ ਹਨ, ਚਿੱਟੇ ਸੂਰਜ, ਪੀਲੇ ਸੂਰਜ, ਨੀਲੇ ਸੂਰਜ ਤੇ ਲਾਲ ਸੂਰਜ ਕਿਸੇ ਦੇ ਪਿਆਰ ਵਿਚ ਆਪਣੇ ਆਪਣੇ ਘਰ ਦੀ ਦੀਵਾਲੀ ਕਰ ਰਹੇ ਹਨ। ਸਾਰੇ ਸੰਸਾਰ ਦਾ ਲੂੰ ਲੂੰ ਅਗਨੀਆਂ ਦੀ ਲਾਟ ਨਾਲ ਜ੍ਵਾਲਾਮਈ ਹੋ ਰਿਹਾ ਹੈ। ਪਰਮਾਣੂ ਰੂਪ ਹੋ ਰਹੇ ਹਨ ਤੇ ਸੂਰਜ ਪਰਮਾਣੂ ਰੂਪ ਹੈ। ਸੁੰਦਰਤਾ, ਸਾਰੀ ਲੱਜਿਆ ਤਿਆਗ, ਘਰਬਾਰ ਛੱਡ, ਅਨੰਤ ਪੜਦੇ ਪਾੜ, ਖੁੱਲ੍ਹੇ ਮੂੰਹ ਦਰਸ਼ਨ ਦੇ ਰਹੀ ਹੈ । ਬਾਲਕਾਂ, ਮੁਟਿਆਰਾਂ ਤੇ ਗੱਭਰੂਆਂ ਦੇ ਮੂੰਹਾਂ ਦੀ ਲਾਲੀ ਤੇ ਗੋਰਾਪਨ ਡੁੱਲ੍ਹ ਡੁੱਲ੍ਹ ਪੈ ਰਿਹਾ ਹੈ। ਗੁਲਾਬ, ਸੇਬ ਤੇ ਅੰਗੂਰ ਦੇ ਨਰਮ ਨਰਮ ਤੇ ਲਾਲ ਮੁੱਖੜਿਆਂ 'ਚੋਂ ਫੁੱਟ ਫੁੱਟ ਨਿਕਲ ਰਹੀ ਹੈ, ਸਵੇਰੇ ਦੇ ਰੂਪ ਵਿਚ, ਸਿਰ ਤੇ ਨਰਮ-ਨਰਮ, ਚਿੱਟੀ ਚਿੱਟੀ ਰੂੰ ਦਾ ਟੋਕਰਾ ਚੁੱਕੀ, ਉਹ ਕਿਸ ਅਦਾ ਨਾਲ ਆ ਰਹੀ ਹੈ ਤੇ ਸ਼ਾਮਾਂ ਢਲਦਿਆਂ ਆਪਣੇ ਦੁੱਪਟੇ ਦੇ ਸੂਹੇ ਫੁੱਲਾਂ ਨਾਲ ਸੰਸਾਰ ਨਾਲ ਹੋਲੀ ਖੇਡਦੀ ਹੋਈ ਜਾ ਰਹੀ ਹੈ। ਝਰਨਿਆਂ, ਚਸ਼ਮਿਆਂ; ਨਦੀਆਂ ਨਾਲਿਆਂ ਵਿਚ ਨੱਚ ਰਹੀ ਹੈ। ਹਿਮਾਲਾ ਦੀਆਂ ਬਰਫ਼ਾਂ ਵਿਚ ਲੋਟ-ਪੋਟਣੀਆਂ ਖਾ ਰਹੀ ਹੈ। ਸਜੇ ਧਜੇ ਜੰਗਲਾਂ ਤੇ ਰੁੱਖੇ ਸੁੱਕੇ ਰਕੜਾਂ ਦੀ ਸ਼ਾਂ ਸ਼ਾਂ ਵਿਚ ਖਿਰਕ ਰਹੀ ਹੈ।ਮੁਟਿਆਰ ਕੰਜਕਾਂ ਦੇ ਰੂਪ ਵਿਚ ਜਵਾਨੀ ਦੀ ਸੁਗੰਧ ਖਿਲਰਦੀ ਹੋਈ ਚਲ ਰਹੀ ਹੈ।ਨਰਗਿਸ (ਇਕ ਫੁੱਲ) ਦੇ ਨੈਣਾਂ ਵਿਚ ਕਿਸ ਢੰਗ ਨਾਲ ਲੁਕੀ ਹੈ ਕਿ ਪ੍ਰਤੱਖ ਦਰਸ਼ਨ ਹੋ ਰਹੇ ਹਨ। ਬਾਲਕ ਦੇ ਤੋਤਲੇ ਬੋਲਾਂ 'ਚੋਂ, ਚਿਹਰੇ-ਮੁਹਰੇ 'ਚੋਂ ਕਿਵੇਂ ਝਾਤੀਆਂ ਮਾਰ ਸਭ ਨੂੰ ਦੇਖ ਰਹੀ ਹੈ, ਖੁੱਲ੍ਹਾ ਦਰਬਾਰ ਹੈ, ਜੋਤੀ ਦਾ ਅਨੰਦ-ਨਾਚ ਸਭ ਕੂੰਟਾਂ ਵਿਚ ਹੋ ਰਿਹਾ ਹੈ। ਮਿੱਠੀ ਪੌਣ, ਦਰਸ਼ਨਾਂ ਦੀ ਮਸਤੀ ਵਿਚ ਗੜੂੰਦ ਖੁਸ਼ੀਆਂ-ਕੁੱਠੀ; ਲੋਟਦੀ, ਪੋਟਦੀ, ਡਗਮਗਾਂਦੀ, ਨੱਚਦੀ ਜਾਂਦੀ ਹੈ। ਇਸ ਬ੍ਰਹਮ ਕਾਂਤੀ ਦੇ ਜੋਸ਼ ਵਿਚ ਬੱਦਲ ਗੱਜ ਰਹੇ ਹਨ। ਬਿਜਲੀ ਚਮਕ ਰਹੀ ਹੈ। ਆਹਾ ! ਸਾਰਾ ਸੰਸਾਰ ਕ੍ਰਿਤਾਰਥ ਹੋ ਗਿਆ। ਜਾਗ ਉੱਠਿਆ। ਹਾਥੀ ਚੰਘਿਆੜ ਰਹੇ ਹਨ, ਦੌੜ ਰਹੇ ਹਨ। ਸ਼ੇਰ ਗਰਜ ਰਹੇ

ਹਨ, ਕੁੱਦ ਰਹੇ ਹਨ। ਹਿਰਨ ਪਲਾਂਘਾਂ ਭਰ ਰਹੇ ਹਨ। ਕੋਇਲ ਤੇ ਪਪੀਹੇ, ਬਟੇਰੇ; ਬਈਏ, ਘੁਘੀਆਂ ਤੇ ਚੰਡੋਲ ਨੰਗੇ ਹੋ ਹੋ ਨੱਚ ਰਹੇ ਹਨ। ਦਰਸ਼ਨ ਦੀਦਾਰ ਦਾ ਸੁਖ ਪਾ ਰਹੇ ਹਨ। ਤਿੱਤਰ ਗਾ ਰਹੇ ਹਨ। ਮੁਰਗੇ ਅਨੰਦ ਨਾਲ ਆਪਣੀ ਛਾਤੀ ਪੂਰੀ ਪੂਰੀ ਭਰ ਕੇ ਬਾਂਗਾਂ ਦੇ ਰਹੇ ਹਨ। ਈ ਈ, ਊ ਊ, ਕੂ ਕੂ, ਹੂ ਹੂ ਵਿਚ ਵੇਦ-ਧੁਨੀ, ਓਮ ਦਾ ਅਲਾਪ ਹੋ ਰਿਹਾ ਹੈ। ਪਰਬਤ ਵੀ ਅਨੰਦ ਮਗਨ ਹਵਾ ਵਿਚ ਕੁਦ ਕੁੱਦ ਨੀਲੇ ਆਕਾਸ਼ ਨੂੰ ਟੱਪ ਰਹੇ ਹਨ। ਬੱਦਰੀ ਨਾਥ, ਕਿਦਾਰ ਨਾਥ, ਜਮਨੋਤ੍ਰੀ, ਗੰਗੋਤ੍ਰੀ, ਕੰਚਨ-ਜੰਘਾ ਸਭ ਚੋਟੀਆਂ ਹੱਸ ਰਹੀਆਂ ਹਨ। ਦਰੱਖ਼ਤ ਉੱਠ ਖਲੋਤੇ ਹਨ, ਇਨ੍ਹਾਂ ਸਾਰਿਆਂ ਦੀ ਸੰਧਿਆ ਹੋ ਚੁੱਕੀ ਹੈ।

"ਥਾ ਜਿਨ ਕੀ ਖ਼ਾਤਰ ਨਾਚ ਕੀਆ ਜਬ ਮੂਰਤ ਉਨ ਕੀ ਆਏਗੀ।

ਕਹੀਂ ਆਪ ਗਇਆ ਕਹੀਂ ਨਾਚ ਗਇਆ ਔਰ ਤਾਨ ਕਹੀਂ ਲਹਿਰਾਏਗੀ।"

ਭਾਵ ਸਭ ਦੀ ਨਮਾਜ਼ ਕਜ਼ਾ ਹੋ ਗਈ। ਪਿਆਰਾ ਨਜ਼ਰ ਆਇਆ। ਸਭ ਦੀ ਈਦ ਹੈ। ਬ੍ਰਹਮ ਰਿਸ਼ੀ 'ਸਰਵੰ ਖਲਵਿੰਦ ਬ੍ਰਹਮ' ਪੁਕਾਰ ਉਠਿਆ, ਕੂਕ ਉਠਿਆ। ਯੋਗ ਨੀਂਦ ਖੁੱਲ੍ਹ ਗਈ ਬ੍ਰਹਮ-ਕਾਂਤੀ ਦੀ ਖਿੱਚ ਨੇ ਦਸਵਾਂ ਦ੍ਵਾਰ ਤੋੜ ਕੇ ਪ੍ਰਾਣੀ ਨੂੰ ਆਪਣੀ ਹੀ ਗਤੀ ਫੇਰ ਦੇ ਦਿੱਤੀ। ਪਰਮਾਨੰਦ ਵਿਧਾ ਹਿਰਦਾ ਵਗ ਟੁਰਿਆ। ਏਥੇ ਡਿੱਗਾ, ਉਥੇ ਡਿਗਾ। ਅਤਿਅੰਤ ਜੋਤ ਦੇ ਝਲਕਾਰ ਨਾਲ ਸਾਧਾਰਣ ਅੱਖਾਂ ਫੁੱਟ ਗਈਆਂ। ਪ੍ਰੇਮ ਦੇ ਝੱਖੜ ਨੇ ਸਿਰ ਉਡਾ ਦਿੱਤਾ, ਹਵਨ-ਕੁੰਡ ਵਿਚੋਂ ਕਾਲੇ ਨੀਲੇ ਰੰਗ ਦਾ ਬ੍ਰਹਮ, ਕੰਵਲਾਂ ਨਾਲ ਜੜਿਆ ਬ੍ਰਹਮ, ਮੋਤੀਆਂ ਨਾਲ ਸਜਿਆ ਕਿਸੇ ਕੰਧਿਆਂ ਤੇ ਰੱਖ ਦਿੱਤਾ, ਬ੍ਰਹਮ ਯੱਗ ਹੋ ਚੁੱਕਿਆ। ਮਨੁੱਖਾ ਜਨਮ ਸਫਲਾ ਹੋਇਆ। ਜਯ ! ਜਯ !! ਜਯ !!! ਭਗਤ ਦੀ ਜੀਭ ਜਕੜੀ ਗਈ, ਬਾਹਾਂ ਪਸਾਰ ਜਾ ਮਿਲਿਆ। ਕੁੱਝ ਨ ਬੋਲ ਹੋਇਆ, ਕੁੱਝ ਨਾ ਬੋਲਿਆ, ਬ੍ਰਹਮ-ਕਾਂਤੀ ਵਿਚ ਲੀਨ ਹੋ ਗਿਆ। ਉਸ ਦੀ ਸਿਤਾਰ ਦੇ ਤਾਰ ਤੁਣਕ ਗਏ। ਨਾਰਦ ਦੀ ਵੀਣਾ ਚੁੱਪ ਹੋ ਗਈ, ਕ੍ਰਿਸ਼ਨ ਦੀ ਬੰਸਰੀ ਰੁਕ ਗਈ, ਧ੍ਰੂਵ ਦਾ ਸੰਖ ਡਿਗ ਪਿਆ। ਸ਼ਿਵਾਂ ਦਾ ਡੌਰੂ ਗੁੰਗਾ ਹੋ ਗਿਆ। ਮਹਾਤਮਾ ਪੰਡਿਤ ਜੀ ਜਾ ਰਹੇ ਹਨ, ਨਾਲ ਪੁਸਤਕਾਂ ਦਾ ਲੱਦਿਆ ਗੱਡਾ ਜਾ ਰਿਹਾ ਹੈ। ਪਰੰਤੂ, ਪੰਡਿਤ ਜੀ ਨੇ ਇਨ੍ਹਾਂ ਅਮੋਲਕ ਪੁਸਤਕਾਂ ਨੂੰ ਗੱਡੇ ਸਮੇਤ ਆਪਣੇ ਸਿਰ ਤੇ ਚੁੱਕਿਆ ਹੋਇਆ ਹੈ। ਔਹ ਕੀ ਹੋਇਆ? ਇਹ ਕੀ ਦਿੱਸਿਆ? ਅਮੋਲਕ ਗ੍ਰੰਥ-ਵੇਦ ਦਰਸ਼ਨ ਆਦਿ ਪੰਡਿਤ ਜੀ ਦੇ ਸਿਰੋਂ ਡਿੱਗ ਪਏ? ਗੱਡਾ ਖ਼ੜ ਖ਼ੜ ਕਰਦਾ ਗੰਗਾ ਵਿਚ ਰੁੜ੍ਹ ਗਿਆ। ਸਭ ਕੁੱਝ ਜਲ ਵਿਚ ਪ੍ਰਵਾਹ ਕਰ ਦਿੱਤਾ। ਪੰਡਿਤ ਜੀ ਦਾ ਸਾਧਾਰਣ ਸਰੀਰ ਹਵਾ ਵਿਚ ਮਾਨੋ ਘੁਲ ਗਿਆ। ਨੱਚਣ ਲੱਗ ਗਏ। ਚੰਨ ਨਾਲ, ਸੂਰਜ ਨਾਲ, ਹੱਥ ਵਿਚ ਹੱਥ ਪਾ ਕੇ, ਨੱਚਦੇ ਹੋਏ, ਪੌਣ ਵਾਂਗ ਸਮੁੰਦਰ ਦੀਆਂ ਲਹਿਰਾਂ ਵਿਚ ਬ੍ਰਹਮ-ਕਾਂਤੀ ਨਾਲ ਜਾ ਮਿਲੇ।

ਹਲ ਚਲਾਉਂਦਾ ਕਿਸਾਨ ਰਹਿ ਗਿਆ। ਬੱਕਰੀਆਂ ਮੱਝਾਂ ਚਾਰਦਾ ਚਾਰਦਾ ਉਹ ਕੋਈ ਹੋਰ ਵੀ ਉਵੇਂ ਲੀਨ ਹੋ ਗਿਆ। ਜੁੱਤੀਆਂ ਗੰਢਦਾ ਗੰਢਦਾ ਇਕ ਕੋਈ ਹੋਰ ਮਰ ਮਿਟਿਆ। ਭੋਗ ਵਿਲਾਸ ਦੀਆਂ ਚੀਜ਼ਾਂ ਕੋਲ ਪਈਆਂ ਹਨ। ਉੱਚੇ ਮਹੱਲਾਂ ਵਿਚੋਂ ਨਿਕਲ, ਸੁਨਹਿਰੇ ਪਲੰਘ ਉਤੋਂ ਢਹਿ, ਉਹ ਰੇਤ ਵਿਚ ਕੌਣ ਲੇਟ ਗਿਆ। ਸਿਰੋਂ ਤਾਜ ਉਤਾਰ, ਨੰਗੇ ਸਿਰ, ਨੰਗੇ ਪੈਰ ਉਹ ਅਲਖ ਜਗਾਉਂਦਾ ਕੌਣ ਫਿਰਦਾ ਹੈ ? ਮਰ ਮੁਕਟ ਤਿਆਗ, ਸਿਰ ਤੇ ਕੰਡੇ ਸਜਾਈ ਸੂਲੀ ਦੀ ਨੰਗੀ ਧਾਰ ਤੇ ਮਿੱਠੀ ਨੀਂਦ ਉਹ ਰਾਮ ਦਾ ਕਿਹੜਾ ਲਾਡਲਾ ਸੁੱਤਾ ਹੈ ? ਤਾਰਿਆਂ ਵਾਂਗ ਕਦੀ ਮੈਂ ਟੁੱਟਿਆ, ਕਦੀ ਤੂੰ ਟੁੱਟਿਆ ! ਕਦੇ ਇਸ ਦੀ ਵਾਰੀ ਆਈ, ਕਦੀ ਉਸ ਦੀ ਵਾਰੀ ਆਈ। ਮੀਰਾਂ ਬਾਈ ਬ੍ਰਹਮ-ਕਾਂਤੀ ਦਾ ਅਣਮੋਲ ਚਿੰਨ੍ਹ ਹੋ ਗਈ। ਗਾਰਗੀ ਨੇ ਬ੍ਰਹਮ-ਕਾਂਤੀ ਦੀ ਲਾਟ ਨੂੰ ਆਪਣੀ ਅੱਖ ਵਿਚ ਧਾਰ ਲਿਆ। ਵੇਦ ਨੇ ਬ੍ਰਹਮ-ਕਾਂਤੀ ਦੇ ਦਰਸ਼ਨ ਰੂਪ ਨੂੰ ਆਪਣੀ ਝੋਲੀ ਪਾ ਲਿਆ।

ਹਾਇ ! ਬ੍ਰਹਮ-ਕਾਂਤੀ ਦੇ ਅਨੰਤ ਪ੍ਰਕਾਸ਼ ਵਿਚ ਮੇਰੇ ਲਈ ਹਨੇਰਾ ਰਿਹਾ। ਡਾਢਾ ਅਤਿਆਚਾਰ ਹੈ - ਗੰਗਾ ਜਲ ਤਾਂ ਹੋਵੇ ਸੀਤਲ, ਪਰ ਮੇਰਾ ਮਨ ਅਪਵਿੱਤਰਤਾ ਦੇ ਭਾਵਾਂ ਨਾਲ ਭਰਿਆ ਪੋਹ-ਮਾਘ ਦੀਆਂ ਠੰਡੀਆਂ ਰਾਤਾਂ ਵਿਚ ਵੀ ਆਪਣੇ ਕਾਲੇ ਕਾਲੇ ਵਿਚਾਰਾਂ ਦੇ ਨਾਗਾਂ ਦਾ ਡਸਿਆ ਸੜ ਰਿਹਾ ਹੋਵੇ, ਤੜਪ ਰਿਹਾ ਹੋਵੇ। ਅਪਵਿੱਤਰਤਾ ਦਾ ਪਰਦਾ ਜਦੋਂ ਅੱਖਾਂ ਤੇ ਪਿਆ ਹੋਵੇ ਤਾਂ ਭਲਾ ਕਿਵ ਹੋਵੇ ? ਹਿਮਾਲਾ ਦੀ ਬਰਫ ਹੋਵੇ ਦੁੱਧ ਚਿੱਟੀ ਤੇ ਮੇਰਾ ਮਨ ਕਾਲਾ ! ਹਰੀ ਹਰੀ ਘਾਹ ਵੀ ਨਰਮ ਹੋਵੇ, ਪਰ ਮੇਰਾ ਦਿਲ ਹੋਵੇ ਕਠੋਰ ! ਪੱਥਰ, ਰੇਤ, ਕੁਸ਼ਾ ਜਲ ਇਹ ਵੀ ਹੋਣ ਪਵਿੱਤਰ, ਪਰ ਮੇਰੀ ਗਤੀ ਇਨ੍ਹਾਂ ਜੇਹੀ ਨਾ ਹੋਵੇ। ਫੁੱਲਾਂ ਵਿਚ ਵੀ ਹੋਵੇ ਸੁਗੰਧੀ ਮਿੱਟੀ ਵਿਚ ਵੀ ਹੋਵੇ ਸੁਗੰਧੀ ਪਰ ਮੇਰੇ ਨੇਤਰ, ਮੇਰੇ ਬੋਲ ਤੇ ਹੋਰ ਸਾਰੇ ਅੰਗਾਂ ਵਿਚ ਪਸਰੀ ਹੋਵੇ ਦੁਰਗੰਧੀ ? ਪੱਥਰਾਂ ਦੇ ਪਹਾੜਾਂ, ਘਾਹ ਦੇ ਜੰਗਲਾਂ ਤੇ ਪਾਣੀ ਦੇ ਝਰਨਿਆਂ ਨੂੰ ਵੇਖ ਕੇ ਮਹਾਂਰਿਸ਼ੀ ਵੀ ਬੋਲ ਉੱਠਣ 'ਸਰਵ ਖਲਵਿਦ ਬ੍ਰਹਮ', ਪਰ ਮੈਨੂੰ ਵੇਖ ਕੇ ਉਨ੍ਹਾਂ ਨੂੰ ਵੀ ਕਦੇ ਕਦੇ ਸ਼ੱਕ ਹੋ ਜਾਵੇ ਤੇ ਉਨ੍ਹਾਂ ਦੇ ਅੰਦਰ ਵੀ ਸੁਆਲ ਉਠੇ ਕਿ ਬ੍ਰਹਮ ਨੂੰ ਵਿਸਾਰ ਕਿਵੇਂ ਬੈਠਾ ?

ਇਂਜ ਕਿਵੇਂ ਨਿਭੇਗੀ ? ਹਾਇ, ਇਹ ਅਪਵਿੱਤਰਤਾ ਮੇਰੇ ਵਿਚ ਕਿਥੋਂ ਆ ਗਈ ? ਕਿਉਂ ਆ ਗਈ ? ਬ੍ਰਹਮ ਨੂੰ ਕਲੰਕੀ ਕਰ ਰਹੀ ਹੈ, ਬ੍ਰਹਮ-ਕਾਂਤੀ ਦੀ ਅਟੱਲ ਸ਼ੋਭਾ ਨੂੰ ਵੀ ਇਕ ਜ਼ਰਾ ਜਿੰਨੇ ਬੱਦਲ ਨੇ ਕੱਜ ਲਿਆ। ਇਕ ਮੋਤੀਆ-ਬਿੰਦ ਦੇ ਦਾਣੇ ਨੇ ਗੁੰਮ ਕਰ ਦਿੱਤਾ। ਅਪਵਿੱਤਰਤਾ ਅੱਖਾਂ ਵਿਚ

ਰਹਿੰਦਿਆਂ ਕਿਵੇਂ ਹੋ ਸਕਦਾ ਹੈ ਉਹ ਹੈ ਵਿਦਿਆ-ਦਰਸ਼ਨ ? ਕਿਵੇਂ ਸਫਲ ਹੋਵੇ ਮਨੁੱਖਾ ਜਨਮ ? ਰਾਜ ਦੁਲਾਰੇ ! ਇਹ ਕੀ ਹੋਇਆ ਕਿ ਸਾਰੀ ਦੀ ਸਾਰੀ ਸਲਤਨਤ ਖੁੱਸ ਗਈ। ਦਰ ਦਰ ਗਲੀ ਗਲੀ ਧੱਕੇ ਖਾ ਰਿਹਾ ਹੈ, ਕੋਈ ਲੱਤ ਮਾਰਦਾ ਹੈ, ਕੋਈ ਵੱਟਾ ਕਦੀ ਏਥੇ ਸੱਟ ਵੱਜਦੀ ਹੈ ਤਾਂ ਕਦੀ ਓਥੇ, ਕਦੀ ਇਸ ਰੋਗ ਨੇ ਕੋਹਿਆ ਕਦੀ ਉਸ ਰੋਗ ਨੇ, ਸਾਰਾ ਦਿਨ, ਸਾਰੀ ਰਾਤ ਰੋਗੀ ਹੋ ਪਲੰਘ ਤੇ ਚੜ੍ਹੇ ਰਹਿਣਾ ਵੀ ਕੋਈ ਜ਼ਿੰਦਗੀ ਹੋਈ ? ਮਰਨ ਤੋਂ ਪਹਿਲਾਂ ਮੌਤ ਦੇ ਡਰ ਨਾਲ ਹਜ਼ਾਰ ਵਾਰ ਕਰਦੇ ਰਹਿਣਾ ਵੀ ਕੋਈ ਜੀਵਨ ਹੈ ? ਸਦਾ ਤ੍ਰਿਸ਼ਨਾ ਦੇ ਜਾਲ ਵਿਚ ਫੜਕ ਫੜਕ ਨਾ ਜੀਣਾ, ਨਾ ਮਰਨਾ, ਭਲਾ ਕੀ ਸੁਖ ਹੋਇਆ।

ਕਿਹੜਾ ਕੁਲਯੁਗ ਮੇਰੇ ਮਨ ਵਿਚ ਭੂਤ ਵਾਂਗ ਆ ਵੱਸਿਆ ਕਿ ਮੈਨੂੰ ਸਭ ਕੁਝ ਹੀ ਭੁਲਾ ਦਿੱਤਾ। ਖੁਸ਼ ਹੋ ਹੋ ਕੇ ਜੂਆ ਖੇਡਣ ਲਗ ਪਿਆ। ਆਪਣੀ ਆਤਮਾ ਨੂੰ ਵੀ ਹਾਰ ਬੈਠਾ, ਆਪਣੀਆਂ ਅੱਖਾਂ ਆਪੇ ਹੀ ਭੰਨ ਹੁਣ ਰੋਂਦਾ ਹੈ ਤਾਂ ਕਿਉਂ ? ਹੁਣ ਤਾਂ ਤੇਰੀ ਅਰਜ਼ੋਈ ਸੁਨਣ ਵਾਲਾ ਕੋਈ ਨਹੀਂ। ਏਸੇ ਅਪਵਿੱਤਰਤਾ ਦੇ ਅਨ੍ਹੇਰੇ ਨੂੰ ਜਿਵੇਂ ਕਿਵੇਂ ਉਜਲਾਉਣਾ ਹੈ ਏਸੇ ਕਲੰਕ ਨੂੰ ਧੋਣਾ ਹੈ। ਏਸ ਮੋਤੀਆ ਬਿੰਦ ਨੂੰ ਕਢਵਾਉਣਾ ਹੈ। ਮੈਂ ਭਾਰਤ ਨਿਵਾਸੀ ਕਿਵੇਂ ਹੋ ਸਕਦਾ ਹਾਂ, ਜਿਸ ਨੇ ਤੀਰਥਾਂ ਤੇ ਵੀ, ਜਿਨ੍ਹਾਂ ਤੀਰਥਾਂ ਦੀ ਯਾਤ੍ਰਾ ਨਾਲ, ਸੁਣਦੇ ਹਾਂ ਅਪਵਿੱਤਰਤਾ ਦਾ ਕਲੰਕ ਦੂਰ ਹੋ ਜਾਂਦਾ ਸੀ, ਕਾਲੇ ਸੰਕਲਪਾਂ ਦੇ ਨਾਗ, ਹਰ ਕਿਸੇ ਨੇ ਡੰਗਣ ਲਈ ਛੱਡ ਰਖੇ ਨੇ ਤੇ ਇਸੇ ਨੂੰ ਲੀਲਾ ਮੰਨ ਕੇ ਰੋਂਦਿਆਂ ਵਾਂਗ ਹੱਸਦਾ ਹਾਂ।

ਇਹ ਅਨ੍ਹੇਰੇ ਦੇ ਬੱਦਲ ਕਦੀ ਉੱਡਣਗੇ ? ਪਵਿੱਤਰਤਾ ਦਾ ਸੂਰਜ ਮੇਰੇ ਅੰਦਰੋਂ ਕਦੋਂ ਉਗੇਗਾ। ਮੇਰੇ ਕੰਨਾਂ ਵਿਚ ਧੀਮੀ ਜੇਹੀ ਭਿਣਕ ਪਈ ਕਿ ਭਾਰਤ ਉਦੈ ਹੋਇਆ। ਹਾਇ, ਭਾਰਤ ਦਾ ਉਦੈ ਕਿੱਥੇ ! ਜਦੋਂ ਮੇਰੇ ਦਿਲ ਵਿਚ ਤਾਂ ਅਜੇ ਅਪਵਿੱਤਰਤਾ ਦੀ ਰਾਤ ਹੈ; ਜਦੋਂ ਅਜੇ ਮੈਂ ਹਿਮਾਲਾ, ਗੰਗਾ, ਵਿੰਧਯਾਚਲ, ਸਤਪੁੜਾ ਅਤੇ ਗੋਵਰਧਨ ਨੂੰ ਆਪਣੀਆਂ ਅੱਖਾਂ ਦੇ ਹਨ੍ਹੇਰੇ ਨਾਲ ਕੱਜ ਰਖਿਆ ਹੈ। ਭਾਰਤ ਤਾਂ ਸਦਾ ਹੀ ਬ੍ਰਹਮ-ਕਾਂਤੀ ਵਿਚ ਵਾਸ ਕਰਦਾ ਹੈ, ਭਾਰਤ ਤਾਂ ਬ੍ਰਹਮ-ਕਾਂਤੀ ਦਾ ਇਕ ਚਮਕਦਾ ਦਮਕਦਾ ਸੂਰਜ ਹੈ। ਜਦੋਂ ਬ੍ਰਹਮ-ਕਾਂਤੀ ਦੇ ਦਰਸ਼ਨ ਨ ਹੋਣ ਤਾਂ ਭਾਰਤ ਦਾ ਪਤਾ ਕਿੱਥੋਂ ਲੱਗੇ। ਭਾਰਤ ਦੀ ਮਹਿਮਾਂ ਪਵਿੱਤਰਤਾ ਦੇ ਆਦਰਸ਼ ਵਿਚ ਹੈ। ਬ੍ਰਹਮ-ਕਾਂਤੀ ਪਵਿੱਤਰ, ਗ੍ਰਹਿਸਥੀ ਪਵਿੱਤਰ, ਬਾਣਪ੍ਰਸਥ ਪਵਿੱਤਰ, ਸੰਨਿਆਸੀ ਪਵਿੱਤਰ, ਬ੍ਰਹਮ-ਕਾਂਤੀ ਦੇ ਦਰਸ਼ਨ ਕਰਨਾ ਕਰਾਣਾ ਭਾਰਤ ਦਾ ਜੀਵਨ ਹੈ। ਪਵਿੱਤਰਤਾ ਦਾ ਦੇਸ਼, ਭਾਰਤ ਵਾਸੀਆਂ ਦਾ ਦੇਸ਼ ਹੈ, ਜਿਥੇ ਬ੍ਰਹਮ-ਕਾਂਤੀ ਦਾ ਮਾਨ ਹੁੰਦਾ ਹੈ, ਖੁਲ੍ਹੇ ਦਰਸ਼ਨ ਹੁੰਦੇ ਹਨ। ਭਲਾ ਹੱਡ ਮਾਸ ਦੇ ਚੰਮ ਤੇ ਸਰੀਰਾਂ ਅਤੇ ਹਜ਼ਾਰਾਂ ਮੀਲ

ਲੰਮੀ ਚੌੜੀ ਮੁਰਦਾ ਕੀਤੀ ਹੋਈ ਜ਼ਮੀਨ ਨਾਲ ਵੀ ਕਦੇ ਭਾਰਤ ਬਣਦਾ ਹੈ ! ਮਖੌਲ ਦੇ ਚੋਚਲਿਆਂ ਚੋਂ ਕੀ ਪ੍ਰਾਪਤ ! ਭਾਰਤ ਤਾਂ ਕੇਵਲ ਦਿਲ ਦੀ ਬਸਤੀ ਹੈ। ਬ੍ਰਹਮ-ਕਾਂਤੀ ਦਾ ਜਾਣੋਂ ਕੇਂਦਰ ਭਾਰਤ ਨਿਵਾਸੀਆਂ ਦਾ ਰਾਜ ਤਾਂ ਅਧਿਆਤਮਿਕ ਜਗਤ ਤੇ ਹੈ। ਜੇ ਇਹ ਰਾਜ ਨਾ ਹੋਇਆ ਤਾਂ ਮੁਰਦਾ ਧਰਤੀ ਤੇ ਰਾਜ ਕਿਸ ਕੰਮ ? ਸੜ ਨਾ ਜਾਣ ਉਹ ਮਹੱਲ ਜਿੱਥੇ ਬ੍ਰਹਮ-ਕਾਂਤੀ ਨਾਲ ਚਾਨਣ ਨਾ ਹੋਵੇ। ਗੋਲੀ ਲੱਗ ਜਾਵੇ ਉਨ੍ਹਾਂ ਦੇ ਦਿਲਾਂ ਨੂੰ ਜਿੱਥੇ ਪ੍ਰੇਮ ਤੇ ਪਵਿੱਤਰਤਾ ਦੀ ਅਟੱਲ ਜੋਤ ਨਹੀਂ ਜਗ ਮਗ ਕਰਦੀ।ਅਜਿਹੇ ਬੇਰਸ ਬੇਸੁਆਦ ਫਲਾਂ ਦੀ ਉਡੀਕ ਤੋਂ ਕੀ ਲਾਭ ਜੇ ਵੇਖਣ ਵਿਚ ਤਾਂ ਚੰਗੇ ਹੋਣ ਪਰ ਜਦੋਂ ਯਤਨ ਨਾਲ ਬਾਗ ਲਾਈਏ, ਫਲ ਪਕਾਈਏ ਤਾਂ ਕੰਡੇ ਬਣ ਜਾਣ। ਚਲੋ ਚੱਲੀਏ ਆਪਣੇ ਸੱਚੇ ਦੇਸ਼ ਨੂੰ, ਇਸ ਵਿਦੇਸ਼ ਵਿਚ ਰਹਿਣ, ਜੁੱਤੀਆਂ ਖਾਣ ਦਾ ਕੀ ਲਾਭ ? ਆਪਣੇ ਘਰ ਵਲ ਮੂੰਹ ਮੋੜੋ ! ਬਾਹਰ ਕੀ ਨੱਸਦੇ ਹੋ ?

ਪਵਿੱਤਰਤਾ ਦਾ ਸਰੂਪ

ਪਵਿੱਤਰਤਾ ਦਾ ਚਿੰਤਨ ਕਰਦਿਆਂ ਮੇਰੇ ਮਨ ਦੇ ਕਮਰੇ ਦੀਆਂ ਦੀਵਾਰਾਂ ਤੇ ਜੋ ਚਿੱਤਰ ਲਟਕ ਜਾਂਦੇ ਹਨ, ਉਨ੍ਹਾਂ ਦਾ ਵਰਨਣ ਕਰਨਾ ਹੀ, ਲੇਖਕ ਲਈ ਤਾਂ ਪਵਿੱਤਰਤਾ ਦਾ ਸਰੂਪ ਦਰਸਾਉਣਾ ਹੈ, ਲੇਖਕ ਇਸ ਕਮਰੇ ਵਿਚ ਕਈ ਵਾਰ ਘੰਟਿਆਂ ਬੱਧੀ ਇਨ੍ਹਾਂ ਚਿਤਰਾਂ ਦੇ ਚਰਨਾਂ ਵਿਚ ਬੈਠਿਆ ਹੈ - ਇਨ੍ਹਾਂ ਚਿਤਰਾਂ ਦੀ ਪੂਜਾ ਕੀਤੀ ਹੈ ਤੇ ਜਿਨਾ ਬਣਿਆਂ ਇਨ੍ਹਾਂ ਦੇ ਸਰੂਪ ਥੀਂ ਪਵਿੱਤਰਤਾ ਦੇ ਸਰੂਪ ਦਾ ਅਨੁਭਵ ਕੀਤਾ ਹੈ। ਚਿੱਤਰਾਂ ਦਾ, ਜੋ ਲੇਖਕ ਨੇ ਆਪਣੇ ਇਸ ਮੂਰਤੀ-ਮੰਦਰ ਵਿਚ ਰੱਖੇ ਨੇ, ਬਿਆਨ ਤਾਂ ਇਸ ਲੇਖ ਵਿਚ ਹੋ ਹੀ ਨਹੀਂ ਸਕਦਾ, ਪਰ ਜਿਨਾ ਕੁ ਹੋ ਸਕਦਾ ਹੈ ਸੰਖੇਪ ਵਿਚ ਉਤਨਾ ਅਰਪਣ ਕਰਦਾ ਹਾਂ :-

(1) ਇੱਕ ਉੱਚਾ ਪਰਬਤ ਹੈ, ਆਸੇ ਪਾਸੇ ਸੁਹਾਉਣੇ ਦੇਵਦਾਰ ਦੇ ਜੰਗਲ ਹੇਠਾਂ ਤੀਕ ਖੜੇ ਹਨ, ਮੀਲਾਂ ਲੰਮੀ ਬਰਫ ਪਈ ਹੈ, ਉਸ ਦੇ ਪੈਰੀਂ ਨਦੀਆਂ ਕਲੋਲ ਕਰ ਰਹੀਆਂ ਹਨ। ਇਸ ਦੇ ਸਿਖਰ ਕੋਈ ਇਕ ਮੀਲ ਲੰਮੇ, ਇਕ ਦੋ, ਪੱਧਰੀ ਬਰਫ ਦੇ ਕੁੰਡ ਵੀ ਹਨ, ਉਪਰ ਨੀਲਾ ਆਕਾਸ਼ ਡਲਕ ਰਿਹਾ ਹੈ ਪੁੰਨਿਆ ਦਾ ਚੰਨ ਖਿੜਿਆ ਹੈ। ਠੰਡਕ ਸ਼ਾਂਤੀ ਤੇ ਸਤੋਗੁਣ ਬਰਸ ਰਹੇ ਸਨ। ਸੁਖ-ਆਸਣ ਬੈਠ ਤਾੜੀ ਲਾ, ਖੁਲ੍ਹੀਆਂ ਅੱਖਾਂ ਨਾਲ ਮੈਂ ਇਹ ਸ਼ੋਭਾ ਤਕ ਰਿਹਾ ਹਾਂ। ਅੱਖੀਆਂ ਖੁਲ੍ਹੀਆਂ ਵੀ ਜੁੜ ਗਈਆਂ ਹਨ। ਪਲਕ ਝਪਕਣੇ ਦੀ ਵਿਹਲ

ਨਹੀਂ, ਮੂੰਹ ਅੱਡਿਆ ਰਹਿ ਗਿਆ ਹੈ, ਮੀਟਣ ਦੀ ਫੁਰਸਤ ਨਹੀਂ ਮਿਲੀ। ਪਰਾਣਾਂ ਦੀ ਗਤੀ ਦਾ ਪਤਾ ਨਹੀਂ। ਏਸ ਆਪਣੇ ਹੀ ਚਿੱਤਰ ਸਮੇਂ ਘੜੀਆਂ ਬੀਤ ਜਾਂਦੀਆਂ ਹਨ। ਪਾਠਕ ਜੀ ! ਬੈਠ ਜਾਓ, ਮੇਰੀ ਥਾਂ ਆਪਣੇ ਆਪ ਨੂੰ ਬਿਠਾ ਲਵੋ ਤੇ ਵੇਖੋ ਜਦੋਂ ਤੋੜੀ ਤੁਹਾਡਾ ਜੀਅ ਚਾਹੇ।

(2) ਗੰਗਾ ਦਾ ਕੰਢਾ ਹੈ, ਇਕ ਸ਼ਿਲਾ ਤੇ ਭਰਥਰੀ ਹਰੀ ਜੀ ਬੈਠੇ ਹਨ। ਪਦਮਾਸਣ ਲਾਇਆ ਹੈ, ਬ੍ਰਹਮ-ਸਿਮਰਣ ਵਿਚ ਲੀਨ ਹਨ। ਉਨ੍ਹਾਂ ਦੀਆਂ ਮੀਚੀਆਂ ਅੱਖਾਂ ਵਿਚੋਂ ਇਕ ਦੋ ਅਥਰੂ, ਪ੍ਰੇਮ ਦੇ, ਡਲ੍ਹਕ ਕੇ, ਉਨ੍ਹਾਂ ਦੇ ਤੇਜ ਭਰੇ ਮੁਖੜੇ ਤੇ ਜੰਮ ਗਏ ਹਨ। ਹਰਨ ਜੰਗਲ 'ਚ ਨੱਸਦੇ ਆਏ ਤੇ ਉਨ੍ਹਾਂ ਦੇ ਸਰੀਰ ਨੂੰ ਵੀ ਸ਼ਿਲਾ ਜਾਣ ਆਪਣੇ ਸਿੰਗਾਂ ਨਾਲ ਖੁਜਲਾਣ ਲਗ ਪਏ। ਆਕਾਸ਼ ਵਿਚੋਂ ਇਕ ਪਿਆਸੀ ਚਿੜੀ ਆਈ ਤੇ ਇਸ ਲਾਲ ਸ਼ਿਲਾ ਤੇ ਗੰਗਾ-ਜਲ ਦੀਆਂ ਬੂੰਦਾਂ ਨੂੰ ਦੇਖ ਆਪਣੀ ਪੀਲੀ ਚੁੰਝ ਨਾਲ ਪੀ ਰਹੀ ਹੈ। ਇਤਨੇ ਵਿਚ ਭਰਥਰੀ ਹਰੀ ਦੀ ਸਮਾਧੀ ਖੁਲ੍ਹੀ। ਭੋਲੇਪਣ, ਅਨੰਦ, ਹੈਰਾਨੀ ਦੀ ਭਰੀ ਹੋਈ (ਅੱਖ) ਪਤਾ ਨਹੀਂ ਕਿੱਥੇ ਕਿੱਥੇ ਘੁੰਮ ਦੇਖ ਆਈ ਹੈ। ਮੈਨੂੰ ਅਤੇ ਚੁਗਿਰਦੇ ਦੀਆਂ ਚੀਜ਼ਾਂ ਨੂੰ ਕਿਵੇਂ ਵੀ ਦੇਖ ਹੀ ਨਹੀਂ ਰਹੀ ਸੀ। ਉਨ੍ਹਾਂ ਦੇ ਗਲੇ 'ਚੋਂ ਸੁਭਾਵਿਕ ਹੀ 'ਸ਼ਿਵ, ਸ਼ਿਵ' ਦੀ ਆਵਾਜ਼ ਆਈ। ਮੈਂ ਕੋਲ ਬੈਠਾ ਸਾਂ। ਉਨ੍ਹਾਂ ਦੇ ਦਰਸ਼ਨ ਕਰਦਿਆਂ ਮੇਰੇ ਲੂੰਅ ਲੂੰਅ ਵਿਚ ਸੀਤਲਦਾ ਤੇ ਸਤੋਗੁਣ ਦੀ ਬਹਾਰ ਹੋ ਗਈ। ਉਨ੍ਹਾਂ ਦੀ ਧੁਨੀ ਦੀ ਗੁੰਜਾਰ ਵਗਦੀ ਗੰਗਾ ਦੇ ਅਲਾਪ ਵਿਚ ਸੁਣਾਈ ਦੇ ਰਹੀ ਹੈ, ਅਦਭੁਤ ਸਮਾਂ ਹੈ। ਦੇਖੋ ਇਸ ਚਿੱਤਰ ਨੂੰ, ਬੈਠ ਜਾਓ।

(3) ਹਰੀ ਹਰੀ ਘਾਹ ਦੇ ਇਕ ਬੜੇ ਲੰਮੇ ਚੌੜੇ ਮੈਦਾਨ ਵਿਚਕਾਰ ਦੁੱਧ ਰੰਗੀ ਇਕ ਨਦੀ ਵਹਿ ਰਹੀ ਹੈ। ਉਸ ਦਾ ਜਲ ਨਿਰਮਲ ਹੈ, ਛੋਟੇ ਛੋਟੇ ਮਿਟਿਆਲੇ ਕਾਲੇ, ਪੀਲੇ ਤੇ ਨੀਲੇ ਨਿੱਕੇ ਮੋਟੇ ਸਾਲਗ੍ਰਾਮ ਟੁਭੀ ਲਾਈ ਬੈਠੇ ਹਨ। ਕਿੰਨੇ ਹੀ ਬਾਲਕ ਨੰਗ-ਧੜੰਗੇ ਕਿਲ-ਕਿਲੀਆਂ ਮਾਰਦੇ ਕੰਢੇ ਉੱਤੋਂ ਕੁੱਦ ਕੁੱਦ ਕੇ ਨਹਾ ਰਹੇ ਹਨ। ਕਈ ਤੈਰ ਰਹੇ ਹਨ। ਉਨ੍ਹਾਂ ਦੇ ਚਿੱਟੇ ਚਿੱਟੇ ਪੀਲੇ ਪੀਲੇ ਸਰੀਰਾਂ ਤੇ ਕੁਝ ਤਾਂ ਜਲ ਦੀ ਡਲ੍ਹਕ ਹੈ ਤੇ ਕੁਝ ਸੂਰਜ ਕਿਰਨਾਂ ਦੀ ਝਲਕ। ਇਨ੍ਹਾਂ ਸਰੀਰਾਂ 'ਚੋਂ ਸੁਗੰਧ ਆ ਰਹੀ ਹੈ। ਮੈਥੋਂ ਨਾ ਰਿਹਾ ਗਿਆ। ਕਪੜੇ ਉਤਾਰ ਨੰਗਾ ਹੋ, ਮੈਂ ਵੀ ਕੁੱਦਣਾ ਸ਼ੁਰੂ ਕਰ ਦਿੱਤਾ। ਪਾਠਕ ਜੀ, ਜੇਕਰ ਤੁਹਾਡਾ ਜੀ ਚਾਹੇ ਤਾਂ ਕਪੜੇ ਲਾਹ ਦਿਓ ਤੇ ਇਸ ਠੰਢੇ ਜਲ ਵਿਚ ਕੁੱਦ ਪਵੋ, ਉਨ੍ਹਾਂ ਬਾਲਕਾਂ ਵਾਂਗ ਇਸ਼ਨਾਨ ਕਰੋ। ਮੈਂ ਵੀ ਕਦੇ ਕਦੇ ਬਾਹਰ ਆ ਕੇ ਨਰਮ ਰੇਤ ਦੇ ਬਿਸਤਰੇ ਤੇ ਲੇਟਦਾ ਸਾਂ। ਕੁਝ ਸਰੀਰ ਤੇ ਮਲਦਾ ਸਾਂ, ਕੁਝ ਕੇਸਾਂ ਵਿਚ ਪਾ ਲੈਂਦਾ ਸਾਂ। ਕਦੀ ਧੁੱਪ ਵਿਚ ਬੈਠਿਆ ਕਦੀ ਗੋਤਾ ਲਗਾਇਆ। ਕਹੋ ਤਾਂ ਹੁਣ ਹਾਲ ਕੀ ਹੈ।

(4) ਇਕ ਹੋਰ ਚਿੱਤਰ ਲਟਕ ਰਿਹਾ ਹੈ। ਇਸ ਦੇ ਦੇਖਦਿਆਂ ਪਤਾ ਨਹੀਂ ਕੀ ਹੋਇਆ ? ਕਾਲੀ ਰਾਤ ਹੋ ਗਈ, ਹੱਥ ਪਸਾਰਿਆਂ ਵੀ ਕੁਝ ਨਹੀਂ ਸੁਝਦਾ ਸੀ ਪਰ ਥੋੜ੍ਹੀ ਦੇਰ ਵਿਚ ਹੀ ਤਾਰਿਆਂ ਦੀ ਨਿੰਮ੍ਹੀ ਨਿੰਮ੍ਹੀ ਲੋਅ ਚਿੱਤਰਕਾਰ ਦੇ ਹੱਥਾਂ ਵਿਚੋਂ ਝਰਨ ਲਗ ਪਈ ਹੈ। ਉੱਪਰ ਦਾ ਆਕਾਸ਼ ਗਹਿਣਿਆਂ ਲੱਦੀ ਵਹੁਟੀ ਵਾਂਗ ਇਸ ਇਕਾਂਤ ਵਿਚ ਆ ਖੜਾ ਹੈ। ਇਸ ਚਿੱਤਰਕਾਰ ਦੀ ਪ੍ਰਸ਼ੰਸਾ ਕਰਦੇ ਕਰਦੇ ਮੈਂ ਵੀ ਰੁਕ ਗਿਆ ਤੇ ਕਈ ਘੰਟੇ ਖਲੋਤਾ ਰਿਹਾ। ਇਸ ਚਿੱਤਰਕਾਰ ਦੇ ਬੁਰਸ਼ ਦਾ ਉਲੀਕਿਆ ਇਕ ਹੋਰ ਵੀ ਅਦਭੁਤ ਚਿੱਤਰ ਨਾਲੋ ਨਾਲ ਵੇਖਿਆ। ਬੁਰਸ਼ ਦਾ ਕੋਈ ਅਜਿਹਾ ਇਸ਼ਾਰਾ ਹੋਇਆ ਕਿ ਇਸ ਦੂਜੇ ਚਿੱਤਰ ਵਿਚ ਕਾਲੀ ਹਨੇਰੀ ਰਾਤ ਨੱਸਦੀ ਜਾਪਣ ਲਗੀ ਤੇ ਕੋਈ ਅਜੇਹਾ ਵਿਦਿਆ ਕਲਾ ਦਾ ਗੋਲਾ ਚਲਿਆ ਕਿ ਸਾਰੇ ਤਾਰਾ-ਮੰਡਲ ਵਾਲੇ ਆਪਣੀਆਂ ਆਪਣੀਆਂ ਪਾਲਕੀਆਂ ਵਿਚ ਸਵਾਰ ਹੋ ਬੜੇ ਵੇਗ ਨਾਲ ਨੱਸ ਰਹੇ ਹਨ। ਮੈਂ ਇਹ ਕੌਤਕ ਵੇਖ ਹੀ ਰਿਹਾ ਸਾਂ ਕਿ ਅਚਾਨਕ ਰਾਤ ਕਿਧਰੇ ਹੈ ਹੀ ਨਹੀਂ ਸੀ ਅਤੇ ਪਰਬਤਾਂ ਦੇ ਪਿਛੇ ਲਾਲ ਲਾਲ ਸੂਰਜ ਨਿਕਲ ਆਇਆ ਸੀ। ਅੰਮ੍ਰਿਤ ਵੇਲਾ ਹੋ ਗਿਆ, ਘੜਿਆਲ ਵੱਜ ਗਏ, ਫੁੱਲ ਖਿੜੇ, ਹਵਾ ਚਲੀ, ਪੰਛੀ ਆਪਣੀਆਂ ਸਿਤਾਰਾਂ ਸੰਭਾਲ ਮੱਧ-ਆਕਾਸ਼ ਵਿਚ 'ਆਸ਼ਾ' ਅਲਾਪਣ ਲੱਗੇ, ਪਸ਼ੂ ਧੌਣਾਂ ਨਿਵਾਈ ਤ੍ਰੇਲ ਨਾਲ ਭਰੀ ਹਰੀ ਹਰੀ ਘਾਹ ਚਰਨ ਲਗ ਪਏ। ਨਦੀਆਂ ਜਾਣੋਂ ਇਕ ਦਮ ਆਪਣੇ ਘਰਾਂ ਤੋਂ ਵੱਗ ਟੁਰੀਆਂ, ਮੈਂ ਤੇ ਮੇਰੀ ਪਤਨੀ ਨਾਲ ਨਾਲ ਜਾ ਰਹੇ ਹਾਂ ਅਤੇ ਕਦੀ ਇਸ ਸ਼ੋਭਾ ਨੂੰ, ਕਦੇ ਇਕ ਦੂਜੇ ਨੂੰ ਤਕਦੇ ਹਾਂ। ਪਾਠਕ ਜੀ, ਉਠੋ ਹੁਣ ਸਵੇਰਾ ਹੋ ਗਿਆ।

(5) ਕੁਝ ਸਾਮਗ੍ਰੀ ਦਾ ਢੇਰ ਲਗਿਆ ਹੈ। ਮਣਾਂ ਮੂੰਹ ਪਈ ਸੀ। ਅਗਨੀ ਜਗੀ। ਹਵਨ ਕੁੰਡ 'ਚੋਂ ਲੰਮੀਆਂ ਲੰਮੀਆਂ ਲਾਟਾਂ ਉਠਣ ਲੱਗੀਆਂ। ਅਸੀਂ ਦੋਵੇਂ ਦੇਖ ਰਹੇ ਹਾਂ। ਅਜੇਹੀ ਪਵਿੱਤਰਤਾ ਦਾ ਉਪਦੇਸ਼ ਅਸੀਂ ਕਿਸੇ ਗਿਰਜੇ ਮੰਦਰ ਵਿਚ ਕਦੇ ਨਹੀਂ ਸੁਣਿਆ।

(6) ਹੁਣ ਮੇਰੇ ਨੇਤਰ ਜੋ ਜ਼ਰਾ ਪਰਤੇ ਤਾਂ ਕੀ ਦੇਖਦੇ ਹਾਂ ਕਿ ਇਕ ਟੁੱਟੇ-ਭੱਜੇ ਮਿੱਟੀ ਦੇ ਕੰਢਿਆਂ ਵਾਲਾ ਕੁੰਡ ਹੈ। ਉਸ ਦੇ ਸਬਜ਼ ਕਾਈ ਉੱਗ ਰਹੀ ਹੈ, ਤੇ ਕੁਝ ਇਸੇ ਪ੍ਰਕਾਰ ਦੇ ਬੂਟੇ ਆਪਣੀਆਂ ਲੰਮੀਆਂ ਲੰਮੀਆਂ ਡਾਲੀਆਂ ਦੀ, ਤਲਾਅ ਦੇ ਕੁਝ ਕੁ ਹਿੱਸਿਆਂ ਤੇ, ਛਤਰੀ ਪਸਾਰ ਰਹੇ ਹਨ। ਐਪਰ ਸਾਰੇ ਤਲਾਅ ਉਤੇ ਕੰਵਲ ਫੁੱਲ ਆਪਣੇ ਚੌੜੇ ਚੌੜੇ ਹਰੇ ਹਰੇ ਪੱਤਿਆਂ ਦੇ ਸਿੰਘਾਸਨ ਉਤੇ, ਸਾਰੀ ਦੁਨੀਆਂ ਦੇ ਰਾਜ-ਸਿੰਘਾਸਨਾਂ ਨੂੰ ਮਾਤ ਪਾਉਂਦੇ, ਆਪਣੇ ਸੁਗੰਧਿਤ ਗੌਰਵ ਵਿਚ ਪ੍ਰਸੰਨ-ਚਿੱਤ ਬਿਰਾਜ ਰਹੇ ਹਨ। ਜੇ ਪਵਿੱਤਰਤਾ ਦੇ ਸਰੂਪ ਨੂੰ ਦੇਖਣਾ ਹੈ ਤਾਂ ਪਾਠਕ ਜੀ, ਕਿਉਂ ਨਹੀਂ ਅੰਮ੍ਰਿਤ ਵੇਲੇ ਇਨ੍ਹਾਂ ਨੂੰ ਦੇਖਦੇ। ਪੁਸਤਕਾਂ ਵਿਚ ਤੇ ਮੇਰੇ ਲੇਖਾਂ ਵਿਚ ਕੀ ਪਿਆ ਹੈ ?

(7) ਵਾਹ ਉਏ ਚਿਤਰਕਾਰਾ ! ਸ਼ਾਬਾਸ਼ ਹੈ ਤੇਰੀ ਅਨੂਠੀ ਕਲਾ ਨੂੰ, ਜਿਸ ਨੇ ਇਸ ਚਿੱਤਰ ਵਿਚ ਪਤਾ ਨਹੀਂ ਕਿਵੇਂ ਵਿਰਾਟ ਸਰੂਪ ਭਗਵਾਨ ਨੂੰ ਲਿਆ ਟੰਗਿਆ। ਸਾਰੇ ਦਾ ਸਾਰਾ ਵਿਰਾਟ ਸਰੂਪ ਜਗਤ ਦਿਖਾਇਆ ਹੈ, ਤੇ ਉਹ ਵੀ ਕਿਸੇ ਦੀ ਅੱਖ ਵਿਚ, ਪਰ ਕਿਸ ਕਲਾ ਨਾਲ ਦਿਖਾਇਆ ਹੈ, ਨਾ ਤਾਂ ਅੱਖ ਦਿਸਦੀ ਹੈ, ਨਾ ਅੱਖ ਵਾਲੇ ਦੇ ਕਿਧਰੇ ਦਰਸ਼ਨ ਹੁੰਦੇ ਹਨ, ਕੇਵਲ ਵਿਰਾਟ ਸਰੂਪ ਹੀ ਦਿਸਦਾ ਹੈ। ਮੈਨੂੰ ਕ੍ਰਿਸ਼ਨ ਜੀ ਮਹਾਰਾਜ ਦਾ ਚੇਤਾ ਆਇਆ। ਉਨ੍ਹਾਂ ਦੇ ਮੁਖ ਨੂੰ ਦੇਖਿਆ, ਪਰ ਉਨ੍ਹਾਂ ਦਾ ਚਿੱਤਰ ਅਜੇਹੀ ਕਲਾ ਨਾਲ ਸੰਜੁਗਤ ਨਹੀਂ। ਕਿਉਂਕਿ ਨਾਲੋਂ ਨਾਲ ਦੇਖਣ ਵਾਲਾ ਵੀ ਦਿਸ ਰਿਹਾ ਹੈ। ਇਸ ਅਦਭੁਤ ਚਿੱਤਰ ਦੇ ਅੰਦਰ ਹੀ ਅੰਦਰ ਗੁਪਤ ਢੰਗ ਨਾਲ ਲਿਖਿਆ ਹੈ 'ਪਵਿੱਤਰਾ'। ਇਸ ਸ਼ਬਦ ਨੂੰ ਲਭਣਾ ਹੈ ਜਦ ਤੋੜੀ ਇਹ ਲੱਭ ਨਾ ਲਈਏ ਏਸ ਚਿੱਤਰ ਨੂੰ ਕਿਸ ਤਰ੍ਹਾਂ ਛਡ ਸਕਦਾ ਹਾਂ, ਜੱਛ ਪਾਸ ਖੜਾ ਹੈ। ਚਿੱਤਰਕਾਰ ਨੇ ਆਪਣੇ ਇਸ ਚਿੱਤਰਾਂ ਦੇ ਦਰਸ਼ਨ ਦਾ ਇਹੋ ਮੁੱਖ ਰਖਿਆ ਹੈ, ਜੇਕਰ ਅਗੇ ਵਧਦਾ ਹਾਂ ਤਾਂ ਸਾਹ ਘੁਟਿਆ ਜਾਂਦਾ ਹੈ। ਅਜੇਹਾ ਨਾ ਹੋਵੇ ਕਿ ਯੁਧਿਸ਼ਟਰ ਰਾਜ-ਅਧਿਰਾਜ ਦੇ ਭਰਾਵਾਂ ਵਾਂਗ ਇਸ ਚਿਤਰ ਨੂੰ ਦੇਖਣ ਦਾ ਮੁੱਲ ਮੌਤ ਹੀ ਹੋਵੇ। ਮੈਂ ਇਸ ਗੁਪਤ ਸ਼ਬਦ ਨੂੰ ਲੱਭਣਾ ਜ਼ਰੂਰ ਹੈ, ਨਾ ਲਭਾਂ ਤਾਂ ਮੌਤ ਹੋ ਜਾਵੇਗੀ ਦੁਖ ਹੋਵੇਗਾ, ਭੱਲਾ ਅਜੇਹੇ ਚਿੱਤਰ ਨੂੰ ਦੇਖਣਾ ਤੇ ਉਸ ਦੇ ਦਰਸ਼ਨਾਂ ਦੀ ਸ਼ਰਤ ਨਾ ਪੂਰਨਾ ਅਜੇਹਾ ਹੀ ਤਾਂ ਪਾਪ ਹੈ ਕਿ ਮੌਤ ਆ ਜਾਵੇ।

ਉਪਰ ਆਏ ਚਿੱਤਰ, ਸਾਧਾਰਣ ਤੌਰ ਤੇ, ਕੁੱਝ ਮੁਸ਼ਕਲ ਵੀ ਹੋਣਗੇ। ਤੇ ਜੇਕਰ ਪਵਿੱਤਰਤਾ ਦਾ ਸਰੂਪ ਨਾ ਵੀ ਪ੍ਰਤੱਖ ਹੋ ਸਕੇ ਤਾਂ ਹੇਠ ਦੱਸੇ ਹੋਰਨਾਂ ਚਿੱਤਰਾਂ ਦੇ ਦਰਸ਼ਨਾਂ ਰਾਹੀਂ ਮੈਂ ਕਈਆਂ ਨੂੰ ਪਵਿੱਤਰਤਾ ਦਾ ਅਨੁਭਵ ਹੁੰਦਾ ਅਸਲੋਂ ਦੇਖਿਆ ਹੈ।

(8) ਇਕ ਟੁੱਟਾ ਭਜਾ ਕੱਚੀਆਂ ਇੱਟਾਂ ਦਾ ਘਰ ਹੈ। ਕੰਧਾਂ ਇਸ ਦੀਆਂ ਮਿੱਟੀ ਨਾਲ ਪੋਚੀਆਂ ਹਨ। ਇਸ ਦੀ ਛੱਤ ਘਾਹ ਦੇ ਕੱਖਾਂ ਕਾਨਿਆਂ ਦੀ ਬਣੀ ਹੋਈ ਹੈ। ਕਿਸੇ ਪੰਛੀ ਦਾ ਆਲ੍ਹਣਾ ਨਹੀਂ, ਘਰ ਚੋਖਾ ਵੱਡਾ ਹੈ। ਬੂਹਾ ਇਸ ਦਾ ਬਹੁਤ ਛੋਟਾ ਹੈ। ਜ਼ਰਾ ਆਪਣੇ ਕੱਦ ਨੂੰ ਸੰਗੋੜ ਕੇ ਜਾਣਾ ਹੋਵੇਗਾ ਸਿਰ ਝੁਕਾ ਕੇ ਅੰਦਰ ਵੜਨਾ ਪਵੇਗਾ। ਇਸ ਦੇ ਅੰਦਰ ਕੇਹੀ ਪ੍ਰਭੂ-ਜੋਤ ਨਾਲ ਚਮਕਦੀ ਇਕ ਦੇਵੀ ਬੈਠੀ ਹੈ। ਉਸ ਨੇ ਮੈਨੂੰ ਨਹੀਂ ਦੇਖਿਆ ਨਾ ਤੁਹਾਨੂੰ ਬੈਠ ਜਾਓ। ਇਸ ਦੀ ਗੋਦੀ ਵਿਚ ਇਕ ਛੇ ਮਹੀਨੇ ਦਾ, ਚੰਦ ਜੇਹੇ ਮੁਖੜੇ ਵਾਲਾ, ਬਾਲ ਹੈ ਜਿਸ ਦੀਆਂ ਸਫ਼ੈਦ ਸਫ਼ੈਦ ਗਲ੍ਹਾਂ ਤੇ ਕਾਲੇ ਕਾਲੇ ਕੇਸ ਲਿਪਟ ਰਹੇ ਹਨ। ਇਹ ਬੱਚਾ ਦੁੱਧ ਚੁੰਘਦਾ ਚੁੰਘਦਾ ਸੌਂ ਗਿਆ ਹੈ। ਇਹ ਉਹ ਵਿਦਿਆ ਸੁੰਦਰਤਾ ਨਾਲ ਸਜੀ ਸੁੰਦਰ ਇਸ ਅਮੋਲਕ ਬਾਲ ਦੀ ਮਾਤਾ ਹੈ। ਆਪਣੇ ਅਤਿਅੰਤ ਪ੍ਰੇਮ ਨੂੰ ਦਿਲ

ਵਿਚੋਂ ਵਗਾ ਵਗਾ ਕੇ ਅੱਖੀਆਂ ਰਾਹੀਂ ਇਸ ਸੁੱਤੇ ਬਾਲਕ ਤੇ ਚਿੱਟੀ ਜੋਤ ਦੀਆਂ ਕਿਰਨਾਂ ਵਾਂਗ ਵਰ੍ਹਾ ਰਹੀ ਹੈ ਇਸ ਪ੍ਰੇਮ ਨੂਰ ਦੀ ਝੜੀ ਵੱਸਦੀ ਸਾਫ ਪ੍ਰਤੀਤ ਹੁੰਦੀ ਹੈ। ਇਹ ਮਰੀਅਮ ਤੇ ਈਸਾ ਹਨ, ਇਸ ਮਰੀਅਮ ਨੇ ਘਰ ਘਰ ਅਵਤਾਰ ਲਿਆ ਹੈ। ਘਰ ਘਰ ਇਹ ਅਣਮੁੱਲਾ ਈਸਾ ਇਵੇਂ ਹੀ ਆਪਣੀ ਮਾਂ ਦੀ ਗੋਦੀ ਵਿਚ ਸੁੱਤਾ ਹੈ। ਰੈਫ਼ਲ ਜੇਹੇ ਵੈਦ ਤੇ ਸਰਬਕਲਾ-ਪੂਰਣ ਚਿੱਤਰਕਾਰਾਂ ਨੇ ਆਪਣੇ ਸਰਬਸ ਨੂੰ, ਇਸ ਚਿੱਤਰ ਦੀ ਪਵਿੱਤਰਤਾ ਦੇ, ਚਿੰਤਨ ਵਿਚ ਹਵਨ ਕਰ ਦਿੱਤਾ ਹੈ। ਸਾਰੀ ਉਮਰ ਇਸ ਦੀ ਪ੍ਰਸੰਸਾ ਕਰਦੇ ਕਰਦੇ ਬਿਤਾ ਦਿੱਤੀ। ਮਾਂ ਦੀ ਇਸ ਪਵਿੱਤਰਤਾ-ਰੂਪੀ ਨਜ਼ਰ ਦਾ ਧਿਆਨ ਕਰਦੇ ਕਰਦੇ, ਮਾਤਾ ਵਾਂਗ ਪਵਿੱਤਰ ਹਿਰਦੇ ਹੋ ਗਏ। ਮਾਂ ਦੇ ਇਸ ਰੂਪ ਵਿਚ ਲੱਖਾਂ ਪੁਰਸ਼ਾਂ ਨੇ ਜੀਵਨ ਦਾ ਬਪਤਿਸਮਾਂ ਲਿਆ। ਏਸ ਚਿੱਤਰ ਹੇਠ ਲਿਖਿਆ ਹੈ 'ਪਵਿੱਤਰਤਾ ਦਾ ਨਮੂਨਾ'। ਪਾਠਕ ਜੀ ! ਮੇਰੇ ਲੇਖ ਵਿਚ ਅੱਗੇ ਕੀ ਪਿਆ ਹੈ। ਜ਼ਰਾ ਆਪਣਾ ਬਿਸਤਰ ਖੋਲ੍ਹ ਲਵੋ, ਕਾਹਲੀ ਕਾਹਲੀ ਪੜ੍ਹਨ ਦੀ ਨਾ ਕਰੋ। ਹੋ ਸਕੇ ਤਾਂ ਇਸ ਝੁੱਗੀ ਵਿਚ ਦਿਨ ਰਾਤ ਰਹੋ ਤਾਂ ਸਹੀ। ਹੋਰ ਕਿਥੇ ਜਾਣਾ ਹੈ। ਇਸ ਦੇਵੀ ਦੇ ਚਰਨਾਂ ਵਿਚ ਬੈਠ ਜਾਓ। ਇਸ ਪਵਿੱਤਰ ਭਾਵ ਦੀ ਚਰਨ-ਧੂੜ ਨੂੰ ਆਪਣੇ ਅੰਦਰ ਦੇ ਸ਼ਰੀਰ ਤੇ ਮਲੋ। ਆਪਣੇ ਮਨ ਨੂੰ ਇਹੋ ਵਿਭੂਤੀ ਲਾ ਕੇ ਦੇਖੋ ! ਸ਼ਿਵ ਰੂਪ ਹੋ ਜਾਓਗੇ। ਮਰੀਅਮ ਤੇ ਉਸ ਦੇ ਬੱਚੇ ਦੀ ਤਸਵੀਰ ਹਜ਼ਾਰ ਵਾਰ ਵੇਖੀ ਹੋਵੇਗੀ। ਐਪਰ ਬੈਠ ਜਾਓ ! ਹਰ ਝੁੱਗੀ ਵਿਚ ਤੱਕੋ, ਅੰਦਰ ਕੌਣ ਬੈਠਾ ਹੈ।

(9) ਇਹ ਮਰੀਅਮ ਦਾ ਲਾਡਲਾ ਮਾਂ ਦਾ ਦੁੱਧ ਚੁੰਘ, ਮਾਂ ਦਾ ਅਥਾਹ ਪਿਆਰ ਪੁੱਤ ਜਵਾਨ ਹੋ ਗਿਆ ਹੈ ਲਿਟਾਂ ਉਸ ਦੇ ਮੋਢਿਆਂ ਤੇ ਲਟਕ ਰਹੀਆਂ ਹਨ ਉਸ ਦੇ ਰੂਪ ਤੇ ਅਦਭੁਤ ਤੇਜ ਹੈ। ਉਸ ਦੇ ਨੇਤਰ ਆਕਾਸ਼ ਵਲ ਉਠੇ ਹੋਏ ਹਨ। ਪਤਾ ਨਹੀਂ ਕਿਸ ਨੂੰ ਦੇਖ ਰਹੇ ਹਨ। ਇਸ ਦਾ ਮੱਥਾ ਮਘ ਰਿਹਾ ਹੈ। ਪਛਾਣੋ ਤਾਂ ਇਹ ਕੌਣ ਸਪੁੱਤਰ ਹੈ।

(10) ਸਮੁੰਦਰ ਦਾ ਪਾੜਾ ਵਿਚਕਾਰ ਹੈ। ਕਿਸੇ ਦੀ ਪਿਆਰੀ ਭੈਣ ਆਪਣੇ ਦੇਸ਼ ਵਿਚ ਸਮੁੰਦਰ ਦੇ ਕੰਢੇ ਖਲੋਤੀ ਹੈ, ਅਤੇ ਪਿਆਰਾ ਵੀਰ ਕਿਸੇ ਜਹਾਜ਼ ਨੂੰ ਲੈ ਕੇ ਕਿਸੇ ਹੋਰਨਾਂ ਦੇਸ਼ਾਂ ਨੂੰ ਗਿਆ ਹੋਇਆ ਹੈ। ਪਰ, ਇਹ ਭੈਣ ਹਰ ਰੋਜ਼ ਉਸ ਦੇ ਜਹਾਜ਼ ਨੂੰ ਦੇਖਣ ਦੀ ਆਸ ਵਿਚ ਸਮੁੰਦਰ ਦੇ ਵਿਸ਼ਾਲ ਵਿਸਥਾਰ ਨੂੰ ਘੰਟਿਆਂ ਬੱਧੀ ਵੇਖਦੀ ਰਹਿੰਦੀ ਹੈ, ਜ਼ਰਾ ਉਸ ਦੀ ਅੱਖ ਨੂੰ ਪੂਰੇ ਅਨੁਭਵ ਨਾਲ ਦੇਖਣਾ, ਕਦੇ ਕਦੇ ਉਸ ਇਕ ਅੱਥਰੂ ਨੂੰ ਵੀ ਦੇਖਣਾ ਜੋ ਉਨ੍ਹਾਂ ਅੱਖੀਆਂ ਵਿਚੋਂ ਕਿਰ ਕੇ ਸਮੁੰਦਰ ਦੇ ਜਲ ਵਿਚ ਘੁਲ ਮਿਲ ਜਾਂਦਾ ਹੈ, ਹੋ ਸਕੇ ਤਾਂ ਉਸ ਨੂੰ ਆਪਣੀ ਭੈਣ ਜਾਣ ਕੇ ਜ਼ਰਾ ਆਪਣੇ ਦਿਲ ਨੂੰ ਵੀ ਅਜ਼ਮਾ ਵੇਖਣਾ। ਇਹ ਵੀ ਪਿਘਲਦਾ ਹੈ ਕਿ ਨਹੀ ਔਹ ਜਹਾਜ਼ ਆਇਆ। ਸੀਟੀ ਵੱਜੀ, ਲੰਗਰ

ਪਿਆ। ਭਰਾ ਨੇ ਦੂਰੋਂ ਆਪਣੇ ਰੁਮਾਲ ਨੂੰ ਲਹਿਰਾ ਲਹਿਰਾ ਜੀਅ-ਜਾਨ ਨਾਲੋਂ ਪਿਆਰੀ ਭੈਣ ਨੂੰ ਨਮਸਕਾਰ ਕੀਤਾ। ਭੈਣ ਨੇ ਵੀ ਦੂਰੋਂ ਆਪਣੀਆਂ ਪਤਲੀਆਂ ਬਾਹਾਂ ਪਸਾਰ ਆਪਣੇ ਸੁਹਣੇ-ਸੁਹਣੇ ਹੱਥਾਂ ਨਾਲ ਆਪਣੇ ਵੀਰੇ ਦਾ ਸੁਆਗਤ ਕੀਤਾ, ਨਿਛਾਵਰ ਹੋਈ, ਏਨੇ ਨੂੰ ਭਾਈ ਭੈਣ ਦੋਵੇਂ ਇਕ ਦੂਜੇ ਦੇ ਗਲ ਲਗ ਕੇ ਰੋ ਪਏ ਇਸ ਚਿੱਤਰ ਦੇ ਹੇਠਾਂ ਲਿਖਿਆ ਸੀ "ਪਵਿੱਤਰਤਾ ਦਾ ਬੱਦਲ", ਛਮ ਛਮ ਛਮ ਛਮ, ਰਿਮ ਝਿਮ, ਰਿਮ ਝਿਮ।

(11) ਦੂਰ ਪਾਰ ਤੋਂ ਪਿਉ ਪੰਧ ਮਾਰ ਕੇ ਘਰ ਆਇਆ ਹੈ। ਔਹ ਧੀ ਨੱਸੀ ਬਾਹਰ ਆਈ ਹੈ। ਇਸ ਕੰਨਿਆ ਦੀ ਸਾੜ੍ਹੀ ਲੱਥ ਗਈ ਹੈ। ਇਸ ਤੇਜ਼ੀ ਨਾਲ ਨੱਸੀ ਹੈ ਕਿ ਖੁਲ੍ਹੇ ਕੇਸ ਪਿਛੇ ਰਹਿ ਗਏ ਜਾਪਦੇ ਹਨ। ਮੂੰਹ ਖੁਲ੍ਹਾ ਹੈ। ਬੋਲਿਆ ਕੁੱਝ ਜਾਂਦਾ ਨਹੀਂ। ਏਨੇ ਵਿਚ ਪਿਉ ਉਸ ਨੂੰ ਗਲ ਲਾ ਕੇ ਜਿਵੇਂ ਹੀ ਉਸ ਦੇ ਸਿਰ ਤੇ ਪਿਆਰ ਦੇਣ ਨੂੰ ਝੁਕਿਆ ਤਾਂ ਅੱਖਾਂ ਥੀਂ ਮੋਤੀਆਂ ਦਾ ਹਾਰ ਡਲ੍ਹਕ ਕੇ ਉਸ (ਧੀ) ਦੇ ਕੇਸਾਂ ਤੇ ਖਿੰਡ ਗਿਆ। ਇਹ ਮੋਤੀਆਂ ਦਾ ਹਾਰ ਇਸ ਚਿੱਤਰ ਵਿਚ ਕਿੰਨਾ ਸੁਹਾਵਣਾ ਲੱਗ ਰਿਹਾ ਹੈ?

(12) ਸੀਤਾ ਜੀ ਅਯੁੱਧਿਆ ਵਿਚ ਆਪਣੇ ਮਹੱਲ ਦੀਆਂ ਪੌੜੀਆਂ ਤੇ ਖਲੋਤੇ ਹਨ ਤੇ ਲਛਮਣ ਜੀ ਧਨੁੰਖਬਾਣ ਮੋਢੇ ਰੱਖੀਂ, ਸਿਰ ਝੁਕਾਈ, ਹੱਥ ਜੋੜੀ ਕੋਲ ਖੜੇ ਹਨ, ਉਨ੍ਹਾਂ ਦੇ ਚਰਨਾਂ ਵਲ ਵੇਖ ਰਹੇ ਹਨ ਅਤੇ ਸੀਤਾ ਜੀ ਦੇ ਮਨਮੋਹਕ ਬਚਨ ਤੇ ਉਨ੍ਹਾਂ ਦੀ ਆਗਿਆ ਸੁਣ ਰਹੇ ਹਨ।

(13) ਜੰਗਲ ਬੀਆਬਾਨ ਹੈ। ਲੰਮੇ ਲੰਮੇ ਰੁੱਖ ਖੜੇ ਹਨ। ਕੋਈ ਸੁੱਕੇ ਹਨ ਕੋਈ ਹਰੇ। ਸੱਤਿਆਵਾਨ ਜੀ ਮੋਢੇ ਕੁਹਾੜਾ ਰੱਖੀ ਅੱਗੇ ਅੱਗੇ ਜਾ ਰਹੇ ਹਨ। ਦੇਵੀ ਸਾਵਿਤ੍ਰੀ ਪਿੱਛੇ ਪਿੱਛੇ ਜਾ ਰਹੀ ਹੈ। ਇਕ ਥਾਂ ਦੋਵੇਂ ਬੈਠ ਗਏ ਹਨ। ਉਹ ਇਨ੍ਹਾਂ ਵਲ ਤੱਕਦੀ ਹੈ, ਇਹ ਉਸ ਵਲ ਤਕਦੇ ਹਨ। ਉਹ ਇਨ੍ਹਾਂ ਦੀ ਗੋਦੀ ਵਿਚ ਇਹ ਉਸ ਦੀ ਗੋਦੀ ਵਿਚ ਲੇਟ ਰਹੇ ਹਨ।

(14) ਨਦੀ ਦੇ ਇਕ ਇਕਾਂਤ ਅਸਥਾਨ ਵਿਚ ਬਹੁਤ ਸਾਰੀਆਂ ਕੁੜੀਆਂ ਤੀਵੀਆਂ, ਦੇਵੀਆਂ ਇਸ਼ਨਾਨ ਕਰ ਰਹੀਆਂ ਹਨ। ਸ਼ੁਕਦੇਵ ਜੀ ਕੋਲੋਂ ਦੀ ਲੰਘ ਰਹੇ ਹਨ। ਉਨ੍ਹਾਂ ਨੂੰ ਕੋਈ ਭੈ ਨਹੀਂ ਹੋਇਆ, ਉਹ ਜਿਉਂ ਦੀਆਂ ਤਿਉਂ ਖੁੱਲ੍ਹਮ-ਖੁੱਲ੍ਹਾ ਨੰਗੀਆਂ ਨਹਾ ਰਹੀਆਂ ਹਨ। ਨਦੀ ਦਾ ਪਾਣੀ ਆਨੰਦ ਨਾਲ ਕੁੱਦ ਰਿਹਾ ਹੈ, ਇਹ ਉੱਛਲ ਰਹੀਆਂ ਹਨ।

(15) ਔਹ ਰਾਜ ਬਾਲਕ ਧਰੂ, ਤਾੜੀ ਲਾਈ ਜੰਗਲ ਵਿਚ ਸ਼ੇਰਾਂ ਦੇ ਮੂੰਹ ਵਿਚ ਆਪਣੇ ਹੱਥ ਦੇ ਰਿਹਾ ਹੈ, ਖੇਡ ਕਰ ਰਿਹਾ ਹੈ। ਜਾਪਦਾ ਹੈ ਜਾਣੋਂ ਲਡ਼ ਰਿਹਾ ਹੈ।

(16) ਛੋਟੇ ਛੋਟੇ ਬਹੁਤ ਸਾਰੇ ਬੱਚੇ ਬੈਠੇ ਹਨ, ਪੁਸਤਕਾਂ ਹੱਥਾਂ ਵਿਚ ਹਨ ਤੇ ਪੜ੍ਹ ਰਹੇ ਹਨ, ਕਾਂ ਕਾਂ ਹੋ ਰਹੀ ਹੈ।

(17) ਇਕ ਨੌਜਵਾਨ ਹੈ, ਪਾਟੀ ਹੋਈ, ਬਿਨਾਂ ਬਟਨਾਂ ਦੀ, ਕਮੀਜ਼ ਗਲ ਵਿਚ ਹੈ। ਸਿਰੋਂ ਨੰਗਾ ਹੈ। ਪੈਰੋਂ ਨੰਗਾ ਹੈ। ਕਿਸੇ ਦੀ ਭਾਲ ਵਿਚ ਹੈ। ਚੌਹੀਂ ਪਾਸੀਂ ਦੇਖਦਾ ਹੈ। ਕਦੀ ਇਸ ਦਰਖਤ ਕਦੀ ਉਸ ਦਰਖਤ ਦੇ ਲਾਗੇ ਜਾ ਖਲੋਂਦਾ ਹੈ। ਰੋਂਦਾ ਹੈ। ਬ੍ਰਿਛ ਵੀ ਉਸ ਦੇ ਨਾਲ ਰੋ ਉਠਦੇ ਹਨ। ਪ੍ਰੇਮ ਦੀ ਬਿਹਬਲਤਾ ਵਿਚ ਉਹ ਡਿਗ ਪੈਂਦਾ ਹੈ। ਹੰਝੂ ਵਗ ਰਹੇ ਹਨ। ਧਰਤੀ ਦੀ ਧੂੜ ਉਸ ਦੇ ਵਾਲਾਂ ਵਿਚ ਬਿਭੂਤ ਵਾਂਗ ਰਚ ਗਈ ਹੈ। ਕਦੀ ਡਿਗਦਾ ਹੈ ਕਦੀ ਉਠਦਾ ਹੈ, ਕਦੀ ਬੱਦਲ ਨੂੰ ਦੇਖ ਉਸ ਨੂੰ ਜਾਂਦੇ ਜਾਂਦੇ ਨੂੰ ਖਲ੍ਹਾਰ ਲੈਂਦਾ ਹੈ। ਸ਼ਾਇਦ ਕਿਸੇ ਨੂੰ ਸੁਨੇਹੜਾ ਘਲ ਰਿਹਾ ਹੈ। ਨਦੀ ਨਾਲ, ਪੱਥਰਾਂ ਨਾਲ, ਪੰਛੀਆਂ ਨਾਲ, ਗੱਲਾਂ ਕਰਦਾ ਹੈ। ਹੁਣੇ ਏਥੇ ਸੀ ਤੇ ਹੁਣੇ ਨਹੀਂ ਹੈ।

(18) ਦਮਯੰਤੀ ਰਾਜ-ਹੰਸਾਂ ਪਾਸ ਖਲੋਤੀ ਨਲ ਦੀ ਉਡੀਕ ਕਰ ਰਹੀ ਹੈ। ਤੁਸੀਂ ਵੀ ਜ਼ਰਾ ਕੋਲ ਬੈਠ ਜਾਓ। ਤੁਹਾਡੀ ਮਾਂ ਹੈ, ਭੈਣ ਹੈ, ਦੇਵੀ ਹੈ।

(19) ਇਕ ਬੇਆਸਰਾ ਅਣਬੋਲ ਹੁਣੇ ਆਪਣੇ ਪ੍ਰਾਣ ਤਿਆਗ, ਇਕ ਦਰਖਤ ਹੇਠਾਂ, ਸੜਕ ਕਿਨਾਰੇ ਉਸ ਨੀਂਦ ਵਿਚ ਸੌਂ ਗਿਆ ਹੈ ਜਿਸ ਵਿਚੋਂ ਮੁੜ ਨਹੀਂ ਜਾਗੇਗਾ। ਆਪਣਾ ਸ਼ਰੀਰ ਤੁਹਾਡੇ ਹਵਾਲੇ ਕਰ ਗਿਆ। ਹੁਣ ਉਸ ਦਾ ਅੰਤਿਮ-ਸੰਸਕਾਰ ਤੁਸਾਂ ਕਰਨਾ ਹੈ।

(20) ਰਾਜਾ ਜਨਕ ਦੀ ਸਭਾ ਲੱਗੀ ਹੈ। ਰਿਸ਼ੀ ਲੋਕ ਬੈਠੇ ਹਨ। ਬ੍ਰਹਮ-ਵਾਦਿਨੀ ਗਾਰਗੀ ਅੱਖੀਆਂ ਵਿਚ ਕਪਿਲ ਵਾਲੀ ਲਾਲੀ ਲਈ ਖਲੋਤੀ ਹੈ। ਸਾਰੇ ਹੈਰਾਨ ਹੋ ਗਏ। ਗਾਰਗੀ ਨਿਰਬਸਤਰ ਹੈ, ਪਰ ਬਿਜਲੀ ਦੇ ਕੜਾਕੇ ਵਾਂਗ ਉਹ ਦੇਵੀ ਬੋਲ ਉੱਠੀ-ਜਾਓ, ਅਜੇ ਸਾਰੇ ਸ਼ੂਦਰ ਨੇ, ਚਮਾਰ ਨੇ। ਉਹ ਜਾ ਰਹੀ ਹੈ, ਆਕਾਸ਼ ਮੱਥਾ ਨਿਵਾਂਦਾ ਹੈ, ਧਰਤੀ ਕੰਬ ਰਹੀ ਹੈ।

(21) ਚਿਟੀ ਉੱਨ ਦੇ ਕੋਟ ਪਾਈ ਇਹ ਨਿੱਕੀਆਂ ਨਿੱਕੀਆਂ ਭੇਡਾਂ ਇਸ ਟੱਪਰੀ ਵਿਚ ਦਰਸ਼ਨ ਦੇ ਰਹੀਆਂ ਹਨ। ਕੋਈ ਖਲੋਤੀ, ਕੋਈ ਬੈਠੀ ਤੇ ਕੋਈ ਛਾਲਾਂ ਮਾਰ ਰਹੀ ਹੈ।

(22) ਕਿਹਾ ਸੁਹਾਉਣਾ ਅਰਬੀ ਘੋੜਾ ਖੜਾ ਹੈ, ਕਾਠੀ ਲਗਾਮ ਨਾਲ ਸਜਿਆ ਹੋਇਆ। ਸਵਾਰ ਲੜਾਈ ਵਿਚ ਸ਼ਹੀਦ ਹੋ ਗਿਆ ਹੈ। ਇਸ ਘਰ ਵਾਲਿਆਂ ਨੂੰ ਸੰਬੰਧੀਆਂ ਨੂੰ ਖ਼ਬਰ ਕਰਨ ਇਕੱਲਾ ਹੀ ਚਲਾ ਆਇਆ ਹੈ। ਦੁਲਦੁਲੇ-ਬੇਜਾਰ ਸਾਮ੍ਹਣੇ ਖਲੋਤਾ ਹੈ। ਕੌਣ ਇਸ ਅਨਾਥ ਘੋੜੇ ਨੂੰ ਵੇਖ ਕੇ ਰੋ ਨ ਉਠੇਗਾ। ਪਾਠਕ ਜੀ ! ਵੇਖੋ ਕੇਹਾ ਦਿਲ ਵਿਚਲੇ ਮੰਤਵ ਨੂੰ ਲਈ ਜਗਤ ਵਿਚ ਇੱਕੋ ਆਪਣੀ ਮਿਸਾਲ ਆਪ ਖੜਾ ਹੈ। ਮੂੰਹ ਨੀਵਾਂ ਕਰੀਂ ਕਿਸੇ ਦਰਦ ਨਾਲ ਵਿੰਨ੍ਹਿਆ ਜਾ ਰਿਹਾ ਹੈ।

(23) ਮੇਵਾੜ ਦੇਸ਼ ਦੀ ਮਹਾਰਾਣੀ, ਭਾਰਤਵਰਸ਼ ਦੀ ਜਾਨ, ਮੀਰਾਬਾਈ, ਰਾਜ ਤਿਆਗ ਕੇ ਧੂੜੀ ਵਿਚ ਬੈਠੀ ਹੈ। ਉਸ ਦੇ ਦਿਬ ਨੇਤਰ ਖੁਲ੍ਹੇ ਹਨ।

ਸਾਧਾਰਣ ਜਗਤ ਕੁੱਝ ਵੀ ਨਹੀਂ ਵੇਖ ਰਿਹਾ ਹੈ। ਏਨੇ ਵਿਚ ਰਾਜਾ ਜੀ ਨੇ ਮਸਤ ਹਾਥੀ ਦੌੜਾਇਆ ਕਿ ਇਸ ਦੇਵੀ ਨੂੰ ਲਤਾੜ ਸੁੱਟੇ। ਮੈਂ ਪਾਸ ਬੈਠਾ ਹਾਂ, ਕੀ ਵੇਖਦਾ ਹਾਂ, ਕਿ ਦੇਵੀ ਦੇ ਲਾਗੇ ਆਕੇ ਹਾਥੀ ਦੀ ਮਸਤੀ ਖੁੱਲ੍ਹ ਗਈ, ਉਨ੍ਹਾਂ ਦੇ ਚਰਨੀਂ ਮਥਾ ਟੇਕ ਕੇ ਉਹ ਚਲਾ ਗਿਆ। ਜਦ ਕਦੇ ਮੇਰਾ ਮਨ ਦੁਖੀ ਹੁੰਦਾ ਹੈ, ਮੈਂ ਏਥੇ ਆ ਕੇ ਇਸ ਦੇਵੀ ਦੇ ਚਰਨਾਂ ਦੀ ਧੂੜੀ ਲੈ ਆਪਣੇ ਮੱਥੇ, ਨਾਭੀ, ਦਿਲ ਉਤੇ, ਅੱਖਾਂ ਉਤੇ, ਸਿਰ ਵਿਚ ਲਾ ਉਨ੍ਹਾਂ ਨੂੰ ਪਵਿੱਤਰ ਕਰਦਾ ਹਾਂ।

(24) ਰਾਜਿਆਂ ਦੇ ਰਾਜ, ਰਾਜਧਾਨੀਆਂ ਦੀਆਂ ਰਾਜਧਾਨੀਆਂ ਨਸ਼ਟ ਹੋ ਗਈਆਂ। ਉਹ ਤਖ਼ਤ ਜਿਨ੍ਹਾਂ ਤੇ ਬਹਿੰਦੇ ਸੀ ਤਖਤੇ ਹੋ ਗਏ, ਮਿੱਟੀ ਵਿਚ ਮਿਲ ਗਏ, ਪਰ ਸਮੇਂ ਦਾ ਪ੍ਰਭਾਵ ਦੇਖੋ ! ਸਾਰੇ ਭਾਰਤ ਦੀ ਮਹਾਰਾਣੀ ਨੂਰਜਹਾਂ ਰਾਵੀ ਨਦੀ ਦੇ ਕੰਢੇ ਲਾਹੌਰ ਸ਼ਹਿਰ ਦੇ ਉਸ ਪਾਰ ਸਾਧਾਰਣ ਧਰਤੀ ਦੀ ਖੁੰਦਰਾ ਅੰਦਰ ਸੁੱਤੀ ਹੈ। ਕਦੀ ਕਦੀ ਉਠ ਕੇ ਇਕ ਨਜ਼ਰ ਇਸ ਸਾਰੇ ਦੇਸ਼ ਤੇ ਦੌੜਾਂਦੀ ਹੈ। ਹਰੀ ਕਾਹੀ ਰੋਜ਼ ਜਾ ਜਾ ਕੇ ਉਸ ਦੇ ਚਰਨੀ ਮੱਥਾ ਟੇਕਦੀ ਹੈ। ਗਰਮੀ ਦੀ ਰੁੱਤ ਰੰਗ ਬਰੰਗ ਦੇ ਪੱਤੇ ਉਸ ਤੇ ਵਰਸਾਉਂਦੀ ਹੈ। ਬਸੰਤ ਦੀ ਰੁੱਤ ਜਦ ਕਦੀ ਆਉਂਦੀ ਹੈ, ਸਿਰ ਤੇ ਫੁੱਲਾਂ ਦੀ ਵਰਸ਼ਾ ਕਰਦੀ ਹੈ। ਇਸ ਭਾਰਤ ਦੀ ਮਹਾਰਾਣੀ ਦੇ ਸਥਾਨ ਦੀ ਯਾਤ੍ਰਾ ਏਥੇ ਆ ਕੇ ਹੁੰਦੀ ਹੈ। ਮੈਨੂੰ ਆਪ ਅਸ਼ੀਰਵਾਦ ਦੇਂਦੀ ਹੈ ਤੇ ਆਪਣੀ ਮਲਿਕਾ ਦਾ ਦਰਸ਼ਨ ਕਰ ਕੇ ਮੈਂ ਅਨੋਖੇ ਭਾਵਾਂ ਨਾਲ ਭਰਪੂਰ ਆਪਣੇ ਪਾਠਕ ਦੇ ਮੂਹ ਵਲ ਵੇਖਦਾ ਹਾਂ।

(25) ਔਹ ਕੌਣ ਬੈਠੇ ਨੇ : ਕੰਵਲ ਦੇ ਫੁੱਲ ਦਾ ਸਿੰਘਾਸਣ ਹੈ, ਉਸ ਤੇ ਪਦਮਾਸਣ ਲਾਈ ਨਿਰਵਾਦ ਸਮਾਧੀ ਵਿਚ ਲੀਨ, ਕਪਿਲਵਸਤੂ ਦਾ ਰਾਜਕੁਮਾਰ ਬੈਠਾ ਹੈ। ਜਗਤ ਨੂੰ ਜਿੱਤ ਚੁੱਕਾ ਹੈ। ਰਾਜਿਆਂ ਦਾ ਰਾਜਾ ਹੈ; ਬੁੱਧ ਦੀਆਂ ਪਥਰ ਘੜੀਆਂ ਮੂਰਤੀਆਂ ਤਾਂ ਕੋਈ ਦੇਖੇ, ਉਹ ਵੀ ਅਦਭੁਤ ਹਨ। ਪਰ ਸਾਕਾ ਮੁਨੀ ਬੁੱਧ ਆਪ ਸਭਨਾਂ ਕੋਲੋਂ ਅਦਭੁਤ ਹੈ। ਦਰਸ਼ਨ ਦੁਰਲਭ ਤਾਂ ਨਹੀਂ, ਉਹ ਰੁਕਦੇ ਤਾਂ ਨਹੀਂ, ਉਨ੍ਹਾਂ ਨੂੰ ਤੁਹਾਡੀ ਖਬਰ ਵੀ ਨਹੀਂ। ਪਰ ਦਰਸ਼ਨ ਖੁੱਲ੍ਹੇ ਹੁੰਦੇ ਹਨ। ਜਿੱਥੇ ਬੁੱਧ ਜੀ ਦਾ ਚਿੱਤਰ ਹੈ ਉਹ ਮਨ ਪਵਿੱਤਰ ਹੈ, ਥਾਂ ਪਵਿੱਤਰ ਹੈ।

(26) ਕਿਸੇ ਪਿੰਡ ਦੀ ਇਕ ਗਲੀ ਹੈ, ਕਿਸਾਨ ਲੋਕੀ ਰਹਿੰਦੇ ਹਨ। ਔਹ ਕੌਣ ਆਇਆ ? ਜਿਸ ਨੂੰ ਵੇਖਦੇ ਸਾਰ ਸਭ ਨਰ-ਨਾਰੀ-ਬਾਲਕ ਘਰਾਂ ਤੋਂ ਬਾਹਰ ਨਿਕਲ ਆਏ। ਨੀਲੀ ਨੀਲੀ ਬਿਭੂਤੀ ਰਮਾਈ, ਇਕ ਹੱਥ ਵਿਚ ਭਿੱਖਿਆ ਦਾ ਖੱਪਰ ਦੂਜੇ ਨਾਲ ਪਾਰਬਤੀ ਨੂੰ ਫੜੀ, ਸਾਖਿਆਤ ਸ਼ਿਵ-ਪਾਰਬਤੀ ਆ ਰਹੇ ਨੇ। ਹੁਣ ਮੰਗਲ ਹੋਵੇਗਾ। ਸਭ ਨੂੰ ਵਰ ਮਿਲਣਗੇ। ਆਹ ਲਓ, ਸ਼ਿਵ ਜੀ ਨੇ ਸਿੰਗੀਨਾਦ ਵਜਾਇਆ। ਸੋਨੇ ਦੇ ਬਰਤਨਾਂ ਵਿਚ

ਢੁੱਧ ਭਰੀ ਪਿੰਡਾਂ ਦੀਆਂ ਇਸਤ੍ਰੀਆਂ ਭਿੱਖਿਆ ਦੇਣ ਆਈਆਂ ਹਨ। ਠਹਿਰਦੇ ਤਾਂ ਨਹੀਂ ਜਾ ਰਹੇ ਹਨ। ਮੰਗਲ, ਆਨੰਦ, ਸੁਖ ਦੀ ਵਰਖਾ ਕਰਦੇ ਜਾ ਰਹੇ ਹਨ।

(27) ਕਲਕੱਤੇ ਦੇ ਨੇੜੇ ਇਕ ਨੰਗਾ ਅਨਪੜ ਕਾਲੀ ਭਗਤ ਹੈ। ਕਾਲੀ ਭਗਤ ਕੀ? ਬ੍ਰਹਮ-ਕਾਂਤੀ ਨੂੰ ਦੇਖਣ ਵਾਲਾ ਕੋਈ ਫਕੀਰ ਹੈ। ਇਸ ਦੇ ਨੈਣ ਇਸ ਦਾ ਸਿਰ, ਮੇਰੇ ਤੇਰੇ ਨੈਣਾਂ ਤੇ ਸਿਰ ਕੋਲੋਂ ਨਿਰਾਲੇ ਹਨ। ਕਿਸੇ ਹੋਰ ਹੀ ਧਾਤੂ ਦੇ ਬਣੇ ਹੋਏ ਹਨ। ਮਾਮੂਲੀ ਸਾਧ ਨਹੀਂ, ਜੋ ਛੂ ਛੂ ਕਰਦੇ ਫਿਰਦੇ ਹਨ। ਇਕ ਕੋਈ ਇਸਤ੍ਰੀ ਆਈ। ਆਪ ਧਾ ਕੇ ਉਠੇ। ਮਾਤਾ ਕਹਿ ਕੇ ਉਸ ਦੇ ਚਰਨਾਂ ਤੇ ਸਿਰ ਰੱਖ ਦਿੱਤਾ। ਮੇਰੀਆਂ ਤੇਰੀਆਂ ਨਜ਼ਰਾਂ ਵਿਚ ਇਹ ਕੰਚਨੀ ਹੀ ਸੀ। ਪਰ ਰਾਮ-ਕ੍ਰਿਸ਼ਨ ਪਰਮ ਹੰਸ ਦੀ ਤਾਂ ਜਗਤ ਮਾਤਾ ਨਿਕਲੀ। ਦੇਖ ਕੇ ਮੇਰੀਆਂ ਅੱਖਾਂ ਵਹਿ ਤੁਰੀਆਂ, ਮੈਂ ਵੀ ਦੌੜ ਕੇ ਉਸ ਦੇ ਚਰਨਾ ਤੇ ਸੀਸ ਰੱਖ ਦਿੱਤਾ। ਉਦੋਂ ਚੁੱਕਿਆ, ਜਦ ਹੁਕਮ ਹੋਇਆ। ਨੰਗਿਓ ! ਤੁਸੀਂ ਕੀ ਦੇ ਰਹੇ ਹੋ? ਮੇਰੇ ਸਾਮ੍ਹਣੇ ਪਰਮ ਹੰਸ ਨੇ ਕੁੱਲ ਵਿਰਾਟ ਇਸ ਮਾਂ ਦੇ ਚਰਨੀ ਲਿਆ ਭੇਟਾ ਕਰ ਦਿੱਤਾ। ਅੱਖਾਂ ਖੋਲ੍ਹ ਦਿੱਤੀਆਂ। ਅਹੱਲਿਆ ਵਾਂਗ ਆਪਣਾ ਸਾਧਾਰਣ ਸਰੀਰ ਤਿਆਗ ਇਹ ਦੇਵੀ ਅਰਸ਼ਾਂ ਤੇ ਉਡ ਗਈ। ਕਹੋਗੇ "ਪੂਰਨ" ਤਾਂ ਮੂਰਤੀ ਪੂਜਕ ਹੋ ਗਿਆ? ਕੁਝ ਵੀ ਕਹੋ, ਮੇਰੇ ਮਨ ਦੀ ਕੋਠੜੀ ਅਜੇਹੀਆਂ ਮੂਰਤੀਆਂ ਨਾਲ ਭਰੀ ਪਈ ਹੈ। ਇਸ ਬੁੱਤ ਪਰਸਤੀ ਰਾਹੀਂ ਪਵਿੱਤਰਤਾ ਮਿਲਣ ਦੇ ਭਾਗ ਖੁਲ੍ਹਦੇ ਹਨ, ਪਵਿੱਤਰਤਾ ਨੂੰ ਅਨੁਭਵ ਕਰ ਕੇ ਬ੍ਰਹਮ-ਕਾਂਤੀ ਦੇ ਦਰਸ਼ਨ ਹੁੰਦੇ ਹਨ, ਕੰਗਾਲ ਤਾਂ ਮੈਂ ਹਾਂ ਜ਼ਰੂਰ ਤੇ ਮੇਰੇ ਵਿਚ ਕੋਈ ਚਿੱਤਰ ਖਰੀਦਣ ਦੀ ਸਮਰੱਥਾ ਨਹੀਂ, ਐਪਰ ਮਿੱਤਰੋ ! ਆਕਾਸ਼ ਉਤੋਂ ਇਕ ਦਿਨ ਅਣਮੋਲ ਚਿੱਤਰਾਂ ਦੀ ਵਰਸ਼ਾ ਹੋਈ ਸੀ। ਮੈਂ ਆਪਣੇ ਘਰ ਦੇ ਹੇਠੋਂ ਉਤੋਂ, ਵਿਹੜੇ 'ਚੋਂ, ਛੱਤ ਉਤੋਂ ਇਕੱਠੇ ਕਰ ਕੇ ਇਕੱਤਰ ਕਰ ਲਏ ਸਨ। ਪਹਿਲਾਂ ਤਾਂ ਰੱਖਣ ਦੀ ਥਾਂ ਨ ਸੀ ਪਰ ਜਦੋਂ ਪ੍ਰੇਮ ਨਾਲ ਮਨ ਦੀਆਂ ਦੀਵਾਰਾਂ ਤੇ ਟੰਗਣ ਲੱਗਾ ਤਾਂ ਕੀ ਵੇਖਦਾ ਹਾਂ ਕਿ ਮੇਰੇ ਮਨ ਵਿਚ ਤਾਂ ਅਨੰਤ ਥਾਂ ਹੈ, ਮਜ਼ੇ ਨਾਲ ਚਿੱਤਰ ਲਟਕ ਰਹੇ ਹਨ। ਸਜਣੋ ! ਸਾਰੇ ਵਿਰਾਟ ਨੂੰ ਲਟਕਾ ਕੇ ਮੈਂ ਵੇਖਿਆ ਕਿ ਹਾਲਾਂ ਵੀ ਮੇਰਾ ਕਮਰਾ ਖਾਲੀ ਦਾ ਖਾਲੀ ਹੀ ਸੀ।

ਅੱਜ-ਕੱਲ ਦੇ ਉਪਦੇਸ਼ੇ ਜਾ ਰਹੇ ਪਵਿੱਤਰਤਾ ਦੇ ਸਾਧਨਾਂ ਤੇ ਇਕ ਉਡਦੀ ਨਜ਼ਰ

ਪਿਆਰੇ ਪਾਠਕੋ ! ਪਹਿਲਾਂ ਤਾਂ ਮੈਂ ਇਹ ਜ਼ਾਹਰ ਕਰਨਾ ਹੈ ਕਿ ਇਸ ਸਿਰਲੇਖ ਹੇਠਾਂ ਆ ਕੇ ਜੇਕਰ ਕੋਈ ਇਸ ਦੇਸ਼ ਦੇ ਵੱਡੇ ਵੱਡੇ ਆਦਮੀ ਵੀ ਵਢੇ ਜਾਣ ਤਾਂ ਕਈ ਇਕ ਬੇਨਾਮ ਭਾਰਤ ਵਾਸੀਆਂ ਦੇ ਖਿਡੌਣੇ ਟੁੱਟ ਜਾਣ, ਜੇਕਰ ਕਈ ਇਕ ਬਾਗੀਆਂ ਵਾਲੇ ਵਿਚਾਰ ਅੱਜ-ਕੱਲ ਦੇ ਕਲਪਿਤ ਹਿੰਦੂ ਧਰਮ

ਵਿਰੁੱਧ ਯੁੱਧ ਦਾ ਝੰਡਾ ਉਠਾਣ, ਜੇਕਰ ਪ੍ਰਾਚੀਨ ਰਿਸ਼ੀਆਂ ਦੀ ਆਗਿਆ ਦਾ ਵੀ ਕਿਤੇ ਕਿਧਰੇ ਪਾਲਣ ਨਾ ਹੋ ਸਕੇ, ਜੇਕਰ ਸੋਮ ਨਾਥ ਦੇ ਮੁਰਦਿਆਂ ਤੇ ਰਿਸ਼ੀ ਕੇਸ਼ ਦੇ ਜਿਊਂਦੇ ਲੋਕਾਂ ਦੇ ਪੂਜਾ ਦੇ ਸਰੀਰਾਂ ਦਾ ਅੰਤ ਹੋ ਜਾਵੇ; ਕੁਝ ਵੀ ਹੋਵੇ, ਉਸ ਤੋਂ ਕਦੇ ਵੀ ਇਹ ਨਤੀਜਾ ਨਾ ਕੱਢਣਾ ਕਿ ਮੇਰਾ ਮਨਸ਼ਾ ਸੁਪਨੇ ਵਿਚ ਵੀ ਕਦੇ ਪ੍ਰਾਚੀਨ ਰਿਸ਼ੀਆਂ ਬ੍ਰਹਮ-ਕਾਂਤੀ ਵਿਚ ਵਸਣ ਵਾਲਿਆਂ ਦੀ ਆਗਿਆ ਨ ਪਾਲਣ ਕਰਨ ਦਾ ਹੈ ਜਾਂ ਉਨ੍ਹਾਂ ਦੇ ਉਪਦੇਸ਼ੇ ਹੋਏ ਆਦਰਸ਼ਾਂ ਨੂੰ ਤੋੜਨ ਦਾ ਹੈ ਜਾਂ ਕਈ ਟੋਕ ਟਕੋਰ ਲਾਉਣਾ ਮੈਨੂੰ ਪ੍ਰਵਾਨ ਹੈ ਜਾਂ ਕਦੀ ਉਨ੍ਹਾਂ ਨੂੰ ਸਾਮ੍ਹਣੇ ਮਿਲ ਕੇ ਸਿਰ ਨਿਵਾ ਕੇ ਨਮਸਕਾਰ ਕੀਤੇ ਬਿਨਾਂ ਲੰਘਣਾ ਜਾਂ ਕਿਸੇ ਵੀ ਤਰ੍ਹਾਂ ਦੇ ਆਪਣੇ ਦੇਸ਼-ਵਾਸੀਆਂ ਦੇ ਦਿਲ ਦੁਖਾਉਣਾ ਜਾਂ ਕਲੇਸ਼ ਦੇਣਾ ਹੈ। ਮੇਰਾ ਮਨਸ਼ਾ ਕੁਝ ਵੀ ਕਿਉਂ ਨਾ ਹੋਵੇ, ਪਰ ਉਹ ਕੁਝ ਕਿਸੇ ਹਾਲ ਵੀ ਨਹੀਂ ਜੋ ਉਪਰ ਗਿਣਾ ਆਇਆ ਹਾਂ।

ਦੁਨੀਆਂ ਕੀ ਛਤ ਪਰ ਖੁਸ਼ ਖੜਾ ਹੂੰ ਤਮਾਸ਼ਾ ਦੇਖਤਾ।।
ਗਾਹੇ ਬਗਾਹੇ ਦੇਤਾ ਰਹਾ ਹੂੰ ਵਹਿਸ਼ੀਓਂ ਕੀ ਸੀ ਸਦਾ॥

ਮੇਰੀ ਤਾਂ ਇਕ "ਵਹਿਸ਼ੀਓ ਕੀ ਸੀ ਸਦਾ ਹੈ" ਸੁਣੋ ਜਾਂ ਨ ਸੁਣੋ ਇਸ ਨਾਲ ਕੁਝ ਮਤਲਬ ਨਹੀਂ ਈਸ਼੍ਵਰ ਦੀ ਇਸ ਲੀਲਾ ਵਿਚ ਆਪ ਉਸ ਪਾਰ ਹੋ, ਮੈਂ ਇਸ ਪਾਰ ਹਾਂ। ਇਸ ਲਈ ਖਿਮਾ ਮੰਗ ਕੇ ਹੁਣ ਮੈਂ ਆਪਣੀ ਨਜ਼ਰ, ਆਪਣੇ ਅਜੇਹੇ ਹੀ ਮੰਨੇ ਪ੍ਰਮੰਨੇ ਦੇਸ਼ ਵਲ ਫੇਰ ਕੇ ਜੋ ਦੇਖਦਾ ਹਾਂ, ਉਹ ਨਿਧੜਕ ਕਹਿ ਦੇਂਦਾ ਹਾਂ।

ਤਿਆਗ, ਵੈਰਾਗ ਤੇ ਇਨ੍ਹਾਂ ਦੇ ਅਨਰਥ

ਦੇਸ਼ ਵਿਚ ਪਤਾ ਨਹੀਂ, ਕੀ ਜਾਣੀਏ, ਕਿਥੋਂ, ਕਿਧਰੋਂ, ਕਿਵੇਂ ਤੇ ਕਿਉਂ ਅਪਵਿੱਤਰਤਾ ਆ ਗਈ ਹੈ, ਕਿ ਸਾਡੇ ਹੱਥੀਂ ਰਿਸ਼ੀਆਂ ਦਾ ਏਡਾ ਵੱਡਾ ਆਦਰਸ਼-ਤਿਆਗ ਤੇ ਵੈਰਾਗ ਦਾ ਆਦਰਸ਼ ਮਲੀਆਮੇਟ ਹੋ ਗਿਆ ? ਮਹਾਤਮਾ ਬੁੱਧ ਨੇ ਤਿਆਗ ਕੀਤਾ, ਈਸਾ ਨੇ ਤਿਆਗ ਕੀਤਾ, ਸ਼ੰਕਰ ਨੇ ਤਿਆਗ ਕੀਤਾ, ਰਾਮ ਕ੍ਰਿਸ਼ਨ ਪਰਮ ਹੰਸ ਨੇ ਤਿਆਗ ਕੀਤਾ, ਸ੍ਵਾਮੀ ਦਯਾਨੰਦ ਨੇ ਤਿਆਗ ਕੀਤਾ, ਸ੍ਵਾਮੀ ਰਾਮ ਤੀਰਥ ਨੇ ਤਿਆਗ ਕੀਤਾ, ਭਰਥਰੀ ਹਰੀ ਨੇ ਤਿਆਗ ਕੀਤਾ, ਗੋਪੀ ਚੰਦ ਨੇ ਤਿਆਗ ਕੀਤਾ ਪੂਰਣ ਭਗਤ ਨੇ ਤਿਆਗ ਕੀਤਾ, ਤੇ ਵੈਰਾਗ ਦਾ ਬਾਣਾ ਲਿਆ। ਬਸ ਹੁਣ ਕਿਸਾਨ ਵੀ ਹਲ ਵਾਹੁਣ ਦਾ ਤਿਆਗ, ਉਨ੍ਹਾਂ ਜਿਹਾ ਰੂਪ ਸੰਵਾਰ ਚੱਲੇ ਗੰਗਾ-ਤੱਟ ਨੂੰ ਚੱਲੋ ਰਿਖੀਕੇਸ਼ ਨੂੰ। ਉਥੇ ਅੰਨ ਮੁਫਤ ਮਿਲਦਾ ਹੈ, ਛੋਟੇ ਛੋਟੇ ਬਾਲਕ ਤੇ

ਨੌਜਵਾਨ ਵੀ ਕੁੱਦੇ। ਆਹਾ ਹਾਂ ! ਆਦਰਸ਼ ਦੇ ਦਰਸ਼ਨ ਹੋਏ, ਕਮੀਜ਼ ਤੇ ਪਜਾਮਾ ਲਾਹ ਸੁਟਿਆ। ਜੋਸ਼ ਆਇਆ, ਵੈਰਾਗ ਆਇਆ, ਗੇਰੂਏ ਰੰਗ ਦੇ ਬਸਤਰ ਧਾਰਣ ਕਰੀ ਫਿਰ ਰਹੇ ਨੇ ਤੇ ਦਿਨ ਕਟਦਾ ਹੀ ਨਹੀਂ, ਰਾਤ ਲੰਘਦੀ ਹੀ ਨਹੀਂ, ਜੰਗਲ ਵੱਢ ਵੱਢ ਖਾਂਦਾ ਹੈ। ਇਕਾਂਤ ਭਾਉਂਦਾ ਹੀ ਨਹੀਂ। ਸਭਾਵਾਂ ਹੋਣ, ਪੁਲਪਿਟ (Pulpit) ਹੋਣ, ਕਾਲਿਜ ਹੋਣ, ਸਕੂਲ ਹੋਣ, ਆਪ ਆਪਣੇ ਆਪ ਦਾਨ ਨੂੰ ਤਿਆਰ ਹੋ। ਬਲੀਦਾਨ ਹੋ ਚੁਕਿਆ, ਯੱਗ ਹੋ ਗਿਆ। ਇਸਤ੍ਰੀ ਦਾ ਮੂੰਹ ਦੇਖਣਾ ਮੱਥੇ ਲੱਗਣਾ ਪਾਪ ਹੈ। ਬੜੇ ਬੜੇ ਵੈਰਾਗ ਦੇ ਗ੍ਰੰਥ ਖੋਲ੍ਹ, ਅਸੀਂ ਗੇਰੂਆ ਰੰਗੇ ਆਪਣੀਆਂ ਮਾਵਾਂ, ਭੈਣਾਂ ਤੇ ਧੀਆਂ ਨੂੰ ਨੰਗੀਆਂ ਕਰ, ਉਨ੍ਹਾਂ ਦੇ ਹੱਡ-ਮਾਸ ਦੀ ਨਸ ਨਸ ਗਿਣ ਕੇ ਉਨ੍ਹਾਂ ਦਾ ਅਪਮਾਨ ਕਰ ਰਹੇ ਹਾਂ ਕਿਉਂ ਭਾਈ ! ਬਿਨਾਂ ਇਸ ਦੇ ਭਲਾ ਵੈਰਾਗ ਤੇ ਬ੍ਰਹਮਚਰਜ ਦੀ ਪਾਲਣਾ ਕਦੋਂ ਹੁੰਦੀ ਹੈ ? ਵੈਰਾਗ ਤੇ ਤਿਆਗ ਦੇ ਉਪਦੇਸ਼ ਹੋ ਰਹੇ ਨੇ ਕਿ ਬੱਸ ਆਤਮਿਕ ਪਵਿੱਤਰਤਾ ਇਸੇ ਨਾਲ ਆਵੇਗੀ। ਜਗਤ ਬੱਸ ਜਿੱਤਿਆ ਕਿ ਜਿੱਤਿਆ, ਕਿਲ੍ਹਾ ਫਤਹਿ ਹੋ ਗਿਆ। ਆਪ ਦਾ ਬੋਲ ਬਾਲਾ ਹੋ ਗਿਆ।

ਨਹੀਂ ਪਿਆਰੇ ! ਜ਼ਰਾ ਰੁਕ ਜਾਓ, ਜ਼ਰਾ ਆਪਣੇ ਸਰੀਰ ਨੂੰ ਤੱਕੋ, ਜ਼ਰਾ ਬੁੱਧ ਦੇ ਸਰੀਰ ਵਲ ਦੇਖੋ। ਜ਼ਰਾ ਸ਼ੰਕਰ ਭਗਵਾਨ ਦੇ ਰੂਪ ਨੂੰ ਦੇਖੋ, ਜ਼ਰਾ ਬੜੇ ਮਹਾਤਮਾਵਾਂ ਦੇ ਸਰੀਰ ਵੇਖੋ, ਜੇਕਰ ਇਹ ਸਰੀਰ ਪਵਿੱਤਰ ਨੇ ਤਾਂ ਇਨ੍ਹਾਂ ਦੀ ਮਾਤਾ ਦਾ ਸਰੀਰ ਕਿਸ ਲਈ ਅਪਵਿੱਤਰ ਮੰਨ ਲਿਆ। ਜੇਕਰ ਇਨ੍ਹਾਂ ਸਭਨਾਂ ਨੂੰ ਪੀਤਾਂਬਰ ਪਹਿਨਾ ਕੇ ਪੂਜਦੇ ਹੋ, ਤਾਂ ਵੈਰਾਗ ਤੇ ਤਿਆਗ ਦੇ ਮਸਤਾਨੇ ਲੋਕੋ ! ਇਨ੍ਹਾਂ ਦੀਆਂ ਮਾਵਾਂ ਨੂੰ, ਇਨ੍ਹਾਂ ਦੀਆਂ ਭੈਣਾਂ ਨੂੰ ਤੇ ਇਨ੍ਹਾਂ ਦੀਆਂ ਧੀਆਂ ਨੂੰ ਕਿਉਂ ਉਥਲਦੇ ਹੋ ?

ਦਰੋਪਤੀ ਦੀਆਂ ਸਾੜ੍ਹੀਆਂ ਲਾਹ ਲਾਹ ਆਪਣੀ ਪਵਿੱਤਰਤਾ ਦੇ ਸਾਧਨ ਕਰ ਰਹੇ ਹੋ ? ਸਾੜ-ਸੁਆਹ ਕਿਉਂ ਨਹੀਂ ਕਰਦੇ ਉਨ੍ਹਾਂ ਗ੍ਰੰਥਾਂ ਜਾਂ ਉਨ੍ਹਾਂ ਹਿੱਸਿਆਂ ਨੂੰ ਜਿਥੇ ਤੁਹਾਨੂੰ ਅਜੇਹਾ ਵਹਿਸ਼ੀ ਬਣਾ ਕੇ ਪਵੱਤਰ ਬਣਾਉਣ ਦੇ ਝੂਠੇ ਵਾਅਦੇ ਲਿਖੇ ਹਨ। ਕਿਸ ਤੋਂ ਲੁਕਾਂਦੇ ਹੋ ? ਜਿਉਂ ਜਿਉਂ ਦਰੋਪਤੀ ਨੂੰ ਨੰਗਿਆਂ ਕਰਨ ਦੇ ਆਹਰ ਲਗੇ ਹੋ, ਤਿਉਂ ਤਿਉਂ ਤੁਹਾਡਾ ਵੈਰਾਗ ਤੇ ਤਿਆਗ ਰੰਗਾ ਵਿਚ ਰੁੜ੍ਹ ਰਿਹਾ ਹੈ। ਗੇਰੂਏ ਕਪੜਿਆਂ ਹੇਠੋਂ ਜਿਉਂ ਦੇ ਤਿਉਂ ਸਜੇ ਸ਼ਿੰਗਾਰੇ ਪਥਰ ਵਾਂਗ ਤੁਸੀਂ ਨਿਕਲੇ। ਅਜੇਹੀ ਨਿਰਾਦਰੀ ਕਰਨਾ ਅਤੇ ਅਪਵਿੱਤਰ ਹੋਣਾ ਇਹ ਤਾਂ ਮਨ ਦੀ ਚੰਚਲਤਾ ਤੇ ਧਿਆਨ ਦੇ ਅਨੋਖੇ ਨਿਯਮਾਂ ਤੇ ਸਿਆਹੀ ਫੇਰਨਾ ਹੈ। ਭਾਵੇਂ ਅਸੰਭਵ ਹੋ ਜਾਵੇ ਔਪਰ ਅਜੇਹੇ ਵੈਰਾਗ ਤੇ ਤਿਆਗ ਰਾਹੀਂ ਜਿਸ ਵਿਚ ਆਪਣੀਆਂ ਮਾਵਾਂ, ਭੈਣਾਂ, ਧੀਆਂ ਦੇ ਨੰਗੇ

ਸਰੀਰਾਂ ਨੂੰ ਨੀਲਾਮ ਕਰ ਪਵਿੱਤਰਤਾ ਖਰੀਦਣੀ ਹੈ, ਤਾਂ ਕਦੇ ਵੀ ਪਵਿੱਤਰਤਾ ਮਨ ਵਿਚ ਨ ਆਏਗੀ, ਨ ਦਿਲ ਵਿਚ, ਨ ਆਤਮਾ ਵਿਚ, ਨ ਦੇਸ਼ ਵਿਚ ਹੀ। ਮੇਰਾ ਵਿਚਾਰ ਹੈ ਕਿ ਕਾਰਣ ਭਾਵੇਂ ਕੁਝ ਵੀ ਹੋਵੇ ਸਾਡੇ ਦੇਸ਼ ਵਿਚ ਝੂਠੇ ਤਿਆਗ ਤੇ ਵੈਰਾਗ ਦੇ ਉਪਦੇਸ਼ ਨੇ ਪਵਿੱਤਰਤਾ, ਨਿਰਛਲਤਾ, ਤੇ ਸਚਾਈ ਦਾ ਨਾਸ਼ ਕਰ ਦਿੱਤਾ ਹੈ। ਜਿਸ ਉਪਦੇਸ਼ ਵਿਚ ਮੇਰੀ ਮਾਂ ਦਾ, ਮੇਰੀ ਭੈਣ ਦਾ, ਮੇਰੀ ਇਸਤ੍ਰੀ ਦਾ, ਮੇਰੀ ਧੀ ਦਾ ਨਿਰਾਦਰ ਕਰਨਾ ਹੋਵੇ ਤੇ ਉਵੇਂ ਹੀ ਤੁਸਾਡੀ ਦਾ ਭਲਾ ਉਹ ਕਦੇ ਮੇਰੇ ਤੇਰੇ, ਅਸਾਂ ਸਾਰੀਆਂ ਦੇ ਲਈ, ਦੇਸ਼ ਭਰ ਦੇ ਲਈ ਲਾਭਦਾਇਕ ਹੋ ਸਕਦਾ ਹੈ ? ਸੂਰਜ ਭਾਵੇਂ ਅੰਨ੍ਹਾਂ ਹੋ ਕੇ ਕਾਲਾ ਹੋ ਜਾਵੇ, ਐਪਰ ਜਿਥੇ ਇਸਤ੍ਰੀ ਜਾਤੀ ਦਾ ਅਜੇਹਾ ਅਪਮਾਨ ਹੁੰਦਾ ਹੋਵੇ, ਉੱਥੇ ਅਪਵਿੱਤਰਤਾ, ਗਰੀਬੀ, ਦੁੱਖ, ਕੰਗਾਲੀ, ਝੂਠ ਕਪਟ ਰਾਜ ਨਾ ਕਰਨਾ; ਚੰਡਾਲ ਗੱਦੀ ਤੇ ਨ ਬੈਠੇ। ਇਹ ਸਭ ਕੁਝ ਕਦੇ ਵੀ ਨਹੀਂ ਹੋ ਸਕਦਾ। ਹੇ ਬੁੱਧ ਭਗਵਾਨ ! ਕਿਉਂ ਨ ਤੁਸਾਂ ਆਪਣੇ ਪਿਛੋਂ ਆਉਣ ਵਾਲੇ ਬੁੱਧ ਦਾ ਨਾਉਂ ਲੈ ਕੇ ਸੰਸਾਰ ਨੂੰ ਅਪਵਿੱਤਰ ਬਣਾਉਣ ਵਾਲਿਆਂ ਦਾ ਵਿਚਾਰ ਕੀਤਾ, ਕਿਉਂ ਨ ਤੁਸਾਂ ਨੇ ਡੰਕੇ ਦੀ ਚੋਟ ਇਸ ਅਨਰਥ ਦੇ ਮਿਟਾਣ ਲਈ, ਆਪਣੇ ਪਿਛੋਂ ਦੇ ਇਸ ਪੁਰਖ ਦੀ ਮਾਤਾ, ਪੁੱਤਰੀ, ਭੈਣ ਨੂੰ, ਇਸਤ੍ਰੀ ਨੂੰ, ਇਸ ਨੀਵੇਂ ਪੁਰਖ ਦੇ ਲਈ, ਆਪਣੇ ਸਾਮ੍ਹਣੇ ਉੱਚੇ, ਸਿੰਘਾਸਣ ਤੇ ਬਿਠਾ ਇਸ ਨੂੰ, ਆਗਿਆ ਕੀਤੀ ਕਿ ਬਚਪਨ ਤੋਂ ਲੈ ਕੇ ਜਦ ਤੋੜੀ ਇਸ ਨੂੰ ਬ੍ਰਹਮ-ਕਾਂਤੀ ਦੀ ਮਹਾਨ ਖਿੱਚ ਸੁਭਾਵਿਕ ਬੁੱਧ ਨ ਬਣਾ ਦੇਵੇਗੀ ਤਦ ਤੋੜੀ ਇਹ ਆਪਣਾ ਕ, ਖ, ਗ, ਘ ਤੇ ਅ, ਆ, ਇ, ਦੀ ਇਸ ਦੇਵੀ ਦਾ ਸਿੰਘਾਸਣ ਦੇ ਪਾਸ ਬੈਠ ਕੇ ਪੜ੍ਹੇ ਜੋ ਕੁਝ ਹੋ ਗਿਆ ਤਾਂ ਉਸ ਨੂੰ ਕੀ ਲੋੜ ਪਈ ਸੀ ਕਿ ਤੁਹਾਨੂੰ ਭਿਖਸ਼ੂ ਹੋਣ ਦਾ ਉਪਦੇਸ਼ ਦੇਂਦਾ ? ਉਸ ਨੂੰ ਕਿਸੇ ਨੇ ਉਪਦੇਸ਼ ਦਿੱਤਾ ਕਿ ਉਸ ਨੇ ਕਪਿਲਵਸਤੂ ਦੀ ਰਾਜਧਾਨੀ ਨੂੰ ਲੱਤ ਮਾਰ ਜਵਾਨੀ ਵਿਚ ਬ੍ਰਹਮ-ਕਾਂਤੀ ਦੀ ਭਾਲ ਵਿਚ, ਉਸ ਅਣਜਾਣੀ ਜੋਤ ਦੇ ਸਰੂਪ ਦੀ ਭਾਲ ਵਿਚ-ਜੰਗਲ ਜੰਗਲ ਘੁੰਮ; ਆਪਣਾ ਸਰੀਰ ਸੁਕਾ ਲਿਆ, ਹੱਡੀਆਂ ਦਾ ਢਾਂਚਾ ਕਰ ਦਿੱਤਾ। ਹੇ ਭਗਵਾਨ ! ਆ ਕੇ ਹੁਣ ਜ਼ਰਾ ਦੇਖੋ ਤਾਂ ਸਹੀ, ਤੁਹਾਡੇ ਪਿਛੋਂ ਅੱਜ ਤੋੜੀ, ਮੁੜ ਬੁੱਧ ਨਾ ਹੋਇਆ। ਕਿਸੇ ਮਾਤਾ ਨੂੰ ਉਨ੍ਹਾਂ ਦੀ ਮਾਤਾ ਵਾਂਗ ਬ੍ਰਹਮ-ਕਾਂਤੀ ਦਾ ਦਰਸ਼ਨ ਲਾਭ ਨਾ ਹੋਇਆ ਅਤੇ ਕੋਈ ਮਾਤਾ ਵੀ ਬ੍ਰਹਮ-ਕਾਂਤੀ ਗਲ ਨਾਲ ਲਾ ਬੁੱਧ ਨੂੰ ਆਪਣੇ ਢਿੱਡ ਵਿਚ ਨ ਅਨੁਭਵ ਕਰ ਸਕੀ। ਉਨ੍ਹਾਂ ਦਾ ਨਾਉਂ ਰਹਿ ਗਿਆ ਹੈ। ਜਿਸ ਦੇ ਸਹਾਰੇ ਇੱਟਾਂ ਪੱਥਰਾਂ ਰੋੜਿਆਂ ਦੇ ਕਈ ਮੰਦਰ ਖੜੇ ਹੋ ਗਏ, ਬੁੱਤ ਬਣ ਗਏ, ਪਰ ਮਨੁੱਖ ਡੁਬ ਗਿਆ। ਇਸ ਦੇ ਭਾਰ ਹੇਠ ਦਬ ਕੇ ਮਰ ਗਿਆ। ਮਨੁੱਖਤਾ, ਅਪਵਿੱਤਰਤਾ ਦੀ ਜਿਲ੍ਹਣ ਵਿਚ ਫਸ ਕੇ ਮਰ ਗਈ ਜਿਸ ਦੇ ਬਚਾਉਣ ਲਈ ਆਪ ਆਏ ਸੀ ਉਹ ਨ ਬਚਿਆ। ਹੇ ਭਗਵਾਨ ! ਆਪ ਪਾਸੋਂ

ਬੇਨਤੀ ਨਾਲ ਆਗਿਆ ਮੰਗ ਕੇ ਆਪ ਦੀ ਸੇਵਾ ਵਿਚ ਹਾਜ਼ਿਰ ਹੁੰਦਾ ਹਾਂ। ਆਪ ਨੂੰ ਤਾਂ ਹਿਮਾਲਾ ਭਾਉਂਦਾ ਸੀ। ਆਪ ਨੂੰ ਤਾਂ ਵੇਦ, ਸੁਰਤਿ, ਦਰਸ਼ਨ ਗ੍ਰੰਥ ਬ੍ਰਹਮ-ਕਾਂਤੀ ਦੇ ਦਰਸ਼ਨ ਲਈ ਹੋਰ ਕੰਮ ਕਰਨ ਹੀ ਨ ਦੇਂਦੇ ਸਨ। ਆਪ ਨੂੰ ਕੋਈ ਹੋਰ ਹੱਲ ਨਹੀਂ ਸੀ ਚਲਾਉਣਾ। ਆਪ ਦੇ ਦਰਸ਼ਨਾਂ ਤੋਂ ਹੀ ਚੰਦ ਸੂਰਜ ਉਸੇ ਨੀਲੀ ਖੇਤ ਵਿਚ ਜੋਤੀ ਨੂੰ ਸਹਿਜ-ਸੁਭਾ ਬੀਜਦੇ ਸਨ। ਐਪਰ ਮੈਂ ਤਾਂ ਆਪਣੇ ਅਪਵਿੱਤਰ ਦੇਸ਼ ਵਾਸੀਆਂ ਵਿਰੁੱਧ ਇਕ ਅਪੀਲ ਲੈ ਕੇ ਆਇਆ ਹਾਂ। ਆਪ ਦੇ ਜਾਣ ਪਿਛੋਂ ਸੰਨਿਆਸ ਆਸ਼੍ਰਮ ਦਾ ਨਾਸ ਹੋ ਗਿਆ। ਸੱਚ ਕਹਿੰਦਾ ਹਾਂ, ਮੇਰੇ ਦੇਸ਼ ਦਾ ਸੰਨਿਆਸ ਅਪਵਿੱਤਰ ਹੋ ਗਿਆ, ਨੀਵਾਂ ਹੋ ਗਿਆ। ਤੁਸਾਂ ਤੇ ਇਨ੍ਹਾਂ ਲੋਕਾਂ ਦੀ ਖ਼ਾਤਿਰ ਆਪਣੇ ਇਕਾਂਤ ਦਾ ਸੁਖ, ਜੋ ਆਚਾਰੀਆ ਗੌੜਪਦ ਨੇ ਵੀ ਨ ਛੱਡਿਆ, ਤਿਆਗ ਕੇ ਇਨ੍ਹਾਂ ਦੇ ਕਲਿਆਣ ਲਈ ਫਤਹਿ ਹਾਸਲ ਕੀਤੀ। ਕਸ਼ਮੀਰ ਤੋਂ ਲੈ ਕੇ ਰਾਮੇਸ਼ੂਰ ਤੀਕ ਤੁਸਾਂ ਬ੍ਰਹਮ-ਕਾਂਤੀ ਦੀ ਮਹਿਮਾ ਗਾਈ। ਐਪਰ ਆਪ ਦੇ ਜਾਣ ਪਿਛੋਂ ਲੋਕਾਂ ਨੇ ਇਸ ਗੰਗੋਤ੍ਰੀ, ਰਿਖੀਕੇਸ਼, ਕਿਦਾਰਨਾਥ, ਬੱਦਰੀਨਾਥ ਨੂੰ ਵੀ ਅਪਵਿੱਤਰ ਕਰ ਦਿੱਤਾ। ਗੇਰੂਏ ਰੰਗ ਨੂੰ ਨਾ ਤਾਂ ਧਰਤੀ ਤੇ ਪਵਿੱਤਰ ਰਹਿਣ ਦਿੱਤਾ ਨਾ ਆਪ ਦੇ ਸਰੀਰ ਤੇ। ਹੁਣ ਤਾਂ ਗੇਰੂਆ ਰੰਗ ਮਖਮਲ ਦੇ ਤਕੀਆਂ ਤੇ, ਚਮੜੇ ਦੀਆਂ ਬਘੀਆਂ ਅਤੇ ਜਗੀਰਾਂ ਤੇ, ਮੱਠਾਂ ਵਿਚ ਜੋੜੇ ਖਜ਼ਾਨਿਆਂ ਉੱਤੇ ਵਿਛਿਆ ਹੈ। ਦਾਸਤਾ, ਕਮੀਨਗੀ, ਕਮਜ਼ੋਰੀ ਤੇ ਕਪਟ ਦਾ ਉਹਲਾ ਹੋ ਗਿਆ ਹੈ।

ਭਗਵਾਨ ! ਤੀਜਾ ਨੇਤਰ ਖੋਲ੍ਹ ਕੇ ਜ਼ਰਾ ਇਸ ਦੇਸ਼ ਦੇ ਗੇਰੂਆ ਰੰਗੇ ਉਪਦੇਸ਼ਕਾਂ ਦੇ ਅੰਦਰ ਦੇ ਅੰਧਕਾਰ ਨੂੰ ਕਿਉਂ ਨਹੀਂ ਦੇਖਦੇ ? ਸਾਰਾ ਦੇਸ਼ ਤਾਂ ਇਨ੍ਹਾਂ ਨੂੰ ਆਪ ਦੇ ਪਿੱਛੋਂ ਆਪ ਦਾ ਰੂਪ ਜਾਣਨ ਲੱਗਾ ਹੈ। ਐਪਰ ਜਿਉਂ ਜਿਉਂ ਸਮਾਂ ਲੰਘਦਾ ਜਾਂਦਾ ਹੈ ਤਿਉਂ ਤਿਉਂ ਮੌਤ, ਦੁੱਖ, ਭੁੱਖ ਤੇ ਨੰਗੇਜ ਇਸ ਦੇਸ਼ ਵਿਚ ਵਧ ਰਹੇ ਹਨ। ਕੀ ਬ੍ਰਹਮ ਗਿਆਨ ਦਾ ਫਲ ਇਹ ਹੈ ? ਮਹਾਰਾਜ ! ਸਰਸਵਤੀ ਦੇਵੀ ਪਾਸੋਂ ਤਾਂ ਆਪ ਛੇ ਮਹੀਨੇ ਹਾਰੇ ਰਹੇ, ਕਿਉਂ ਨਾ ਆਪ ਇਸ ਦੇਸ਼ ਵਿਚ ਇਸ ਦੇਵੀ-ਦਾ ਰਾਜ ਅਟਲ ਕਰ ਗਏ। ਮੇਰੇ ਦੇਸ਼ਵਾਸੀਆਂ ਦੇ ਮਾਂ-ਪਿਉ ਹੋ। ਫੇਰ ਜੇਕਰ ਆਪਣੇ ਹੱਥੀਂ ਇਸਤ੍ਰੀ ਤੇ ਕੰਨਿਆ ਨੂੰ ਰਾਜ ਤਿਲਕ ਦੇ ਜਾਂਦੇ ਤਾਂ ਕੀ ਸ਼ੰਕਰ ਦਾ ਇਸ ਦੇਸ਼ ਵਿਚ ਮੁੜ ਜਨਮ ਲੈਣਾ ਕਦੀ ਇੰਜ ਸੰਭਵ ਹੁੰਦਾ ਜਿਵੇਂ ਹੁਣ ਹੋਇਆ ਹੈ ? ਮੈਂ ਆਪ ਦਾ ਬਾਗ਼ੀ ਪੁੱਤ ਆਪ ਦੀ ਪ੍ਰੇਮ ਦੀ ਲੜਾਈ ਕਰਨ ਆਇਆ ਹਾਂ। ਆਪ ਨੂੰ ਇਹ ਰਾਜ ਹੁਣ ਦੇਣਾ ਹੀ ਪਵੇਗਾ। ਆਪ ਦੇ ਚਰਨ ਇਸ ਧਰਤੀ ਨੂੰ ਛੁਹ ਚੁੱਕੇ ਹਨ, ਇਸ ਦੇਸ਼ ਦੀ ਮਿੱਟੀ ਨੂੰ ਆਪ ਦਾ ਸਰੂਪ ਮੰਨ ਕੇ ਮੈਂ ਤਾਂ ਹੁਣ ਲਓ ! ਇਹ ਰਾਜ ਦੇ ਹੀ ਦੇਂਦਾ ਹਾਂ।

ਜਦ ਤੋੜੀ ਆਰੀਆ ਕੰਨਿਆ ਇਸ ਦੇਸ਼ ਦੇ ਘਰਾਂ ਅਤੇ ਦਿਲਾਂ ਉੱਤੇ ਰਾਜ ਨਹੀਂ ਕਰਦੀ ਤਦ ਤੋੜੀ ਇਸ ਦੇਸ਼ ਵਿਚ ਪਵਿੱਤਰਤਾ ਨਹੀਂ ਆਉਂਦੀ। ਜਦ ਤੋੜੀ ਦੇਸ਼ ਵਿਚ ਪਵਿੱਤਰਤਾ ਨਹੀਂ ਆਉਂਦੀ, ਤਦ ਤੋੜੀ ਸ਼ਕਤੀ ਨਹੀਂ

ਆਉਂਦੀ। ਬ੍ਰਹਮਚਰਜ ਦਾ ਪ੍ਰਾਚੀਨ ਆਦਰਸ਼ ਸੁਖ ਨਹੀਂ ਦਿਖਾਉਂਦਾ, ਦੇਸ਼ ਵਿਚ 'ਪਵਿੱਤਰਤਾ' ਲਿਆਉਣ ਦਾ, ਹੇ ਭਗਵਾਨ ! ਹੁਣ ਤਾਂ ਪਹਿਲਾਂ ਸੰਸਕਾਰ ਭਾਰਤ-ਕੰਨਿਆ ਨੂੰ ਰਾਜ ਤਿਲਕ ਦੇਣਾ ਹੈ।

ਸੱਚ ਹੈ, ਦੇਸ਼ ਵਿਚ ਅਪਵਿੱਤਰਤਾ ਸਮੁੱਚੇ ਰੂਪ ਵਿਚ ਹੈ। ਇਕ ਦੋ ਨੂੰ ਜੇਕਰ ਪਵਿੱਤਰਤਾ ਕਿਵੇਂ ਕਿਸੇ ਹਰ ਸਾਧਨਾਂ ਰਾਹੀਂ ਆ ਵੀ ਗਈ ਤਾਂ ਉਹ ਸਾਧਨ ਕੀ ਹੋਏ ਜਿਨ੍ਹਾਂ ਨੇ 'ਮੇਰੀ' ਤੇ 'ਤੇਰੀ' ਨਜ਼ਰ ਨਾ ਸਵਾਰੀ।

ਬ੍ਰਹਮਚਰਜ ਦਾ ਪੁੱਠਾ ਪਾਠ

ਬ੍ਰਹਮਚਰਜ ਦਾ ਉਪਦੇਸ਼ ਇਸ ਦੇਸ਼ ਵਿਚ ਪ੍ਰਾਚੀਨ ਕਾਲ ਤੋਂ ਚਲਿਆ ਆਇਆ ਹੈ ਅਤੇ ਅੱਜ ਕੱਲ ਕੋਈ ਵੀ ਸਮਾਜ ਹੋਵੇ, ਮੰਦਰ ਹੋਵੇ, ਸਭਾ ਹੋਵੇ, ਸਤਿਸੰਗ ਹੋਵੇ, ਜਿੱਥੇ ਇਸ ਦੇਸ਼ ਵਿਚ ਬ੍ਰਹਮਚਰਜ ਪਾਲਣ ਉੱਤੇ ਵਧੀਆ ਤੋਂ ਵਧੀਆ ਵਿਆਖਿਆਨ ਤੇ ਉਪਦੇਸ਼ ਨਾ ਹੁੰਦਾ ਹੋਵੇ।ਔਪਰ ਆਪਣੇ ਰੋਜ਼ਾਨਾ ਜੀਵਨ ਨੂੰ ਦੇਖੋ ! ਕੱਲ ਜੇਕਰ ਸੱਤ ਫੁੱਟ ਲੰਮੇ ਆਦਮੀ ਸਨ ਤਾਂ ਅੱਜ ਛੇ ਫੁੱਟ ਹੀ ਰਹਿ ਗਏ। ਕੱਲ ਦੇ ਕਾਲਿਜਾਂ ਵਿਚ ਤਾਂ ਪੰਜ ਫੁਟ ਦੇ ਬਾਲਕ ਪੜ੍ਹਦੇ ਸਨ ਅੱਜ ਚਾਰ ਫੁੱਟ ਹੀ ਰਹਿ ਗਏ। ਕੇਹਾ ਉਲਟਾ ਫਲ ਹੈ, ਨ ਦਿਲ ਗੁਰਦੇ ਵਿਚ ਬਲ, ਨ ਬੁੱਧੀ ਵਿਚ ਸ਼ਕਤੀ, ਨ ਧਰਮ, ਨ ਧਨ, ਨ ਮਾਲ ਤੇ ਉਹ ਵੀ ਦੇਸ਼ ਵਿਚ ਜਿੱਥੇ ਬ੍ਰਹਮ-ਰਿਸ਼ੀਆਂ ਨੇ ਸੰਸਾਰ ਦੇ ਮੁੱਢ ਵਿਚ ਗਵਾਇਆ ਸੀ;

"ਤੇਜੋ ऽ ਸਿ ਤੇਜ ਮਯੀ ਧੇਹੀ। ਵੀਰਯਮਸਿ ਵੀਰਯਮਸਿ ਧੇਹੀ।
ਬਲਮਸਿ ਬਲੰਮਯੀ ਧੇਹੀ।
"ਓਜੋ ऽ ਸਯੋਜੋ ਮਯੀ ਧੇਹੀ। ਮਨਯੁਰਸਿ ਮਨਯੁ ਮਯਿ ਧੇਹੀ।
ਸਹੋ ऽ ਸਿ ਸਹੋ ਮਯੀ ਧੇਹੀ॥ 9॥ 19॥ 9 ਯ"

ਅਤੇ ਅਫ਼ਰੀਕਾ ਦੇ ਹਬਸ਼ੀ ਜਿਨ੍ਹਾਂ ਨੂੰ ਬ੍ਰਹਮਚਰਜ ਦਾ ਆਦਰਸ਼ ਕਦੀ ਸੁਪਨੇ ਵਿਚ ਵੀ ਨਹੀਂ ਆਇਆ, ਉਹ ਸਾਥੋਂ ਲੰਮੇ, ਸਾਥੋਂ ਚੌੜੇ ਤੇ ਸਾਥੋਂ ਵਧੇਰੇ ਹਿੰਮਤੀ ਹਨ।

ਇੰਗਲੈਂਡ ਵਿਚ ਜਿਥੇ (ਬ੍ਰਹਮਚਰਜ) ਉੱਤੇ ਏਨਾ ਜ਼ੋਰ ਨਹੀਂ ਦਿੱਤਾ ਗਿਆ, ਉੱਥੋਂ ਦੇ ਅੱਜ-ਕੱਲ ਦੇ ਮੁੰਡੇ ਵੀ ਸਾਥੋਂ ਵਧੇਰੇ ਲੰਮੇ, ਚੌੜੇ, ਬਲਵਾਨ, ਤੇਜਵਾਨ, ਗਿਆਨਵਾਨ, ਵਿਦਿਆਵਾਨ, ਧਨਵਾਨ, ਬੁੱਧੀਵਾਨ ਹਨ। ਸਾਡੀਆਂ ਕੁੜੀਆਂ ਲਿਸੀਆਂ ਪੀਲੇ ਰੰਗ ਦੀਆਂ, ਜਵਾਨੀ ਵਿਚ ਹੀ ਬੁੱਢੀਆਂ ਬੁੱਢੀਆਂ ਜੇਹੀਆਂ ਤੇ ਉਸ ਦੇਸ਼ ਦੀਆਂ ਮਾਵਾਂ ਤੇ ਧੀਆਂ ਛੇ ਛੇ ਫੁੱਟ ਉੱਚੀਆਂ,

ਲਾਲੀ ਬਲ ਤੇ ਤੇਜ ਵਾਲੀਆਂ ਕੱਲੀਆਂ ਸਾਰੇ ਜਗਤ ਨੂੰ ਸਵੇਰੇ ਚਲ ਕੇ ਘੁੰਮ ਫਿਰ ਕੇ, ਸੰਝ ਨੂੰ ਘਰ ਪਹੁੰਚ ਜਾਣ ਵਾਲੀਆਂ।

ਜਾਪਾਨ ਨੂੰ ਦੇਖੋ, ਉੱਥੇ ਕਿਸੇ ਬਾਲਕ ਨੂੰ ਕਦੀ ਬ੍ਰਹਮਚਰਜ ਦਾ ਆਦਰਸ਼ ਏਸ ਜ਼ੋਰ ਨਾਲ, ਏਸ ਰਗੜੇ ਝਗੜੇ ਨਾਲ ਨਲਕੀਆਂ ਨਾਲ ਨਹੀਂ ਪਿਆਇਆ ਜਾਂਦਾ ਜਿਵੇਂ ਕਿ ਏਥੇ। ਪਰ ਸਭ ਫੁੱਲਾਂ ਵਾਂਗ ਖਿੜੇ ਮੂੰਹ-ਮੱਥੇ ਵਾਲੇ ਹਨ, ਸੀਲਵਾਨ ਹਨ, ਵਿਦਿਆ ਵਾਲੇ ਹਨ, ਮਹਾਨ ਅਨੁਭਵਾਂ ਵਾਲੇ ਹਨ। ਉੱਚੇ ਨਿਸ਼ਾਨਿਆਂ ਵਾਲੇ ਹਨ। ਹਰ ਕੋਈ ਕਹਿੰਦਾ ਹੈ;

"ਛੁਟ ਕਰ ਖੜਾ ਹੂਆ ਹੂੰ ਖ਼ਾਲੀ ਜਹਾਨ ਮੇਂ,
ਔਰ ਤਸੱਲੀ ਦਿਲ ਭਰੀ ਹੈ ਮੇਰੀ ਦਮ ਮੇਂ ਜਾਨ ਮੇਂ।"

ਕਿਹੜੀ ਪਰਲੈ ਆ ਗਈ ਕਿ ਸਾਡੇ ਦੇਸ਼ ਥੀਂ ਬ੍ਰਹਮਚਰਜ ਦਾ ਆਦਰਸ਼ ਅਮਲੀ ਤੌਰ ਤੇ ਨਸ਼ਟ ਭ੍ਰਸ਼ਟ ਹੋ ਗਿਆ? ਨਜ਼ਰ ਹੀ ਨਹੀਂ ਆਉਂਦਾ; ਮੈਨੂੰ ਵੇਖੋ, ਤੁਹਾਨੂੰ ਵੇਖੋ, ਇਹਨੂੰ ਵੇਖੋ, ਉਹਨੂੰ ਵੇਖੋ! ਸਭ ਸੜੇ ਭੁੱਜੇ ਸੜੇ ਕੁੜ੍ਹੇ ਮੂੰਹ ਮੁਹਾਂਦਰੇ ਲਈ ਆਰੀਆ ਰਿਸ਼ੀਆਂ ਦਾ ਨਾਉਂ ਪਏ ਰਟ ਰਹੇ ਹਨ।

ਬੱਸ ਮਹਾਰਾਜ! ਬ੍ਰਹਮਚਰਜ ਦੇ ਏਸ ਵਿਚਿੱਤਰ ਉਪਦੇਸ਼ ਨੂੰ ਬੰਦ ਕਰੋ ਜਿਸ ਵਿਚ ਤੁਸੀਂ ਇਸਤ੍ਰੀ ਜਾਤੀ ਦਾ ਅਪਮਾਨ ਕੀਤਾ ਹੈ, ਅਮਲੀ ਤੌਰ ਤੇ ਵੈਰਾਗ ਦੇ ਸੰਘਣੇ ਦੋਸ਼ਾਂ ਨਾਲ ਇਸਤ੍ਰੀ ਜਾਤੀ ਦਾ ਅਪਮਾਨ ਕੀਤਾ ਹੈ। ਬ੍ਰਹਮਚਰਜ ਦੀ ਹੁਣ ਏਸ ਅਪਵਿੱਤਰ ਦੇਸ਼ ਵਿਚ ਬਿਨਾਂ ਮਾਤ੍ਰੀ ਭਗਤੀ ਦੇ, ਕੰਨਿਆ ਪੂਜਾ ਦੇ, ਕਦੇ ਸਥਾਪਨਾ ਨਹੀਂ ਹੋ ਸਕਦੀ। ਏਸ ਦੇਸ਼ ਵਿਚ ਕੀ, ਕਿਧਰੇ ਵੀ ਅਜੇਹਾ ਨਹੀਂ ਹੋ ਸਕਦਾ। ਅਜੇਹਾ ਹੀ ਉਪਦੇਸ਼ ਕਰਦੇ ਕਰਦੇ ਈਸਾ ਦੀ ਹਾਰ ਹੋਈ, ਬੁੱਧ ਦੀ ਹਾਰ ਹੋਈ, ਸ਼ੰਕਰ ਦੀ ਦਿਗ-ਵਿਜੈ ਹਾਰ ਵਿਚ ਵਟ ਗਈ, ਏਸ ਹਾਰ ਨੇ ਸੰਨਿਆਸੀਆਂ ਦੇ ਛੱਕੇ ਛੁੜਾ ਦਿੱਤੇ। ਇਸਤ੍ਰੀ ਜਾਤੀ ਦੀ ਬੁਰਾਈ ਕਰਵਾਉਣ ਤੇ ਬ੍ਰਹਮਚਰਜ ਪਾਲਣ ਕਰਵਾਉਣ ਵਾਲਿਆਂ ਜਰਨੈਲਾਂ ਦੀ ਸਾਰੀ ਫੌਜ ਖਿੰਡ-ਪੁੰਡ ਗਈ, ਪਤਾ ਹੀ ਨਹੀਂ ਲਗਦਾ ਕਿੱਧਰ ਗਈ।

ਜਦੋਂ ਇਹ ਹਾਰ ਗਏ ਤਦ ਇਨ੍ਹਾਂ ਦੇ ਸਰੂਪ ਤੇ ਘੜੇ ਹੋਏ ਆਸ਼੍ਰਮ ਤੇ ਸਮਾਜ, ਸਕੂਲ ਤੇ ਕਾਲਿਜ ਕਦੋਂ ਜਿੱਤ ਸਕਦੇ ਹਨ? ਇਨ੍ਹਾਂ ਰੁੰਡ-ਮੁੰਡ ਸੰਨਿਆਸੀ ਰੂਪ ਵਿਦਿਆਲਿਆਂ ਨੂੰ ਕਿਉਂ ਬਣਾ ਰਹੇ ਹੋ? ਜੋ ਬੁੱਧ ਤੇ ਸ਼ੰਕਰ ਦਾ, ਈਸਾ ਤੇ ਚੈਤੰਨ ਦਾ ਦਰਸ਼ਨ ਨ ਕਰਵਾ ਸਕਿਆ ਉਹ ਭਲਾ ਮਾਵਾਂ ਕੋਲੋਂ ਨਿਖੜੇ; ਭਗਤੀ ਕੋਲੋਂ ਨਿਖੜੇ, ਧੀਆਂ ਕੋਲੋਂ ਨਿਖੜੇ, ਬੀ.ਏ., ਐਮ. ਏ., ਸਾਧਾਰਣ ਪੜ੍ਹਾਉਣ ਵਾਲਿਆਂ ਦੀ ਮਿੱਟੀ ਅਤੇ ਇੱਟਾਂ ਦੇ ਰੱਖੇ ਘਰ ਕਦ ਕਰਵਾ ਸਕਦੇ ਹਨ?

ਦਾਨ

ਦਾਨ ਲੈਣਾ ਹੀ ਨਹੀਂ, ਦਾਨ ਦੇਣਾ ਵੀ ਇਕ ਪਵਿੱਤਰਤਾ ਦਾ ਸਾਧਨ ਮੰਨਿਆ ਜਾਂਦਾ ਹੈ। ਐਪਰ ਦਾਨ ਦੇਣ ਦਾ ਪੁਰਾਤਨ ਭਾਵ ਤਾਂ ਹਵਾ ਵਾਂਗ ਇਸ ਦੇਸ਼ 'ਚੋਂ ਉੱਡ ਗਿਆ ਹੈ। ਦਾਨ ਦੇਣ ਦੀ ਤਾਂ ਆਪਣੇ ਪਾਪਾਂ ਨੂੰ, ਜਿਨ੍ਹਾਂ ਰਾਹੀਂ ਧਨ ਅੱਜ ਕੱਲ ਕਮਾਇਆ ਜਾਂਦਾ ਹੈ, ਲੁਕਾਣ ਦੀ ਗਰਜ਼ ਹੈ।

ਪਵਿੱਤਰਤਾ ਦੇ ਚਿੰਤਨ ਤੇ ਧਾਰਨ ਦਾ ਕੀ ਮਤਲਬ ਹੈ? ਜਿਵੇਂ ਰਿਸ਼ਵਤ ਦੇ ਕੇ ਧਨ ਜੋੜਿਆ ਜਾਂਦਾ ਹੈ ਉਵੇਂ ਹੀ ਈਸ਼ੁਰ ਨੂੰ ਵੀ ਰਿਸ਼ਵਤ ਦੇ ਕੇ ਸੁਰਗ ਲੈਣ ਦੀ ਮਨਸ਼ਾ ਹੋ ਰਹੀ ਹੈ। ਏਦਾਂ ਪੈਸਾ ਇਕੱਠਾ ਕਰ ਕੇ ਐਵੇਂ ਦੇ ਦੇਣਾ, ਧਰਮਸ਼ਾਲਾ ਬਣਵਾ ਦੇਣਾ, ਖੇਤਰ ਲਗਵਾ ਦੇਣਾ, ਈਸ਼ੁਰ ਦੀਆਂ ਅੱਖਾਂ ਵਿਚ ਲੂਣ ਧੂੜ ਕੇ ਆਪਣੇ ਆਪ ਨੂੰ ਚਤੁਰ ਕਹਿਣਾ – ਭਾਰਤਵਰਸ਼ ਦੇ ਅੱਜ ਕੱਲ ਦੇ ਕੋਸ਼ ਵਿਚ ਦਾਨ ਦੇ ਅਰਥ ਇਹੋ ਮਿਲਦੇ ਹਨ। ਬੱਸ ! ਇਕ ਦਮ ਬੰਦ ਕਰ ਦੇਵੋ ਦਾਨ ਦੇਣੇ ਤੇ ਰੁਪਿਆ ਜਮ੍ਹਾ ਕਰ ਸਕਦੇ ਹੋ ਤਾਂ ਕਰੋ। ਕਿਸਾਨ ਵਾਂਗ ਆਪਣਾ ਪਸੀਨਾ ਧਰਤੀ ਦੇ ਅੰਦਰ ਨਿਚੋੜ ਕੇ ਜੋ ਕੁਝ ਦਾਣੇ ਮਿਲਦੇ ਹਨ ਉਨ੍ਹਾਂ ਨੂੰ ਖਾਓ, ਸੁਰਗ ਤੇ ਈਸ਼ੁਰ ਨੂੰ ਆਪਣੇ ਤਾਂਬੇ ਤੇ ਚਾਂਦੀ ਦੇ ਰੁਪਿਆਂ ਤੇ ਸੋਨੇ ਦੇ ਡਾਲਰਾਂ ਨਾਲ ਖ਼ਰੀਦਣ ਲਈ ਏਧਰ ਉਧਰ ਨਾ ਨੱਸੇ ਫਿਰੋ ! ਭੁੱਖੇ ਮਰ ਰਹੇ ਹੋ ਆਪ ਖਾਓ, ਆਪਣੇ ਬਾਲ-ਬੱਚਿਆਂ ਨੂੰ ਖਵਾਓ ਤੇ ਕੁੱਝ ਸਮੇਂ ਲਈ ਚੁੱਪ ਹੋ ਜਾਓ। ਆਪਣੇ ਬੱਚਿਆਂ ਨੂੰ ਵਿਦਿਆ-ਦਾਨ ਦੇਵੋ, ਬੁੱਧੀ ਦਾਨ ਦੇਵੋ, ਇਹੀ ਤੁਹਾਡਾ ਤੇ ਇਹੀ ਈਸ਼ੁਰ ਦਾ ਸੁਰਗ ਹੈ।

ਕਿਥੇ ਹਨ ਤੁਹਾਡੇ ਸਾਧ, ਜਿਨ੍ਹਾਂ ਦੇ ਹੁਕਮ ਨਾਲ ਹੱਥ ਬੰਨ੍ਹੀ, ਇਹੀ ਕਲਕੱਤੇ ਦੇ ਸੇਠ ਜਾਂ ਪੇਸ਼ਾਵਰ ਦੇ ਠੇਕੇਦਾਰ ਗੁਲਾਮ ਬਣੇ ਫਿਰ ਰਹੇ ਹਨ। ਜੇਕਰ ਉਹ ਸਾਧੂ ਹੈਨ ਤਾਂ ਕਿਉਂ ਨਹੀਂ ਬ੍ਰਹਮ ਤੇਜ ਰਾਹੀਂ ਇਨ੍ਹਾਂ ਤੇ ਰਾਜ ਕਰਦੇ? ਕਿਉਂ ਨਹੀਂ ਡਾਂਟਦੇ? ਉੱਲੂਆਂ ਦੇ ਸੁਰਗ ਕਿਉਂ ਬਣਨ ਦੇਂਦੇ ਹਨ? ਹੇ ਰਾਮ! ਇਨ੍ਹਾਂ ਨੂੰ ਕੀ ਹੋ ਗਿਆ ਹੈ, ਸਤੀ ਇਸਤ੍ਰੀਆਂ ਦੇ ਗਹਿਣੇ ਵੇਚ ਵੇਚ ਕੇ ਆਪਣਾ ਅਮੋਲਕ ਸਿਰ ਲੁਕਾਣ ਲਈ ਲੱਖ ਲੱਖ ਰੁਪਏ ਦੀ ਕੁਟੀਆ ਬਣਵਾ ਰਹੇ ਹਨ ਜਿੱਥੇ ਮਾਰਕੰਡੇ ਨੇ ਆਪਣੀ ਸਾਰੀ ਉਮਰ ਤਾਰਿਆਂ ਦੀ ਨਿੰਮ੍ਹੀ ਨਿੰਮ੍ਹੀ ਲੋਅ ਵਿਚ ਹੰਢਾ ਲਈ। ਕਿਹੜੇ ਖੇਤ੍ਰਾਂ ਦੀ ਇਹ ਰੋਟੀ ਖਾ ਰਹੇ ਹਨ ਜਿੱਥੇ ਗ਼ਰੀਬਾਂ ਦਾ ਲਹੂ ਨਿਚੋੜ ਨਿਚੋੜ ਜ਼ਾਲਿਮ ਰੋਟੀਆਂ ਬਣਵਾ ਰਹੇ ਹਨ।

ਤਪ

ਬਹੁਤ ਕੁੱਦੇ ਤਾਂ ਪਵਿੱਤਰਤਾ ਦੇ ਸਾਧਨ ਦੇ ਲਈ ਮਹਾਰਾਜ ਪਤੰਜਲੀ ਦਾ ਗ੍ਰੰਥ ਚੁੱਕ ਲਿਆ। ਹੋਣ ਲੱਗੇ ਹੁਣ ਜਪ ਤਪ, ਮਾਲਾ ਫੜੀ, ਅੱਖੀਂ ਮੀਟ ਬੈਠੇ, ਧਿਆਨ ਹੋਣ ਲਗਿਆ ਹੈ, ਜੀ ! ਧਿਆਨ ਕਿਸ ਸ਼ੈ ਦਾ ? ਕਿਸ ਸਰੂਪ ਦੇ ਦੇਖਣ ਨੂੰ ਅੱਖਾਂ ਮੀਟੀਆਂ ਹਨ ? ਉਥੇ ਤਾਂ ਕੁਝ ਵੀ ਨਹੀਂ, ਮਨ ਕਿਵੇਂ ਲੱਗੇ ? ਇਕ ਦੋ ਘੰਟੇ ਨੂੰ ਬੇ-ਮੁਹਾਰ ਦੌੜਾ ਕੇ 'ਸ਼ਾਂਤੀ ਸ਼ਾਂਤੀ' ਕਰਦੇ ਯੋਗੀ ਜੀ ! ਨਜ਼ਰਾਂ ਜ਼ਮੀਨ ਤੇ ਗੱਡੀ ਬੈਠੇ ਹਨ। ਉਹ ਕਿਸੇ ਅੰਗ੍ਰੇਜ਼ ਦੇ ਦਫਤਰ ਦੇ ਹੈੱਡ ਕਲਰਕ ਸਾਹਿਬ ਜਾ ਰਹੇ ਹਨ, ਕਲਮ ਜਦ ਚਲਦੀ ਹੈ ਦੂਜਿਆਂ ਦਾ ਗਲਾ ਕੱਟਦੀ ਹੈ। ਲਿਖਦੇ ਤਾਂ ਠੀਕ ਡਾਕ ਗੱਡੀ ਵਾਂਗ ਹਨ। ਕਿਉਂ ਨ ਹੋਵੇ ? ਯੋਗ ਦਾ ਬਲ ਹੱਥ ਵਿੱਚ ਹੈ।

ਪਤੰਜਲੀ ਮਹਾਰਾਜ ਨੇ ਆਪਣਾ ਗ੍ਰੰਥ ਮਨੁੱਖਾਂ ਲਈ ਲਿਖਿਆ ਸੀ। ਪਸ਼ੂ ਤਾਂ ਉਸ ਦਾ ਪਾਠ ਵੀ ਨਹੀਂ ਕਰ ਸਕਦੇ। ਪਤੰਜਲੀ ਮਹਾਰਾਜ ਦੀ ਕ੍ਰਿਪਾ ਦ੍ਰਿਸ਼ਟੀ ਆਪ ਨੂੰ ਕੁੱਝ ਬੁੱਧੀ ਉਪਜ ਪਈ ਸੀ, ਮੈਂ ਤਾਂ ਪੰਛੀਆਂ ਤੇ ਪਸ਼ੂਆਂ ਨੂੰ ਵੀ ਜਪ ਤਪ ਸੰਜਮ ਦਾ ਸਾਧਨ ਕਰਦੇ ਦੇਖਿਆ ਹੈ। ਇਹ ਗ੍ਰੰਥ ਕਾਠ ਦੇ ਪੁਤਲਿਆਂ ਲਈ ਕਦੇ ਨਹੀਂ ਸੀ ਲਿਖਿਆ ਗਿਆ। ਜਿਨ੍ਹਾਂ ਦੇ ਹੱਥ ਵਿਚ ਮਾਲਾ ਆਈ ਤੇ ਹਜ਼ਾਰਾਂ ਸਾਲ ਬੀਤ ਗਏ, ਮਾਲਾ ਦੇ ਮਣਕੇ ਹੀ ਫਿਰ ਰਹੇ ਹਨ। ਜਪ ਦੇ ਸਾਧਨਾਂ ਦਾ ਵੀ ਅੰਤ ਨਹੀਂ ਹੋਇਆ। ਕੁਟਿਲਤਾ, ਨੀਚਤਾ, ਕਪਟਤਾ ਅੰਦਰ ਭਰੀ ਹੋਈ ਹੈ ਤੇ ਮਾਲਾ ਮਣਕਿਆਂ ਦੇ ਉਪਰ ਦੀ ਹਜ਼ਾਰਾਂ ਵਾਰ ਚਲੀ ਜਾ ਰਹੀ ਹੈ ਤੇ ਇੰਨੀਆਂ ਸਦੀਆਂ ਹੁਣ ਤਕ ਚਲੀ ਹੀ ਜਾ ਰਹੀ ਹੈ। ਜਦ ਤੋੜੀ ਅਸੀਂ ਮਨੁੱਖ ਨਹੀਂ ਬਣ ਜਾਂਦੇ ਤਦ ਤੋੜੀ ਤੁਹਾਡੇ ਲਈ ਕਲਿਆਣ ਦਾ ਸਾਧਨ ਨ ਕੋਈ ਗੁਰੂ, ਨ ਕੋਈ ਵੇਦ, ਨ ਕੋਈ ਸ਼ਾਸਤਰ, ਨ ਕੋਈ ਉਪਦੇਸ਼ ਹੋ ਸਕਦਾ ਹੈ।

ਇਸ ਦਾ ਪ੍ਰਮਾਣ ਚਾਹੋ ਤਾਂ, ਏਸ ਤੋਂ ਬਾਹਰਲੇ, ਮੰਨੇ ਹੋਏ ਭਾਰਤਵਾਸੀਆਂ ਦੇ ਮਕਾਨ, ਗਲੀਆਂ ਕੂਚੇ, ਘਰ ਦਾ ਜੀਵਨ ਤੇ ਸਦੀਆਂ ਦਾ ਲੰਮਾ ਜੀਵਨ ਦੇਖ ਲਵੋ। ਕਿਸੇ ਨੇ ਇਕ ਕਾਠ ਦੇ ਪੁਤਲੇ ਨੂੰ ਜੋ ਕਹਿ ਦਿੱਤਾ ਕਿ ਤੂੰ ਰਿਸ਼ੀਆਂ ਦੀ ਸੰਤਾਨ ਹੈਂ। ਬੱਸ ! ਹੁਣ ਅਸੀਂ ਰਿਸ਼ੀਆਂ ਦੀ ਸੰਤਾਨ ਹਾਂ ਇਸ ਦੀ ਮਾਲਾ ਫਿਰਨੀ ਸ਼ੁਰੂ ਹੋਈ। ਏਧਰ ਤਾਂ ਯੋਗ ਪ੍ਰਾਪਤ ਨ ਹੋਇਆ, ਮੁਕਤੀ ਦਾ ਕੁੱਝ ਮੂੰਹ ਨ ਡਿੱਠਾ, ਇਧਰ ਹੁਣ ਮਾਲਾ ਸ਼ੁਰੂ ਹੋਈ ਹੈ, ਦੇਖੀਏ ਇਹ ਕਦੋਂ ਰਿਸ਼ੀ ਰੂਪ ਹੁੰਦੇ

ਹਨ। ਸਾਡੀ ਹਾਲਤ ਭਿਆਨਕ ਹੈ। ਮੇਰੇ ਵਿਚਾਰ ਅੰਦਰ ਪੁਰਾਤਨ ਰਿਸ਼ੀਆਂ ਦੇ ਨਾਲ ਅੱਜ-ਕੱਲ ਦੇ ਭਾਰਤਵਾਸੀ ਉਨ੍ਹਾਂ ਦੀ ਸ਼ੂਦਰਾਂ ਦੀ ਜਮਾਤ ਕੋਲੋਂ ਵੀ ਘੱਟ ਰੁਤਬੇ ਦੇ ਹਨ। ਉਹ ਰਿਸ਼ੀ ਹੁਣ ਹੁੰਦੇ ਤਾਂ ਸੱਚ ਕਹਿੰਦਾ ਹਾਂ, ਸਾਨੂੰ ਮਲੇਛ ਕਹਿ ਕੇ ਸਾਡੇ ਨਾਲ ਧਰਮ-ਯੁੱਧ ਕਰਦੇ ਤੇ ਸਾਨੂੰ ਏਸ ਦੇਸ਼ 'ਚੋਂ ਕੱਢ ਕੇ ਏਸ ਧਰਤੀ ਨੂੰ ਮੁੜ ਆਰੀਆ-ਭੂਮੀ ਬਣਾਉਂਦੇ। ਉਨ੍ਹਾਂ ਨੇ ਰਾਕਸ਼ਸਾਂ ਨਾਲ ਯੁੱਧ ਮਚਾਇਆ ਹੀ ਸੀ ਤੇ ਰਾਕਸ਼ਸਾਂ ਨੂੰ ਹਰਾਇਆ ਹੀ ਸੀ। ਉਹ ਜਦ ਰਾਕਸ਼ਸਾਂ ਨੂੰ ਸਹਾਰ ਨਾ ਸਕੇ ਤਾਂ ਸਾਨੂੰ ਮੈਲੇ ਕੁਚੈਲੇ ਲੋਕਾਂ ਨੂੰ ਆਪਣੇ ਪਾਸ ਕਦੋਂ ਫਟਕਣ ਦੇਂਦੇ। ਕੀ ਰਾਕਸ਼ਸ ਜਨਮ ਤੋਂ ਉਨ੍ਹਾਂ ਦੇ ਹੀ ਪੁੱਤ ਪੋਤੇ ਨਹੀਂ ਸਨ ?

ਗਿਆਨ

ਤਪ ਨਹੀਂ, ਗਿਆਨ ਹੀ ਸਹੀ। ਹਾਇ ! ਉਹ ਸ਼ੈ ਜਿਸ ਨੂੰ ਪ੍ਰਾਪਤ ਕਰ ਕੇ ਸ਼ਾਕਯ ਮੁਨਿ ਬੁੱਧ ਹੋ ਗਏ ਜਿਸ ਨੂੰ ਪ੍ਰਾਪਤ ਕਰ ਕੇ ਮੀਰਾ ਬਾਈ ਸਾਡੇ ਦਿਲ ਤੇ ਦਿਮਾਗ਼ ਨੂੰ ਝੰਜੋੜ ਦੇਣ ਵਾਲੀ ਸ਼ਕਤੀ ਵਿਚ ਬਦਲ ਗਈ, ਜਿਸ ਨੂੰ ਪ੍ਰਾਪਤ ਕਰਕੇ ਇਕ ਤ੍ਰਖਾਣ ਦਾ ਪੁੱਤਰ ਅੱਧੇ ਸੰਸਾਰ ਦਾ ਮੁਹਰੀ ਹੋ ਗਿਆ, ਜਿਸ ਨੂੰ ਪ੍ਰਾਪਤ ਕਰ ਕੇ ਜੁਲਾਹੇ, ਚਮਾਰ, ਚੰਡਾਲ ਬ੍ਰਾਹਮਣਾਂ ਕੋਲੋਂ ਉੱਤਮ ਪਦਵੀ ਨੂੰ ਪ੍ਰਾਪਤ ਹੋ ਗਏ, ਜਿਸ ਦੇ ਚਮਤਕਾਰ ਦੁਆਰਾ ਬਾਲਕ ਧਰੂਅ ਅਟਲ ਪਦਵੀ ਨੂੰ ਪ੍ਰਾਪਤ ਕਰ ਕੇ ਨਾ ਡੋਲਨ ਵਾਲਾ ਤਾਰਾ ਹੋ ਗਿਆ, ਉਹ ਗਿਆਨ ਜਿਸ ਦੀ ਮਹਿਮਾ ਗਾਉਂਦੇ ਗਾਉਂਦੇ ਚੈਤੰਨ ਆਪਣੀ ਸਾਰੀ ਵਿਦਿਆ ਭੁੱਲ ਗਏ, ਜਿਸ ਦੀ ਮਹਿਮਾ ਨਾਲ ਇਕ ਊਠ ਲੱਦਣ ਵਾਲਾ ਚਾਕਰ ਅਜੇਹਾ ਬਲਵਾਨ ਹੋਇਆ ਕਿ ਕੁੱਲ ਪ੍ਰਿਥਵੀ ਉਸ ਜੋਤਵਾਨ ਪੁਰਖ ਦੇ ਬਲ ਅੱਗੇ ਤ੍ਰਭਕ ਉੱਠੀ, ਉਸ ਦੇ ਆ ਜਾਣ ਨਾਲ ਤਾਂ ਹੋਰ ਭਲਾ ਕੀ ਬਾਕੀ ਰਹਿ ਗਿਆ, ਐਪਰ ਨਹੀਂ ! ਭਾਰਤਵਾਸੀਆਂ ਨੇ ਇਕ ਪ੍ਰਕਾਰ ਦੀ ਪੁੜੀ ਤੇ ਗੋਲੀ ਬਣਾਈ ਹੈ ਜਿਸ ਨੂੰ ਖਾਂਦਿਆਂ ਹੀ ਚੰਨ ਚੜ੍ਹ ਜਾਂਦਾ ਹੈ, ਗਿਆਨ ਹੋ ਜਾਂਦਾ ਹੈ, ਉਹ ਪਾਸ ਹੋਵੇ ਤਾਂ ਫੇਰ ਹੋਰ ਕੁੱਝ ਨਹੀਂ ਚਾਹੀਦਾ, ਉਏ ਜਗਤ ਵਾਲਿਓ ! ਬੜੀ ਭਾਰੀ ਲਭਤ ਹੋਈ ਹੈ। ਛੱਡ ਦਿਓ ਆਪਣੀ ਪਦਾਰਥ ਵਿਦਿਆ, ਜਾਣ ਦਿਓ ਇਹ ਰੇਲ, ਇਹ ਜਹਾਜ਼, ਇਹ ਨਵੇਂ ਨਵੇਂ ਉਡਣ ਖਟੋਲੇ, ਹਵਾ ਵਿਚ ਤੈਰਨ ਵਾਲੇ ਲੋਹੇ ਦੇ ਟਾਪੂ। ਪ੍ਰਕਿਰਤੀ ਦੀ ਕਿਉਂ ਛਾਣਬੀਨ ਕਰ ਰਹੇ ਹੋ ? ਇਸ ਦਾ ਕੀ ਫਾਇਦਾ ?

ਰਿਸ਼ੀਕੇਸ਼ ਵਿਚ ਉਹ ਅਣਮੁੱਲੀ ਗੋਲੀ ਵਿਕਦੀ ਹੈ ਤੇ ਕੇਵਲ ਦੋ ਰੋਟੀਆਂ ਦੇ ਮੁੱਲ, ਜਿਸ ਗੋਲੀ ਨੂੰ ਖਾਣ ਨਾਲ ਸਾਰੇ ਜਨਮ ਕੱਟੇ ਜਾਂਦੇ ਹਨ, ਸਭ

ਬੰਧਨ ਟੁੱਟ ਜਾਂਦੇ ਹਨ ਤੇ ਜੀਵਨ ਮੁਕਤ ਹੋ ਕੇ ਸਾਰੇ ਸੰਸਾਰ ਨੂੰ ਆਪਣੀਆਂ ਉਂਗਲੀਆਂ ਤੇ ਨਚਾ ਸਕੋਗੇ, ਬਿਨਾਂ ਅੱਖਾਂ ਦੇ, ਬਿਨਾਂ ਬੁੱਧੀ ਦੇ, ਬਿਨਾਂ ਵਿਦਿਆ ਦੇ, ਬਿਨਾਂ ਦਿਲ ਦੇ, ਬੁੱਧ ਵਾਲਾ ਨਿਰਵਾਣ, ਪਤੰਜਲੀ ਵਾਲੀ ਮੁਕਤੀ, ਵੈਸ਼ੇਸ਼ਿਕ ਵਾਲੀ ਵਿਸ਼ੇਸ਼, ਵੇਦਾਂਤ ਵਾਲੀ ਵਿਦੇਹ ਮੁਕਤੀ ਮਿਲਦੀ ਹੈ। ਵੇਚਨ ਵਾਲੇ ਵੇਖੋ ! ਔਹ ਜਾ ਰਹੇ ਹਨ। ਤਿੰਨ ਚਾਰ ਪੁਸਤਕਾਂ ਹੱਥ ਵਿਚ ਹਨ ਤੇ ਤਿੰਨ ਚਾਰ ਪੁਸਤਕਾਂ ਕੱਛ ਵਿਚ। ਆਪ ਨੂੰ ਇਨ੍ਹਾਂ ਦੋ ਪੁਸਤਕਾਂ ਦੇ ਪੜ੍ਹਨ ਨਾਲ ਹੀ ਬ੍ਰਹਮ ਦੀ ਪ੍ਰਾਪਤੀ ਹੋ ਗਈ ਹੈ, ਗਿਆਨ ਹੋ ਗਿਆ ਹੈ ਇਕ ਵਿਚਾਰਾ ਪੰਜਾਬੀ ਸਾਧ ਗਾਉਂਦਾ ਸੀ :

"ਅੱਗੇ ਆਪ ਖ਼ੁਦਾ ਕਹਾਉਂਦੇ ਸਾਂ, ਹੁਣ ਬਣ ਬੈਠੇ ਖ਼ੁਦਾ ਦੇ ਪਿਓ ਯਾਰੋ," ਅਤੇ ਦੂਜੇ ਨੇ ਇਹ ਵਾਕ ਉਚਾਰਣ ਕੀਤਾ :

"ਸਨ ਜੋੜੇ ਸਨ ਕਪੜੇ ਸਨ ਤਾਂ ਆਪ ਖ਼ੁਦਾ,
ਜੋ ਮੂਰਖ ਨਹੀਂ ਤਿਸਕੋ ਭਇਆ ਖ਼ੁਦਾ।"

ਪਿਆਰੇ ਪਾਠਕ ! ਪੁਸਤਕਾਂ ਦੇ ਗਿਆਨ ਤੋਂ ਕੀ ਲਾਭ ? ਜੇ ਆਪਣੇ ਜੀਵਨ ਦਾ ਹੀ ਕੁੱਝ ਪਤਾ ਨਹੀਂ, ਪੁਸਤਕਾਂ ਸਾਡੇ ਪਾਸ ਪਈਆਂ ਹਨ ਤੇ ਉਹ ਵੀ ਹਨੇਰੀ ਰਾਤ ਵਿਚ ਦੋਵੇਂ ਸੁੱਤੇ ਹਾਂ, ਕੋਈ ਜੋਤ ਚਾਹੀਦੀ ਹੈ, ਕੋਈ ਇੰਦਰ ਦੀ ਕਲਾ ਚਾਹੀਦੀ ਹੈ, ਜਿਸ ਦੇ ਮਰੋੜਨ ਨਾਲ ਬਿਜਲੀ ਦੇ ਲੈਂਪ ਜੱਗ ਉੱਠਣ। ਉਸ ਸਮੇਂ ਜੇਕਰ ਜੀ ਚਾਹੇ ਤਾਂ ਇਕ ਅੱਧ ਪੁਸਤਕ ਦਾ ਇੱਕ ਅੱਧ ਅੱਖਰ ਪੜ੍ਹਨ ਤੇ ਵੀ ਕੁੱਝ ਸਮਝ ਪਵੇ ਤੇ ਕੁੱਝ ਲਾਭ ਹੋਵੇ।

ਗੱਲ ਬਹੁਤ ਲੰਮੀ ਹੁੰਦੀ ਜਾਂਦੀ ਹੈ। ਇਨ੍ਹਾਂ ਚੋਚਲਿਆਂ ਰਾਹੀਂ, ਇਨ੍ਹਾਂ ਮਖ਼ੌਲਾ ਅੰਦਰ, ਇਨ੍ਹਾਂ ਸੁਪਨਿਆਂ ਹੱਥੀਂ ਇਸ ਦੇਸ਼ ਵਿਚ ਕਦ ਪਵਿੱਤਰਤਾ ਆਉਂਦੀ ਹੈ ? ਇਹ ਤਮਾਸ਼ੇ ਸਾਰੇ ਹੀ ਚੰਗੇ ਹਨ ਤੇ ਉੱਪਰ ਲਿਖੇ ਕਈ ਇਕ ਸਾਧਨ ਵੱਧ ਤੋਂ ਵੱਧ ਪਵਿੱਤਰਤਾ ਦੇਣ ਵਾਲੇ ਹਨ, ਪਵਿੱਤਰਤਾ ਵਧਾਣ ਵਾਲੇ ਹਨ, ਐਪਰ ਕਿਸੇ ਕਿਸੇ ਨੂੰ ਤਾਂ ਇਹ ਰੋਗ ਹੀ ਵਧਾਂਦੇ ਹਨ। ਵਿਦਿਆ ਕੇਹੀ ਚੰਗੀ ਚੀਜ਼ ਹੈ ਪਰ ਕਮੀਨੇਪਣ ਦੀ ਵਿਦਿਆ, ਅਰਥਾਤ ਕੇਵਲ ਪੁਸਤਕ ਪੂਜਾ ਤਾਂ ਵੱਧ ਤੋਂ ਵੱਧ ਕੋਲੋਂ ਵੀ ਵਧੇਰੇ ਉੱਨਤੀ ਦੇਂਦੀ ਹੈ। ਚਤੁਰਾਈ ਆਉਂਦੀ ਹੈ, ਕਮੀਨੇਪਣ ਲਈ ਤੇ ਨੀਰਤਾ ਲਈ ਉੱਤਮ ਤੋਂ ਉੱਤਮ ਸ਼ਾਸਤਰ, ਦਲੀਲਾਂ ਤੇ ਉਦਾਹਰਣਾਂ ਮਿਲ ਜਾਂਦੇ ਹਨ ਤਾਕਤ ਕੇਹੀ ਉੱਤਮ ਚੀਜ਼ ਹੈ ਪਰ ਇਹ ਜ਼ਾਲਿਮ ਦੇ ਹੱਥ ਇਹ ਵੀ ਤਾਂ ਨੀਚਤਾ ਨੂੰ ਹੀ ਵਧਾਉਂਦੀ ਹੈ। ਧਨ ਇਸ ਸਮੇਂ ਦੇ ਚਾਲੂ ਜੀਵਨ ਵਿਚ ਕਿੰਨਾ ਵੱਡਾ ਸੰਜੋਇਆ ਜ਼ਰ ਹੈ ਪਰ ਦੇਖੋ ਤਾਂ ਸਹੀ ਕੀ ਕਰ ਰਿਹਾ ਹੈ।

ਅਜੇਹੇ ਸਾਧਨਾਂ ਦੇ ਭਲੇ ਬੁਰੇ ਹੋਣ ਤੇ ਮੈਂ ਕੋਈ ਪੰਡਿਤਾਈ ਭਰਿਆ ਵਿਆਖਿਆਨ ਨਹੀਂ ਕਰਦਾ, ਮੈਂ ਤਾਂ ਆਪਣੇ ਦੇਸ਼ ਦੀ ਅਪਵਿੱਤਰਤਾ ਹਟਾਉਣ ਤੇ ਆਪਣੇ ਭੈਣਾਂ-ਭਰਾਵਾਂ ਨੂੰ ਮਨੁੱਖ ਬਣਾਉਣ ਦੇ ਸਾਧਨ ਦੇਖਣੇ ਹਨ। ਜਦੋਂ ਅਸੀਂ ਮਨੁੱਖ ਬਣ ਜਾਵਾਂਗੇ ਤਦ ਤਾਂ ਤਲਵਾਰ ਵੀ, ਢਾਲ ਵੀ, ਜਪ ਵੀ, ਤਪ ਵੀ ਬ੍ਰਹਮ-ਚਰਜ ਵੀ, ਵੈਰਾਗ ਵੀ ਸਾਰੇ ਦੇ ਸਾਰੇ ਸਾਡੇ ਹਥ ਦੇ ਕੰਙਣ ਵਾਂਗ ਸ਼ੋਭਾ ਦੇਣਗੇ ਤੇ ਲਾਭਦਾਇਕ ਹੋਣਗੇ। ਏਸ ਲਈ ਬਣੋ ਪਹਿਲਾਂ ਮਾਮੂਲੀ ਮਨੁੱਖ, ਜਿਉਂਦੇ ਜਾਗਦੇ ਮਨੁੱਖ, ਹੱਸਦੇ ਖੇਡਦੇ ਮਨੁੱਖ, ਨ੍ਹਾਤੇ ਧੋਤੇ ਮਨੁੱਖ, ਕੁਦਰਤੀ ਮਨੁੱਖ, ਜਾਣ ਵਾਲੇ ਮਨੁੱਖ, ਪਵਿਤਰ ਮਨ, ਪਵਿੱਤਰ ਬੁੱਧੀ ਵਾਲੇ ਮਨੁੱਖ, ਪ੍ਰੇਮ ਭਰੇ, ਰਸ ਭਰੇ, ਜਾਨ ਭਰੇ, ਪ੍ਰਾਣ ਭਰੇ ਮਨੁੱਖ। ਹਲ ਚਲਾਣ ਵਾਲੇ, ਪਸੀਨਾ ਵਹਾਣ ਵਾਲੇ, ਜਾਨਾ ਗਵਾਣ ਵਾਲੇ, ਸੱਚੇ, ਕਪਟ ਤੋਂ ਦੂਰ, ਦਲਿਦਰਤਾ ਤੋਂ ਦੂਰ, ਪ੍ਰੇਮ ਨਾਲ ਭਿੱਜੇ ਹੋਏ, ਅੱਗ ਨਾਲ ਸੁੱਕੇ ਹੋਏ ਮਨੁੱਖ। ਆਓ, ਸਭ ਪਰਿਵਾਰ ਮਿਲ ਕੇ ਕੁਝ ਯਤਨ ਕਰੀਏ।

੫

ਮਜ਼ੂਰੀ ਤੇ ਪ੍ਰੇਮ

ਹਲ ਵਾਹੁਣ ਵਾਲੇ ਦਾ ਜੀਵਨ

ਹਲ-ਵਾਹੁਣ ਵਾਲੇ ਤੇ ਭੇਡਾਂ ਚਾਰਨ ਵਾਲੇ ਅਕਸਰ ਸੁਭਾ ਤੋਂ ਹੀ ਸਾਧੂ ਹੁੰਦੇ ਹਨ। ਹਾਲੀ ਆਪਣੀ ਦੇਹ ਦਾ ਹਵਨ ਕੀਤਾ ਕਰਦੇ ਹਨ। ਖੇਤ ਉਨ੍ਹਾਂ ਦੀ ਹਵਨਸ਼ਾਲਾ ਹੈ। ਉਨ੍ਹਾਂ ਦੇ ਹਵਨ-ਕੁੰਡ ਦੀ ਲਾਟ ਦੀਆਂ ਕਿਰਨਾਂ ਚੌਲਾਂ ਦੇ ਲੰਮੇ ਤੇ ਸਫੈਦ ਦਾਨਿਆਂ ਦੇ ਰੂਪ ਵਿਚ ਨਿਕਲ਼ਦੀਆਂ ਹਨ। ਕਣਕ ਦੇ ਲਾਲ ਲਾਲ ਦਾਣੇ ਏਸ ਅਗਨ ਦੀਆਂ ਚਿਂਗਿਆੜੀਆਂ ਦੀਆਂ ਡਲੀਆਂ ਸਮਾਨ ਹਨ। ਮੈਂ ਜਦ ਕਦੀ ਅਨਾਰ ਦੇ ਫੁੱਲ ਤੇ ਫਲ ਦੇਖਦਾ ਹਾਂ ਤਾਂ ਮੈਨੂੰ ਬਾਗ ਦੇ ਮਾਲੀ ਦਾ ਲਹੂ ਯਾਦ ਆ ਜਾਂਦਾ ਹੈ। ਉਸ ਦੀ ਮਿਹਨਤ ਦੇ ਕਣ ਧਰਤੀ 'ਚ ਰਲ ਕੇ ਉੱਗੇ ਹਨ ਤੇ ਹਵਾ ਅਤੇ ਧੁੱਪ ਦੀ ਮਦਦ ਨਾਲ ਉਸ ਮਿੱਠੇ ਰੂਪ ਵਿਚ ਨਜ਼ਰ ਆ ਰਹੇ ਹਨ। ਕਿਰਸਾਨ ਮੈਨੂੰ ਅੰਨ, ਫੁੱਲਾਂ ਤੇ ਫਲਾਂ 'ਚੋਂ ਉਦੈ ਹੁੰਦਾ ਜਿਹਾ ਦਿਸਦਾ ਹੈ। ਕਹਿੰਦੇ ਹਨ ਕਿ ਬ੍ਰਹਮ-ਆਹੁਤੀ ਤੋਂ ਜਗਤ ਪੈਦਾ ਹੋਇਆ ਹੈ। ਅੰਨ ਉਪਜਾਉਣ ਵਿਚ ਕਿਰਸਾਨ ਵੀ ਬ੍ਰਹਮਾ ਦੇ ਤੁੱਲ ਹੈ। ਖੇਤੀ ਉਸ ਦੇ ਰੱਬੀ ਪਿਆਰ ਦਾ ਕੇਂਦਰ ਹੈ ਉਸ ਦਾ ਸਾਰਾ ਜੀਵਨ ਪੱਤੇ ਪੱਤੇ, ਫੁੱਲ ਫੁੱਲ ਅਤੇ ਫਲ ਫਲ ਵਿਚ ਖਿਲਰ ਰਿਹਾ ਹੈ। ਬ੍ਰਿਖਾਂ ਵਾਂਗ ਉਸ ਦਾ ਵੀ ਜੀਵਨ ਇਕ ਤਰ੍ਹਾਂ ਦਾ ਮੌਨ-ਜੀਵਨ ਹੈ। ਪੌਣ, ਪਾਣੀ, ਧਰਤੀ, ਆਕਾਸ਼ ਤੇ ਆਕਾਸ਼ ਦੀ ਅਰੋਗਤਾ ਇਸ ਦੇ ਹਿੱਸੇ ਆਈ ਹੈ, ਵਿਦਿਆ, ਇਹ ਨਹੀਂ ਪੜ੍ਹਿਆ; ਜਪ ਤਪ ਇਹ ਨਹੀਂ ਕਰਦਾ; ਸੰਧਿਆ-ਪੂਜਾ, ਅਰਦਾਸਾਂ ਇਸ ਨੂੰ ਨਹੀਂ ਕਰਨੀਆਂ ਆਉਂਦੀਆਂ; ਗਿਆਨ-ਧਿਆਨ ਦਾ ਇਸ ਨੂੰ ਪਤਾ ਨਹੀਂ; ਮਸੀਤਾਂ, ਗਿਰਜਿਆ, ਮੰਦਿਰਾਂ ਨਾਲ ਇਸ ਨੂੰ ਵਾਸਤਾ ਨਹੀਂ; ਬੱਸ ਨਿਰਾ ਸਾਗ-ਪੱਤ ਖਾ ਕੇ ਇਹ ਆਪਣੀ ਭੁੱਖ ਮਿਟਾ ਲੈਂਦਾ ਹੈ ਤੇ ਵਗਦੀਆਂ ਨਦੀਆਂ ਦੇ ਸੀਤਲ ਜਲ ਨਾਲ ਇਹ ਆਪਣੀ ਤ੍ਰੇਹ ਮਿਟਾ ਲੈਂਦਾ ਹੈ। ਅੰਮ੍ਰਿਤ ਵੇਲੇ ਉਠ ਕੇ ਇਹ ਆਪਣੀ ਹਰਵਾਲੀ

ਨੂੰ ਹੀ ਮੱਥਾ ਟੇਕ ਲੈਂਦਾ ਹੈ ਤੇ ਹਲ ਜੋੜਨ ਚਲਿਆ ਜਾਂਦਾ ਹੈ। ਦੁਪਹਿਰ ਦੀ ਧੁੱਪ ਇਸ ਨੂੰ ਸੁਖਾਂਦੀ ਹੈ। ਇਸ ਦੇ ਬਾਲ ਮਿੱਟੀ ਵਿਚ ਹੀ ਖੇਲ੍ਹ ਮਲ੍ਹ ਕੇ ਵੱਡੇ ਹੋ ਜਾਂਦੇ ਹਨ। ਇਸ ਨੂੰ ਤੇ ਇਸ ਦੇ ਪਰਿਵਾਰ ਨੂੰ ਬਲਦਾਂ ਤੇ ਗਾਈਆਂ ਨਾਲ ਪਿਆਰ ਹੈ। ਉਨ੍ਹਾਂ ਦੀ ਇਹ ਟਹਿਲ-ਸੇਵਾ ਕਰਦਾ ਹੈ, ਮੀਂਹ ਵਰ੍ਹਾਉਣ ਵਾਲੇ ਦੇ ਦਰਸ਼ਨ ਨੂੰ ਉਸ ਦੀਆਂ ਅੱਖਾਂ ਨੀਲੇ ਅੰਬਰ ਵਲ ਉਠਦੀਆਂ ਹਨ। ਨੈਣਾਂ ਦੀ ਬੋਲੀ ਨਾਲ ਇਹ ਅਰਦਾਸਾ ਕਰਦਾ ਹੈ। ਸੰਝ, ਸਵੇਰ, ਦਿਨ ਤੇ ਰਾਤ ਵਿਧਾਤਾ ਇਸ ਦੇ ਮਨ ਵਿਚ ਚੇਤੇ ਜਾਣ ਵਾਲੇ ਤੇ ਅਦਭੁੱਤ ਅਧਿਆਤਮਿਕ ਭਾਵਾਂ ਦੀ ਵਰਖਾ ਕਰਦਾ ਰਹਿੰਦਾ ਹੈ। ਜੇ ਕੋਈ ਇਸ ਦੇ ਘਰ ਆ ਜਾਂਦਾ ਹੈ ਤਾਂ ਇਹ ਉਸ ਦੀ ਮਿੱਠੇ ਬੋਲਾਂ, ਮਿੱਠੇ ਜਲ ਤੇ ਅੰਨ ਰਾਹੀਂ ਸੇਵਾ ਕਰਦਾ ਹੈ। ਧੋਖਾ ਕਿਸੇ ਨੂੰ ਨਹੀਂ ਦੇਂਦਾ, ਜੇਕਰ ਕੋਈ ਇਸ ਨੂੰ ਧੋਖਾ ਵੀ ਦੇਵੇ ਤਾਂ ਉਸ ਦਾ ਇਸ ਨੂੰ ਅਹਿਸਾਸ ਨਹੀਂ ਹੁੰਦਾ; ਕਿਉਂ ਜੋ ਇਸ ਦੀ ਖੇਤੀ ਹਰੀ ਭਰੀ ਹੈ; ਗਾਂ ਇਸ ਦੀ ਦੁੱਧ ਦੇਂਦੀ ਹੈ; ਇਸਤ੍ਰੀ ਇਸ ਦੀ ਆਗਿਆਕਾਰ ਹੈ; ਘਰ ਇਸ ਦਾ ਪੁੰਨ ਤੇ ਅਨੰਦ ਦਾ ਟਿਕਾਣਾ ਹੈ; ਢੋਰਾਂ ਨੂੰ ਚਾਰਨਾ, ਨਹਾਉਣਾ, ਖੁਵਾਉਣਾ, ਪਿਆਉਣਾ, ਉਨ੍ਹਾਂ ਦੇ ਬੱਚਿਆਂ ਦੀ ਆਪਣੇ ਬੱਚਿਆਂ ਵਾਂਗ ਸੇਵਾ ਕਰਨਾ ਖੁਲ੍ਹੇ ਆਕਾਸ਼ ਹੇਠ ਉਨ੍ਹਾਂ ਨਾਲ ਰਾਤਾਂ ਕੱਟ ਦੇਣੀਆਂ, ਕੀ ਆਤਮ-ਖੋਜ ਤੋਂ ਘੱਟ ਹੈ ? ਦਇਆ, ਵੀਰਤਾ ਤੇ ਪਿਆਰ ਜਿੰਨਾ ਇਨ੍ਹਾਂ ਕਿਰਸਾਨਾਂ ਵਿਚ ਦੇਖਣ ਵਿਚ ਆਉਂਦਾ ਹੈ ਹੋਰ ਕਿਧਰੇ ਨਹੀਂ।

ਗੁਰੂ ਨਾਨਕ ਨੇ ਠੀਕ ਕਿਹਾ ਹੈ 'ਭੋਲੇ ਭਾਇ ਮਿਲੇ ਰਘੁਰਾਰਿਆ'। ਭੋਲੇ ਭਾਲੇ ਕਿਰਸਾਨਾਂ ਨੂੰ ਕਰਤਾਰ ਆਪਣੇ ਖੁਲ੍ਹੇ ਦੀਦਾਰ ਦੇਂਦਾ ਹੈ। ਉਨ੍ਹਾਂ ਫੂਸ ਦੀਆਂ ਛੱਤਾਂ ਵਿਚੋਂ ਛਣ ਛਣ ਕੇ ਸੂਰਜ ਚੰਦ ਉਨ੍ਹਾਂ ਦੇ ਬਿਸਤਰਿਆਂ ਤੇ ਪੈਂਦੇ ਹਨ। ਇਹ ਕੁਦਰਤ ਦੇ ਜਵਾਨ ਸਾਧੂ ਹਨ' ਜਦ ਕਦੀ ਮੈਂ ਇਨ੍ਹਾਂ ਬੇਮੁਕਟ ਗੋਪਾਲਾਂ ਦਾ ਦਰਸ਼ਨ ਕਰਦਾ ਹਾਂ, ਮੇਰਾ ਸਿਰ ਆਪੇ ਹੀ ਝੁਕ ਜਾਂਦਾ ਹੈ। ਜਦ ਮੈਨੂੰ ਕਿਸੇ ਫਕੀਰ ਦੇ ਦਰਸ਼ਨ ਹੁੰਦੇ ਹਨ ਤਾਂ ਮੈਨੂੰ ਲਗਦਾ ਹੈ ਕਿ ਨੰਗੇ ਸਿਰ, ਨੰਗੇ ਪੈਰ, ਇਕ ਪਟਕਾ ਸਿਰ ਤੇ, ਇਕ ਲੰਗੋਟੀ ਤੇੜ, ਇਕ ਕਾਲੀ ਕੰਬਲੀ ਤੇ ਇਕ ਲੰਮੀ ਲਾਠੀ ਹੱਥ ਵਿਚ ਫੜੀ ਗਊਆਂ ਦਾ ਮਿੱਤਰ, ਬਲਦਾਂ ਦਾ ਬੇਲੀ, ਪੰਛੀਆਂ ਦਾ ਮਾਲਕ, ਮਹਾਰਾਜਿਆਂ ਦਾ ਅੰਨ-ਦਾਤਾ, ਬਾਦਸ਼ਾਹਾਂ ਨੂੰ ਤਾਜ ਪਹਿਨਾਣ ਤੇ ਤਖ਼ਤਾਂ ਤੇ ਬਿਠਾਣ ਵਾਲਾ, ਨੰਗਿਆਂ, ਭੁੱਖਿਆਂ ਨੂੰ ਪਾਲਣ ਵਾਲਾ, ਸਮਾਜ ਦੀ ਫੁਲਵਾੜੀ ਦਾ ਮਾਲੀ ਤੇ ਖੇਤਾਂ ਦਾ ਵਾਲੀ ਜਾ ਰਿਹਾ ਹੈ।

ਭੇਡਾਂ ਚਾਰਨ ਵਾਲੇ ਦਾ ਜੀਵਨ

ਇਕ ਵਾਰ ਮੈਂ ਇਕ ਬੁੱਢੇ ਪਾਲੀ ਨੂੰ ਦੇਖਿਆ। ਸੰਘਣਾ ਜੰਗਲ ਹੈ। ਹਰੇ ਹਰੇ ਬ੍ਰਿਖਾਂ ਹੇਠ ਉਸ ਦੀਆਂ ਚਿੱਟੀਆਂ ਊੱਨ ਵਾਲੀਆਂ ਭੇਡਾਂ ਮੂੰਹ ਨਿਵਾਈ ਲਵੀਆਂ ਲਵੀਆਂ ਘਾਹ ਦੀਆਂ ਪੱਤੀਆਂ ਚਰ ਰਹੀਆਂ ਹਨ। ਪਾਲੀ ਬੈਠਾ ਆਕਾਸ਼ ਵਲ ਵੇਂਹਦਾ ਊੱਨ ਕਤਦਾ ਜਾਂਦਾ ਹੈ ਉਸ ਦੀਆਂ ਅੱਖਾਂ ਵਿਚ ਪ੍ਰੇਮ ਦੀ ਲਾਲੀ ਸਮਾਈ ਹੋਈ ਹੈ। ਉਹ ਅਰੋਗਤਾ ਦੀ ਪਵਿੱਤਰ ਮਦਿਰਾ ਨਾਲ ਮਸਤ ਹੋ ਰਿਹਾ ਹੈ। ਵਾਲ ਉਸ ਦੇ ਸਾਰੇ ਧੌਲੇ ਹਨ ਧੌਲੇ ਹੋਣ ਕਿਉਂ ਨਾ? ਚਿੱਟੀਆਂ-ਸਫੈਦ ਭੇਡਾਂ ਦਾ ਮਾਲਿਕ ਜੁ ਹੋਇਆ। ਪਰ ਉਸ ਦੇ ਚਿਹਰੇ-ਮੁਹਰੇ ਲਾਲੀ ਡੁੱਲ-ਡੁੱਲ ਪੈਂਦੀ ਹੈ। ਬਰਫਾਨੀ ਇਲਾਕੇ ਵਿਚ ਉਹ ਜਾਣੋਂ ਵਿਸ਼ਨੂੰ ਵਾਂਗ ਖੀਰ ਸਾਗਰ ਵਿਚ ਲੇਟਿਆ ਹੈ, ਉਸ ਦੀ ਪਿਆਰੀ ਗਹਿਲ ਉਸ ਦੇ ਲਾਗੇ ਬੈਠੀ ਰੋਟੀ ਪਕਾ ਰਹੀ ਹੈ। ਉਸ ਦੀਆਂ ਦੋ ਮੁਟਿਆਰ ਧੀਆਂ ਉਸ ਦੇ ਨਾਲ ਜੰਗਲ ਜੰਗਲ ਭੇਡਾਂ ਚਾਰਦੀਆਂ ਘੁੰਮਦੀਆਂ ਹਨ। ਆਪਣੇ ਮਾਂ ਪਿਉ ਤੇ ਭੇਡਾਂ ਤੋਂ ਛੁੱਟ ਉਨ੍ਹਾਂ ਅਜੇ ਕਿਸੇ ਹੋਰ ਨੂੰ ਨਹੀਂ ਤੱਕਿਆ। ਮਕਾਨ ਉਨ੍ਹਾਂ ਦਾ ਲਾਮਕਾਨ ਤੇ ਘਰ ਉਨ੍ਹਾਂ ਦਾ ਬੇਘਰ ਹੈ; ਇਹ ਲੋਕੀ ਬੇ-ਨਾਉਂ ਤੇ ਬੇ-ਪਤਾ ਹਨ।

"ਕਿਸੀ ਘਰ ਮੇਂ ਨ ਘਰ ਕਰ ਬੈਠਨਾ ਇਸ ਦਾਰੇ ਫ਼ਾਨੀ ਮੇਂ,
ਠਿਕਾਨਾ ਬੇਠਿਕਾਨਾ ਔਰ ਮਕਾਂ ਘਰ ਲਾਮਕਾ ਰਖਨਾ।"

ਇਸ ਰੱਬੀ ਪਰਿਵਾਰ ਨੂੰ ਕੁਟੀਆ ਦੀ ਲੋੜ ਨਹੀਂ। ਜਿੱਥੇ ਜਾਂਦੇ ਹਨ, ਇਕ ਘਾਹ ਦਾ ਝੌਂਪੜਾ ਬਣਾ ਲੈਂਦੇ ਹਨ। ਦਿਨ ਨੂੰ ਸੂਰਜ, ਰਾਤ ਨੂੰ ਤਾਰੇ ਇਨ੍ਹਾਂ ਦੇ ਮਿੱਤਰ ਤੇ ਸਾਥੀ ਹਨ।

"ਹੋਏ ਥੇ ਆਖੋਂ ਕੇ ਕਲ ਇਸ਼ਾਰੇ ਇਧਰ ਹਮਾਰੇ ਉਧਰ ਤੁਮਾਰੇ।
ਚਲੇ ਥੇ ਅਸ਼ਕੋਂ ਕੇ ਕਿਆ ਫੱਵਾਰੇ, ਇਧਰ ਹਮਾਰੇ ਉਧਰ ਤੁਮਾਰੇ"

ਬੋਲਦਾ ਕੋਈ ਨਹੀਂ। ਸੂਰਜ ਉਸ ਦੀ ਜਵਾਨੀ ਦੀ ਪਵਿੱਤਰਤਾ ਤੇ ਰੀਝਿਆ ਹੈ ਤੇ ਉਹ ਅਸਚਰਜ ਦੇ ਅਵਤਾਰ ਸੂਰਜ ਦੀ ਵਡਿਆਈ ਦੇ ਹੜ੍ਹ ਵਿਚ ਪਈ ਨੱਚ ਰਹੀ ਹੈ।

ਇਨ੍ਹਾਂ ਦਾ ਜੀਵਨ ਬਰਫ ਦੀ ਪਵਿੱਤਰਤਾ ਤੇ ਵਣ ਦੀ ਸੁਗੰਧੀ ਨਾਲ ਸੁਗੰਧਿਤ ਹੈ। ਇਨ੍ਹਾਂ ਦੇ ਮੁਹਾਂਦਰੇ, ਸਰੀਰ ਦੇ ਅੰਦਰਲੇ ਦੁੱਧ ਚਿੱਟੇ, ਇਨ੍ਹਾਂ ਦੀ ਬਰਫ, ਪਰਬਤ ਤੇ ਭੇਡਾਂ ਦੁੱਧ-ਚਿੱਟੀਆਂ। ਆਪਣੀਆਂ ਭੇਡਾਂ ਵਿਚੋਂ ਇਹ ਪਰਿਵਾਰ ਸ਼ੁੱਧ ਦੁੱਧ ਚਿੱਟੇ ਰੱਬ ਦੇ ਦਰਸ਼ਨ ਕਰਦਾ ਹੈ।

'ਜੇ ਖ਼ੁਦਾ ਕੋ ਦੇਖਨਾ ਹੈ ਤੋ ਮੈਂ ਦੇਖਤਾ ਹੂੰ ਤੁਮਕੋ,
ਮੈਂ ਦੇਖਤਾ ਹੂੰ ਤੁਮਕੋ ਜੋ ਖ਼ੁਦਾ ਕੋ ਦੇਖਤਾ ਹੂੰ।'

ਭੇਡਾਂ ਦੀ ਸੇਵਾ ਹੀ ਇਨ੍ਹਾਂ ਦੀ ਪੂਜਾ ਹੈ। ਜ਼ਰਾ ਇਕ ਭੇਡ ਬਿਮਾਰ ਹੋਈ ਸਾਰੇ ਪਰਵਾਰ ਤੇ ਹੀ ਬਿਪਤਾ ਆ ਗਈ। ਦਿਨ ਰਾਤ ਉਸ ਦੇ ਕੋਲ ਬੈਠੇ ਲੰਘਾ ਦੇਂਦੇ ਹਨ। ਉਸ ਨੂੰ ਵਧੇਰੀ ਪੀੜ ਹੋਈ ਤਾਂ ਇਨ੍ਹਾਂ ਦੀਆਂ ਅੱਖਾਂ ਸੁੰਨੇ ਆਕਾਸ਼ ਵਿਚ ਕਿਸੇ ਨੂੰ ਵੇਖਦੇ ਵੇਖਦੇ ਡਲ੍ਹਕ ਪਈਆਂ। ਪਰ ਪਤਾ ਨਹੀਂ ਇਹ ਕਿਸ ਨੂੰ ਸੱਦਦੀਆਂ ਹਨ। ਹੱਥ ਜੋੜਨ ਤਕ ਦੀ ਇਨ੍ਹਾਂ ਨੂੰ ਵਿਹਲ ਨਹੀਂ, ਪਰ ਹਾਂ ਇਨ੍ਹਾਂ ਸਭਨਾਂ ਦੀਆਂ ਅੱਖਾਂ ਕਿਸੇ ਅੱਗੇ ਸ਼ਬਦ-ਹੀਨ, ਸੰਕਲਪ-ਹੀਨ, ਮੌਨ-ਪ੍ਰਾਰਥਨਾ ਵਿਚ ਖੁਲ੍ਹੀਆਂ ਹਨ। ਦੋ ਰਾਤਾਂ ਏਵੇਂ ਲੰਘਾਈਆਂ ਗਈਆਂ। ਇਨ੍ਹਾਂ ਦੀ ਭੇਡ ਹੁਣ ਵੱਲ ਹੈ। ਇਨ੍ਹਾਂ ਦਾ ਘਰ ਮੰਗਲ ਹੋ ਰਿਹਾ ਹੈ। ਸਾਰਾ ਪਰਿਵਾਰ ਰਲ ਕੇ ਗਾ ਰਿਹਾ ਹੈ । ਏਨੇ ਵਿਚ ਨੀਲੇ ਆਕਾਸ਼ ਤੇ ਬੱਦਲ ਘਿਰ ਆਏ ਤੇ ਰਿਮਝਿਮ ਰਿਮਝਿਮ ਵੱਸਣ ਲੱਗੇ, ਜਾਣੋਂ ਕੁਦਰਤ ਦਾ ਦੇਵਤਾ ਵੀ ਇਨ੍ਹਾਂ ਦੀ ਖੁਸ਼ੀ ਵਿਚ ਖੁਸ਼ ਹੋਵੇ। ਬੁਢਾ ਪਾਲੀ ਮੌਜ ਮਸਤ ਹੋ ਨੱਚਣ ਲੱਗਾ। ਉਹ ਕੂੰਦਾ ਕੁਝ ਨਹੀਂ ਪਰ ਕਿਸੇ ਰੱਬੀ ਨਜ਼ਾਰੇ ਨੂੰ ਉਸ ਨੇ ਜ਼ਰੂਰ ਡਿੱਠਾ ਹੈ। ਉਹ ਫੁੱਲਿਆ ਨਹੀਂ ਸਮਾਉਂਦਾ; ਰਗ ਰਗ ਉਸ ਦੀ ਨੱਚ ਰਹੀ ਹੈ। ਪਿਉ ਨੂੰ ਇੰਜ ਸੁਖ ਵੇਖ ਦੋਹਾਂ ਕੁੜੀਆਂ ਨੇ ਇਕ ਦੂਜੀ ਦਾ ਹੱਥ ਫੜ ਪਹਾੜੀ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੈ । ਨਾਲ ਹੀ ਧੰਮ ਧੰਮ ਥੰਮ ਥੰਮ ਨਾਚ ਦੀ ਵੀ ਉਨ੍ਹਾਂ ਧਮਾਲ ਪਾ ਦਿੱਤੀ। ਮੇਰੀਆਂ ਅੱਖਾਂ ਸਾਹਵੇਂ ਬ੍ਰਹਮਾਨੰਦ ਦਾ ਨਕਸ਼ਾ ਬੱਝ ਗਿਆ। ਮੇਰੇ ਕੋਲ ਮੇਰਾ ਭਾਈ ਖਲੋਤਾ ਸੀ। ਮੈਂ ਉਸ ਨੂੰ ਕਿਹਾ, 'ਭਰਾ ਮੈਨੂੰ ਵੀ ਹੁਣ ਭੇਡਾਂ ਲੈ ਦੇਹ !' ਅਜੇਹੇ ਹੀ ਚੁੱਪ ਜੀਵਨ ਵਿਚ ਮੇਰਾ ਵੀ ਕਲਿਆਣ ਹੋਵੇਗਾ। ਵਿਦਿਆ ਨੂੰ ਭੁੱਲ ਜਾਵਾਂ ਤਾਂ ਭਲਾ ਹੈ। ਮੇਰੀਆਂ ਕਿਤਾਬਾਂ ਗੁਆਚ ਜਾਣ ਤਾਂ ਚੰਗਾ। ਇੰਜ ਸ਼ਾਇਦ ਇਸ ਬਨਵਾਸੀ ਪਰਿਵਾਰ ਵਾਂਗ ਮੇਰੇ ਦਿਲ ਦੇ ਦੀਦੇ ਖੁੱਲ੍ਹ ਜਾਣ ਤੇ ਮੈਂ ਰੱਬੀ ਝਲਕ ਤੱਕ ਲਵਾਂ। ਚੰਨ ਤੇ ਸੂਰਜ ਦੇ ਪਸਰੇ ਚਾਨਣ ਨਾਲ ਜੋ ਵੇਦ-ਗਾਇਣ ਹੋ ਰਿਹਾ ਹੈ, ਉਸ ਨੂੰ ਇਸ ਪਾਲੀ ਦੀਆਂ ਕੁੜੀਆਂ ਵਾਂਗ ਮੈਂ ਸੁਣ ਤਾਂ ਨਾ ਸਕਾਂਗਾ, ਪਰ ਸ਼ਾਇਦ ਅੱਖਾਂ ਸਾਹਵੇਂ ਦੇਖ ਸਕਾਂ। ਕਹਿੰਦੇ ਨੇ ਰਿਸ਼ੀਆਂ ਵੀ ਉਸ ਨੂੰ ਡਿੱਠਾ ਸੀ, ਸੁਣਿਆ ਸੀ। ਪੰਡਿਤਾਂ ਦੀਆਂ ਊਟਪਟਾਂਗ ਗੱਲਾਂ ਵਲੋਂ ਮੇਰਾ ਮਨ ਉਖੜ ਗਿਆ ਹੈ। ਕੁਦਰਤ ਦੀ ਨਿੰਮ੍ਹੀ ਨਿੰਮ੍ਹੀ ਮੁਸਕਾਨ 'ਚੋਂ ਇਹ ਲੋਕ ਰੱਬ ਦੇ ਰਸੀਲੇ ਬੁੱਲ੍ਹ ਦੇਖ ਰਹੇ ਹਨ। ਪਸ਼ੂਆਂ ਦੇ ਅਗਿਆਨ ਵਿਚ ਗੂੜ੍ਹ ਗਿਆਨ ਛੁਪਿਆ ਹੈ। ਇਨ੍ਹਾਂ ਲੋਕਾਂ ਦੇ ਜੀਵਨ ਵਿਚ ਅਨੋਖੀ ਆਪੇ ਦੀ ਪਛਾਣ ਭਰੀ ਪਈ ਹੈ। ਪਾਲੀਆਂ ਦੇ ਪਰਿਵਾਰ ਦੀ ਪ੍ਰੇਮ-ਮਜ਼ਦੂਰੀ ਦਾ ਮੁਲ ਕੌਣ ਤਾਰ ਸਕਦਾ ਹੈ ?

ਮਜੂਰ ਦੀ ਮਜੂਰੀ

ਤੁਸੀਂ ਚਾਰ ਆਨੇ ਮਜ਼ਦੂਰ ਦੀ ਤਲੀ ਤੇ ਧਰ ਕਿਹਾ 'ਲੈ ਆਪਣੀ ਦਿਹਾੜੀ ਦੀ ਮਜੂਰੀ" ਵਾਹ ਕੇਹਾ ਠੱਠਾ ਹੈ। ਹੱਥ, ਪੈਰ, ਸਿਰ, ਅੱਖਾਂ ਆਦਿ ਸਭ ਦੇ ਸਭ ਅੰਗ ਉਸ ਨੇ ਆਪ ਦੇ ਅਰਪਿਤ ਕਰ ਦਿੱਤੇ। ਇਹ ਸਭ ਚੀਜ਼ਾਂ ਉਸ ਦੀਆਂ ਤਾਂ ਸਨ ਹੀ ਨਹੀਂ, ਇਹ ਤਾਂ ਰੱਬੀ ਦਾਤਾਂ ਸਨ। ਜੋ ਪੈਸੇ ਤੁਸਾਂ ਉਸ ਨੂੰ ਦਿੱਤੇ ਉਹ ਵੀ ਤੁਹਾਡੇ ਨਹੀਂ ਸਨ। ਉਹ ਤਾਂ ਧਰਤੀ ਵਿਚੋਂ ਨਿਕਲੀ ਧਾਤ ਦੇ ਟੁਕੜੇ ਸਨ ਤੇ ਰੱਬ ਤੇ ਰੱਬ ਦੀ ਰਚਨਾ ਸਨ, ਮਜੂਰੀ ਦੀ ਦੇਣਦਾਰੀ ਤਾਂ ਆਪੋ ਵਿਚਲੀ ਪ੍ਰੇਮ-ਸੇਵਾ ਨਾਲ ਚੁਕਦੀ ਹੈ, ਅੰਨ-ਧਨ ਦੇ ਕੇ ਨਹੀਂ। ਇਹ ਤਾਂ ਦੋਵੇਂ ਹੀ ਰੱਬ ਦੇ ਹਨ। ਅੰਨ-ਧਨ ਦੀ ਸਿਰਜਣਾ ਉਹੀ ਕਰਦਾ ਹੈ ਤੇ ਪਾਣੀ ਵੀ ਉਹੀ ਦੇਂਦਾ ਹੈ। ਇਕ ਜਿਲਦਸਾਜ਼ ਨੇ ਮੇਰੀ ਇਕ ਪੋਥੀ ਦੀ ਜਿਲਦ ਬੰਨ੍ਹੀ। ਮੈਂ ਤਾਂ ਉਸ ਮਜ਼ਦੂਰ ਨੂੰ ਕੁਝ ਵੀ ਨਾ ਦੇ ਸਕਿਆ, ਐਪਰ ਉਸ ਨੇ ਮੇਰੀ ਉਮਰ ਭਰ ਲਈ, ਮੈਨੂੰ ਇਕ ਵਚਿੱਤਰ ਚੀਜ਼ ਦੇ ਛੱਡੀ। ਜਦ ਵੀ ਕਦੇ ਮੈਂ ਉਸ ਪੁਸਤਕ ਨੂੰ ਚੁੱਕਿਆ ਹੈ, ਮੇਰੇ ਹੱਥ ਉਸ ਜਿਲਦਸਾਜ਼ ਦੇ ਹੱਥ ਤੇ ਜਾ ਪਏ ਹਨ। ਪੁਸਤਕ ਦੇਖਦਿਆਂ ਹੀ ਮੈਨੂੰ ਜਿਲਦਸਾਜ਼ ਚੇਤੇ ਆ ਜਾਂਦਾ ਹੈ, ਉਹ ਮੇਰਾ ਉਮਰ ਭਰ ਦਾ ਮਿੱਤਰ ਹੋ ਗਿਆ ਹੈ, ਪੁਸਤਕ ਹੱਥ ਵਿਚ ਲੈਂਦਿਆਂ ਹੀ ਰੋਜ਼ ਭਰਤ-ਮਿਲਾਪ ਜੇਹਾ ਸਮਾਂ ਬਝ ਜਾਂਦਾ ਹੈ।

ਪਾੜ੍ਹੇ ਦੀ ਇਕ ਕਮੀਜ਼ ਨੂੰ ਇਕ ਵਿਧਵਾ ਔਰਤ ਸਾਰੀ ਰਾਤ ਬੈਠ ਕੇ ਸਿਊਂਦੀ ਹੈ; ਨਾਲ ਹੀ ਨਾਲ ਉਹ ਆਪਣੇ ਦੁੱਖ ਤੇ ਰੋਂਦੀ ਹੈ - ਦਿਨ ਨੂੰ ਖਾਣ ਨੂੰ ਨਹੀਂ ਮਿਲਿਆ, ਰਾਤ ਨੂੰ ਵੀ ਕੁੱਝ ਹੱਥ ਨਹੀਂ ਲੱਗਾ। ਹੁਣ ਉਹ ਇੱਕ ਇੱਕ ਟਾਂਕੇ ਤੋਂ ਆਸ ਕਰਦੀ ਹੈ ਕਿ ਕੱਲ ਕਮੀਜ਼ ਤਿਆਰ ਹੋ ਜਾਵੇਗੀ, ਤਾਂ ਖਾਣ ਨੂੰ ਮਿਲੇਗਾ। ਜਦੋਂ ਥੱਕ ਜਾਂਦੀ ਹੈ ਤਾਂ ਦਮ ਲੈਣ ਲਈ ਰੁਕ ਜਾਂਦੀ ਹੈ। ਸੂਈ ਹੱਥ ਵਿਚ ਹੈ, ਕਮੀਜ਼ ਗੋਡੇ ਤੇ ਵਿਛੀ ਹੈ, ਉਸ ਦੀਆਂ ਅੱਖਾਂ ਦੀ ਹਾਲਤ ਉਸ ਆਕਾਸ਼ ਵਰਗੀ ਹੈ ਜਿਸ 'ਚੋਂ ਬੱਦਲ ਵਰ੍ਹ ਕੇ ਹੁਣੇ ਹੁਣੇ ਨਿੱਖਰੇ ਹੋਣ। ਖੁੱਲ੍ਹੀਆਂ ਅੱਖਾਂ ਈਸ਼ੁਰ ਦੇ ਧਿਆਨ ਵਿਚ ਗ਼ੜਮ ਹਨ। ਕੁੱਝ ਚਿਰ ਪਿਛੋਂ "ਹੇ ਰਾਮ" ਕਹਿ ਕੇ ਉਸ ਨੇ ਫੇਰ ਸੀਣਾ ਸ਼ੁਰੂ ਕਰ ਦਿੱਤਾ। ਏਸ "ਮਾਂ" ਜਾਂ ਏਸ ਭੈਣ ਦੀ ਸੀਤੀ ਕਮੀਜ਼ ਮੇਰੇ ਲਈ ਤਨ ਦਾ ਨਹੀਂ, ਮੇਰਾ ਆਤਮਾ ਦਾ ਭੋਸ਼ਣ ਹੈ। ਇਸ ਦਾ ਪਹਿਨਣਾ ਮੇਰੀ ਤੀਰਥ-ਯਾਤ੍ਰਾ ਹੈ। ਏਸ ਕਮੀਜ਼ ਵਿਚ ਉਸ ਵਿਧਵਾ ਦੇ ਸੁੱਖ-ਦੁੱਖ, ਪ੍ਰੇਮ ਤੇ ਪਵਿੱਤਰਤਾ ਦੇ ਘੋਲ ਥੀਂ ਰਲੀ ਜੀਵਨ-ਰੀਗਾ ਦੀ ਲਹਿਰ ਚਲੀ ਆ ਰਹੀ ਹੈ। ਅਜੇਹੀ ਮਜ਼ਦੂਰੀ ਤੇ ਅਜੇਹਾ ਕੰਮ ਕੀ ਪ੍ਰਾਰਥਨਾ, ਸੰਧਿਆ

ਤੇ ਨਿਮਾਜ ਕੋਲੋਂ ਘੱਟ ਹੈ? ਸ਼ਬਦਾਂ ਨਾਲ ਤਾਂ ਪ੍ਰਾਰਥਨਾ ਹੋਇਆ ਹੀ ਨਹੀਂ ਕਰਦੀ, ਈਸ਼੍ਵਰ ਤਾਂ ਕੁੱਝ ਅਜੇਹੀਆਂ ਹੀ ਅਬੋਲ ਬੇਨਤੀਆਂ ਸੁਣਦਾ ਹੈ ਤੇ ਤਤਕਾਲ ਸੁਣਦਾ ਹੈ।

ਪ੍ਰੇਮ-ਮਜੂਰੀ

ਮੈਨੂੰ ਤਾਂ ਮਨੁੱਖ ਦੇ ਹੱਥਾਂ ਨਾਲ ਕੀਤੇ ਕੰਮਾਂ 'ਚੋਂ ਉਸ ਦੀ ਪ੍ਰੇਮ-ਭਿੱਜੀ ਪਵਿੱਤਰ ਆਤਮਾ ਦੀ ਸੁਗੰਧੀ ਆਉਂਦੀ ਹੈ। ਰੈਫਲ ਆਦਿ ਦੇ ਚਿੱਤਰਾਂ 'ਚੋਂ ਉਨ੍ਹਾਂ ਦਾ ਕਲਾ-ਕਮਾਲ ਵੇਖ, ਏਨੀਆਂ ਸਦੀਆਂ ਪਿੱਛੋਂ ਵੀ ਉਨ੍ਹਾਂ ਦੇ ਅੰਦਰਲੇ ਦੇ ਸਾਰੇ ਭਾਵਾਂ ਦਾ ਅਨੁਭੱਵ ਹੋਣ ਲਗਦਾ ਹੈ। ਕੇਵਲ ਚਿੱਤਰ ਦਾ ਦਰਸ਼ਨ ਹੀ ਨਹੀਂ ਸਗੋਂ ਉਸ ਦੇ ਨਾਲ ਹੀ, ਉਸ ਦੇ ਉਹਲੇ ਲੁਕੀ ਚਿੱਤਰਕਾਰ ਦੀ ਆਤਮਾ ਤਕਦੇ ਦੀਦਾਰ ਹੋ ਜਾਂਦੇ ਹਨ। ਔਪਰ ਮਸ਼ੀਨਾਂ ਦੀ ਮਦਦ ਨਾਲ ਬਣੇ ਫੋਟੂ ਬੇਜਾਨ ਜੇਹੇ ਜਾਪਦੇ ਹਨ। ਉਨ੍ਹਾਂ ਵਿਚ ਤੇ ਹੱਥ ਦੇ ਬਣੇ ਚਿੱਤਰਾਂ ਵਿਚ ਕੇਵਲ ਇਤਨਾ ਹੀ ਫ਼ਰਕ ਹੈ ਜਿਤਨਾ ਬਸਤੀ ਤੇ ਸ਼ਮਸ਼ਾਨ ਵਿਚ।

ਹੱਥ ਦੀ ਮੇਹਨਤ ਥੀਂ ਚੀਜ਼ ਵਿਚ ਜੋ ਰਸ ਭਰ ਜਾਂਦਾ ਹੈ ਉਹ ਭਲਾ ਲੋਹ ਥੀਂ ਘੜੀ ਗਈ ਚੀਜ਼ ਵਿਚ ਕਿੱਥੇ? ਜਿਸ ਆਲੂ ਨੂੰ ਮੈਂ ਆਪ ਬੀਜਦਾ ਹਾਂ, ਆਪ ਪਾਣੀ ਦੇਂਦਾ ਹਾਂ, ਜਿਸ ਦੇ ਇਰਦ ਗਿਰਦ 'ਚੋਂ ਘਾਹ ਪੁੱਟ ਪੁੱਟ ਕੇ ਸਾਫ਼ ਕਰਦਾ ਹਾਂ ਉਸ ਆਲੂ ਵਿਚ ਜੋ ਰਸ ਹੈ ਉਹ ਡੱਬੇ ਵਿਚ ਬੰਦ ਕੀਤੇ। ਅਚਾਰ ਮੁਰੱਬੇ 'ਚੋਂ ਨਹੀਂ ਆਉਂਦਾ। ਮੇਰਾ ਵਿਸ਼ਵਾਸ ਹੈ ਕਿ ਜਿਸ ਚੀਜ਼ ਵਿਚ ਮਨੁੱਖ ਦੇ ਪਿਆਰੇ ਹੱਥ ਲਗਦੇ ਹਨ, ਉਸ ਵਿਚ ਉਸ ਦੇ ਦਿਲ ਦਾ ਪਿਆਰ ਤੇ ਮਨ ਦੀ ਪਵਿੱਤਰਤਾ ਸੂਖਮ ਰੂਪ ਵਿਚ ਮਿਲ ਜਾਂਦੀ ਹੈ, ਤੇ ਉਸ ਵਿਚ ਮੁਰਦੇ ਨੂੰ ਜਿਉਂਦਾ ਕਰ ਦੇਣ ਦੀ ਸੱਤਿਆ ਆ ਜਾਂਦੀ ਹੈ। ਹੋਟਲ ਵਿਚ ਬਣੇ ਖਾਣੇ ਬੇਰਸ ਹੁੰਦੇ ਹਨ ਕਿਉਂਕਿ ਉਥੇ ਬੰਦੇ ਨੂੰ ਮਸ਼ੀਨ ਬਣਾ ਦਿੱਤਾ ਜਾਂਦਾ ਹੈ। ਔਪਰ ਸਜਨੀ ਦੇ ਹੱਥੀਂ ਬਣੇ ਰੁੱਖੇ ਸੁੱਕੇ ਭੋਜਨ ਵਿਚ ਕਿੰਨਾਂ ਰਸ ਹੁੰਦਾ ਹੈ। ਜਿਸ ਮਿੱਟੀ ਦੇ ਘੜੇ ਨੂੰ ਕੰਨ੍ਹੇ ਤੇ ਚੁੱਕ, ਮੀਲਾਂ ਦੂਰ ਤੋਂ ਮੇਰੀ ਪ੍ਰੇਮ-ਪਰੁੱਤੀ ਸਜਨੀ ਪਾਣੀ ਨਾਲ ਭਰ ਲਿਆਉਂਦੀ ਹੈ, ਉਸ ਲਾਲ ਘੜੇ ਦਾ ਪਾਣੀ ਜਦ ਮੈਂ ਪੀਂਦਾ ਹਾਂ ਤਾਂ ਪਾਣੀ ਕੀ ਪੀਂਦਾ ਹਾਂ ਆਪਣੀ ਪਿਆਰੀ ਦੇ ਪ੍ਰੇਮ-ਅੰਮ੍ਰਿਤ ਦਾ ਪਾਨ ਕਰਦਾ ਹਾਂ। ਜਿਸ ਅਜੇਹਾ ਪ੍ਰੇਮ-ਪਿਆਲਾ ਪੀਤਾ ਹੋਵੇ ਉਸ ਲਈ ਸ਼ਰਾਬ ਕੀ ਚੀਜ਼ ਹੈ? ਪ੍ਰੇਮ ਹੱਥੀਂ ਜੀਵਨ ਸਦਾ ਗਦ ਗਦ ਰਹਿੰਦਾ ਹੈ। ਮੈਂ ਆਪਣੀ ਪਿਆਰੀ ਦੀ ਅਜੇਹੀ ਪ੍ਰੇਮ ਭਰੀ, ਰਸ ਭਰੀ, ਦਿਲੀ ਸੇਵਾ ਦਾ ਬਦਲਾ ਕੀ ਕਦੇ ਚੁਕਾ ਸਕਦਾ ਹਾਂ?

ਓਧਰ ਪ੍ਰਭਾਤ ਨੇ ਆਪਣੀਆਂ ਚਿੱਟੀਆਂ ਕਿਰਨਾਂ ਛੱਡ ਹਨ੍ਹੇਰੀ ਰਾਤ ਤੇ ਸਫ਼ੈਦੀ ਪੋਚੀ ਤੇ ਏਧਰ ਮੇਰੀ ਪਿਆਰੀ ਮੈਨਾ ਜਾਂ ਕੋਇਲ ਵਾਂਗ, ਬਿਸਤਰ ਤੋਂ ਉੱਠੀ। ਉਸ ਨੇ ਗਊ ਦਾ ਵੱਛਾ ਖੋਲ੍ਹਿਆ, ਦੁੱਧ ਦੀਆਂ ਧਾਰਾਂ ਦਾ ਦੁਹਣਾ ਭਰ ਲਿਆ। ਗੀਤ ਗਾਉਂਦੀਆਂ ਆਪਣੇ ਹੱਥੀਂ ਪੀਹ ਕੇ ਅੰਨ ਦਾ ਚਿੱਟਾ ਆਟਾ ਬਣਾ ਲਿਆ। ਇਸ ਚਿੱਟੇ ਆਟੇ ਦੀ ਭਰੀ ਛੋਟੀ ਜਿਹੀ ਟੋਕਰੀ ਸਿਰੇ ਤੇ, ਇਕ ਹੱਥ ਵਿਚ ਲਾਲ ਮਿੱਟੀ ਦਾ ਕਟੋਰਾ ਦੁੱਧ ਦਾ ਭਰਿਆ, ਦੂਜੇ ਹੱਥ ਵਿਚ ਮੱਖਣ ਦੀ ਮਟਕੀ। ਜਦ ਮੇਰੀ ਪਿਆਰੀ ਘਰ ਦੀ ਛੱਤ ਹੇਠ ਇੰਜ ਖੜੀ ਹੁੰਦੀ ਹੈ ਤਾਂ ਛੱਤ ਦੇ ਉਪਰਲੀ ਚਿੱਟੀ ਚਾਨਣੀ ਕੋਲੋਂ ਵੀ ਵੱਧ ਆਨੰਦ ਦੇਣ ਵਾਲੀ, ਬਲ ਦੇਣ ਵਾਲੀ, ਬੁੱਧੀ ਦੇਣ ਵਾਲੀ, ਜਾਪਦੀ ਹੈ। ਉਸ ਸਮੇਂ ਉਹ ਉਸ ਚਾਨਣ ਕੋਲੋਂ ਵਧੇਰੇ ਰਸੀਲੀ ਰੰਗੀਲੀ, ਜਿਉਂਦੀ ਜਾਗਦੀ, ਚੇਤੰਨ ਤੇ ਆਨੰਦਮਈ ਅੰਮ੍ਰਿਤ ਵੇਲੇ ਦੀ ਸ਼ੋਭਾ ਜੇਹੀ ਲਗਦੀ ਹੈ। ਮੇਰੀ ਪਿਆਰੀ ਆਪਣੇ ਹੱਥੀਂ ਚੁਗੀਆਂ ਲੱਕੜਾਂ ਦੀ, ਆਪਣੇ ਦਿਲੋਂ ਚੁਰਾਈ ਇਕ ਚਿੰਗਾੜੀ ਲੈ ਕੇ ਲਾਲ ਲਾਲ ਅੱਗ ਧੁਖਾ ਲੈਂਦੀ ਹੈ। ਜਦੋਂ ਉਹ ਆਟਾ ਛਾਨਣੀ ਵਿਚੋਂ ਛਾਣਦੀ ਹੈ ਤਾਂ ਮੈਨੂੰ ਉਸ ਦੀ ਚਾਨਣੀ ਹੇਠ ਇਕ ਅਦਭੁਤ ਉਜਾਲੇ ਦੀ ਲੋਅ ਨਜ਼ਰੀਂ ਆਉਂਦੀ ਹੈ। ਜਦ ਉਹ ਉਸ ਅੱਗੇ ਮੇਰੇ ਲਈ ਰੋਟੀ ਬਣਾਉਂਦੀ ਹੈ ਤਾਂ ਉਸ ਦੇ ਚੁੱਲ੍ਹੇ ਵਿਚਕਾਰ ਮੈਨੂੰ ਸਰਘੀ ਦੀ ਲਾਲੀ ਕੋਲੋਂ ਵੀ ਵਧੇਰੇ ਮਨਮੋਹਕ ਲਾਲੀ ਦਿੱਸ ਆਉਂਦੀ ਹੈ, ਇਹ ਰੋਟੀ ਨਹੀਂ ਕੋਈ ਅਮੁੱਲ ਵੱਥ ਹੈ। ਮੇਰੇ ਗੁਰੂ ਨੇ ਇਸੇ ਪ੍ਰੇਮ ਰਾਹੀਂ ਸੰਜਮ ਕਰਨ ਦਾ ਨਾਉਂ ਯੋਗ ਰਖਿਆ ਹੈ। ਮੇਰਾ ਯੋਗ ਇਹੋ ਹੈ।

ਮਜ਼ੂਰੀ ਤੇ ਕਲਾ

ਆਦਮੀਆਂ ਨੂੰ ਵੇਚਣਾ-ਖਰੀਦਣਾ ਮੂਰਖਾਂ ਦਾ ਧੰਦਾ ਹੈ। ਸੋਨੇ ਤੇ ਲੋਹੇ ਬਦਲੇ ਬੰਦੇ ਨੂੰ ਵੇਚਣਾ ਮਨ੍ਹਾਂ ਹੈ। ਅੱਜ-ਕਲ ਭਾਫ਼ ਦੀਆਂ ਕਲਾਂ ਦਾ ਮੁੱਲ ਤਾਂ ਹਜ਼ਾਰਾਂ ਰੁਪਏ ਹੈ, ਪਰ ਬੰਦੇ ਕੌਡੀ ਦੇ ਸੌ ਸੌ ਵਿਕਦੇ ਹਨ। ਸੋਨੇ ਚਾਂਦੀ ਦੀ ਪ੍ਰਾਪਤੀ ਵਿਚੋਂ ਜੀਵਨ ਦਾ ਆਨੰਦ ਨਹੀਂ ਮਿਲ ਸਕਦਾ। ਸੱਚਾ ਆਨੰਦ ਤਾਂ ਮੈਨੂੰ ਮੇਰੇ ਕੰਮ ਵਿਚੋਂ ਲਭਦਾ ਹੈ। ਮੈਨੂੰ ਮੇਰਾ ਕੰਮ ਮਿਲ ਜਾਵੇ ਤਾਂ ਫੇਰ ਸੁਰਗ ਦੀ ਪ੍ਰਾਪਤੀ ਦੀ ਵੀ ਇੱਛਿਆ ਨਹੀਂ, ਮਨੁੱਖ ਦੀ ਪੂਜਾ ਹੀ ਪ੍ਰਭੂ-ਪੂਜਾ ਹੈ। ਮੰਦਿਰ ਤੇ ਗਿਰਜੇ ਵਿਚ ਕੀ ਧਰਿਆ ਪਿਆ ਹੈ। ਇੱਟਾਂ, ਪੱਥਰ, ਚੂਨਾ ਕੁੱਝ ਵੀ ਕਹੋ ਅੱਗੋਂ ਅਸੀਂ ਆਪਣੇ ਪ੍ਰਭੂ ਦੀ ਤਲਾਸ਼ ਮੰਦਰ, ਮਸੀਤ, ਗਿਰਜੇ ਤੇ ਪੋਥੀ ਵਿਚੋਂ ਨਾ ਕਰਾਂਗੇ ਹੁਣ ਤਾਂ ਇਹੀ ਮਨਸ਼ਾ ਹੈ ਕਿ ਮਨੁੱਖ ਦੀ ਅਣਮੁੱਲੀ ਆਤਮਾ

ਵਿਚੋਂ ਈਸ਼੍ਵਰ ਦੇ ਦੀਦਾਰ ਕਰਾਂਗੇ। ਇਹੀ ਕਲਾ ਹੈ, ਇਹੀ ਧਰਮ ਹੈ। ਮਨੁੱਖ ਦੇ ਹੱਥਾਂ ਵਿਚੋਂ ਹੀ ਈਸ਼੍ਵਰ ਦੇ ਦਰਸ਼ਨ ਕਰਾਉਣ ਵਾਲੇ ਨਿਕਲਦੇ ਹਨ। ਮਨੁੱਖ ਤੇ ਮਨੁੱਖ ਦੀ ਮਜੂਰੀ ਦਾ ਅਪਮਾਨ ਕਰਨਾ ਨਾਸਤਿਕਤਾ ਹੈ। ਬਿਨਾਂ ਕੰਮ, ਬਿਨਾਂ ਮਜੂਰੀ, ਬਿਨਾਂ ਹੱਥ ਦੇ ਕਲਾ-ਕਮਾਲ ਦੇ, ਵਿਚਾਰ ਤੇ ਚਿੰਤਨ ਕਿਸ ਕੰਮ? ਸਭਨਾਂ ਦੇਸ਼ਾਂ ਦੇ ਇਤਿਹਾਸਾਂ ਤੋਂ ਸਿੱਧ ਹੈ ਕਿ ਨਿਕੰਮੇ ਪਾਦਰੀਆਂ, ਮੌਲਵੀਆਂ, ਪੰਡਤਾਂ ਤੇ ਸਾਧਾਂ ਦਾ, ਦਾਨ ਤੇ ਅੰਨ ਤੇ ਪਲਿਆ ਪ੍ਰਭੂ-ਚਿੰਤਨ, ਅੰਤ ਨੂੰ ਪਾਪ, ਆਲਸ ਤੇ ਦੁਰਾਚਾਰ ਵਿਚ ਵਟ ਜਾਂਦਾ ਹੈ। ਜਿਨ੍ਹਾਂ ਦੇਸ਼ਾਂ ਵਿਚ ਹੱਥਾਂ ਅਤੇ ਮੂੰਹ ਉਤੇ ਮਿਹਨਤ ਦੀ ਧੂੜ ਨਹੀਂ ਲੱਗਦੀ ਉਹ ਧਰਮ ਅਤੇ ਕਲਾ-ਕਮਾਲ ਵਿਚ ਕਦੇ ਤਰੱਕੀ ਨਹੀਂ ਕਰ ਸਕਦੇ। ਪਦਮਾਸਣ ਨਿਕੰਮੇ ਸਿੱਧ ਹੋ ਚੁੱਕੇ ਹਨ। ਓਹੀ ਆਸਣ ਈਸ਼੍ਵਰ ਮਿਲਾ ਸਕਦੇ ਹਨ ਜਿਨ੍ਹਾਂ ਰਾਹੀਂ ਹਲ ਵਾਹੁਣ, ਬੀਜਣ, ਵੱਢਣ ਅਤੇ ਮਜ਼ੂਰੀ ਦਾ ਕੰਮ ਲਿਆ ਜਾਂਦਾ ਹੈ। ਲੱਕੜੀ, ਇੱਟਾਂ ਤੇ ਪੱਥਰ ਨੂੰ ਮੂਰਤੀਮਾਨ ਕਰਨ ਵਾਲੇ ਲੁਹਾਰ, ਤਰਖਾਣ, ਰਾਜ ਤੇ ਕਿਸਾਨ ਆਦਿ ਉਹੋ ਜੇਹੇ ਹੀ ਪੁਰਖ ਹਨ ਜੇਹੋ ਜੇਹੇ ਕਿ ਕਵੀ, ਮਹਾਤਮਾ ਯੋਗੀ ਆਦਿ। ਉੱਤਮ ਤੋਂ ਉੱਤਮ ਤੇ ਨੀਚ ਤੋਂ ਵੀ ਨੀਚ ਕੰਮ ਸਭ ਦੇ ਸਭ ਪ੍ਰੇਮ-ਸ਼ਰੀਰ ਦੇ ਅੰਗ ਹਨ।

ਨਿਕੰਮੇ ਰਹਿ ਕੇ ਮਨੁੱਖਾਂ ਦੀ ਚਿੰਤਨ ਸ਼ਕਤੀ ਥੱਕ ਗਈ ਹੈ। ਬਿਸਤਰਿਆਂ ਤੇ ਆਸਣਾਂ ਤੇ ਸੌਂਦੇ ਬੈਠਦੇ ਮਨ ਦੇ ਘੋੜੇ ਹਾਰ ਗਏ ਹਨ। ਸਾਰਾ ਜੀਵਨ ਨੁੱਚੜ ਗਿਆ ਹੈ। ਸੁਪਨੇ ਪੁਰਾਣੇ ਹੋ ਗਏ ਹਨ। ਅੱਜ ਦੀ ਕਵਿਤਾ ਵਿਚ ਨਵੀਨਤਾ ਨਹੀਂ, ਉਸ ਵਿਚ ਪੁਰਾਣੇ ਜ਼ਮਾਨੇ ਦੀ ਕਵਿਤਾ ਦਾ ਦੁਹਰਾਓ ਹੈ। ਇਸ ਨਕਲ ਵਿਚ ਅਸਲ ਦੀ ਪਵਿੱਤਰਤਾ ਤੇ ਕੰਵਾਰੇਪਣ ਦੀ ਘਾਟ ਹੈ। ਹੁਣ ਤਾਂ ਇਕ ਨਵੇਂ ਢੰਗ ਦਾ ਕਲਾ-ਕਮਾਲ ਭਰਿਆ ਸੰਗੀਤ ਸਾਹਿਤ ਵਿਚ ਚਾਲੂ ਹੋਣ ਵਾਲਾ ਹੈ। ਜੇਕਰ ਉਹ ਨਾ ਚਲਿਆ ਤਾਂ ਮਸ਼ੀਨ ਦੇ ਪਹੀਆਂ ਹੇਠ ਲਿਤਾੜਿਆ ਜਾ ਕੇ ਅਸੀਂ ਮਰ ਜਾਣੈ। ਇਹ ਨਵਾਂ ਸਾਹਿਤ ਮਜ਼ਦੂਰਾਂ ਦੇ ਦਿਲਾਂ 'ਚੋਂ ਜਨਮੇਗਾ। ਉਨ੍ਹਾਂ ਮਜ਼ਦੂਰਾਂ ਦੇ ਕੰਠ ਵਿਚੋਂ ਇਹ ਨਵੀਂ ਨਵੇਲੀ ਕਵਿਤਾ ਨਿਕਲੇਗੀ ਜਿਨ੍ਹਾਂ ਆਪਣਾ ਜੀਵਨ ਆਨੰਦ ਨਾਲ ਖੇਤਾਂ ਦੀਆਂ ਡੌਲਾਂ ਦਾ, ਕਪੜੇ ਤੇ ਧਾਗਿਆਂ ਦਾ, ਜੁੱਤੀ ਦੇ ਟਾਂਕਿਆਂ ਦਾ, ਲੱਕੜੀ ਦੀਆਂ ਰਗਾਂ ਦਾ, ਪੱਥਰ ਦੀਆਂ ਨਸਾਂ ਦਾ ਵਿਤਕਰਾ ਦੂਰ ਕਰਨਾ ਹੈ। ਹੱਥਾਂ ਵਿਚ ਕਹਾੜੀ, ਸਿਰ ਟੋਕਰੀ, ਨੰਗੇ ਸਿਰ ਨੰਗੇ ਪੈਰ, ਧੂੜ ਵਿਚ ਲਿੱਬੜੇ ਤੇ ਗਾਰੇ ਵਿਚ ਲਿੱਬੜੇ ਇਹ ਬੇਜ਼ਬਾਨ ਕਵੀ ਜਦੋਂ ਜੰਗਲ ਵਿਚੋਂ ਲੱਕੜਾਂ ਕੱਟਣਗੇ ਤਾਂ ਲੱਕੜੀ ਕੱਟਣ ਦਾ ਖੜਾਕ ਇਨ੍ਹਾਂ ਦੇ ਅਸਭਿਯ ਸੁਰਾਂ ਨਾਲ ਰਲ ਕੇ ਹਵਾਈ ਜਹਾਜ਼ਾਂ ਤੇ ਚੜ੍ਹ ਕੇ ਦਸਾਂ ਦਿਸ਼ਾਂ ਵਿਚ ਅਜੇਹਾ ਨਿਰਾਲਾ ਗੀਤ ਛੋਹੇਗਾ ਕਿ ਭਵਿੱਖ ਦੇ ਕਲਾਕਾਰਾਂ

ਲਈ ਉਹੋ ਧੁਰਪਦ ਤੇ ਮਲ੍ਹਾਰ ਦਾ ਕੰਮ ਦੇਵੇਗਾ। ਚਰਖਾ ਕੱਤਣ ਵਾਲੀਆਂ ਨੱਢੀਆਂ ਦੇ ਗੀਤ ਸੰਸਾਰ ਦੇ ਸਭਨਾਂ ਦੇਸ਼ਾਂ ਦੇ ਕੌਮੀ-ਗੀਤ ਹੋਣਗੇ। ਮਜੂਰਾਂ ਦੀ ਮਜੂਰੀ ਦੀ ਅਸਲੀ ਪੂਜਾ ਹੋਵੇਗੀ। ਕਲਾਰੂਪੀ ਧਰਮ ਦਾ ਵਾਧਾ ਤਦੇ ਹੀ ਹੋਵੇਗਾ ਤਦੇ ਹੀ ਨਵੇਂ ਕਵੀ ਪੈਦਾ ਹੋਣਗੇ, ਤਦੇ ਹੀ ਨਵੇਂ ਔਲੀਆਂ ਦਾ ਅਵਤਾਰ ਹੋਵੇਗਾ। ਪਰ ਇਹ ਸਭ ਦੇ ਸਭ ਮਜੂਰੀ ਦੇ ਦੁੱਧ ਨਾਲ ਪਲਣਗੇ। ਧਰਮ, ਯੋਗ, ਸ਼ੁੱਧ, ਆਚਰਣ, ਸਭਿਯਾ ਤੇ ਕਵਿਤਾ ਆਦਿ ਦੇ ਫੁੱਲ ਇਨ੍ਹਾਂ ਹੀ ਮਜੂਰ ਰਿਸ਼ੀਆਂ ਦੀ ਬਗੀਚੀ ਵਿਚ ਫੁੱਲਣਗੇ।

ਮਜੂਰੀ ਅਤੇ ਫ਼ਕੀਰੀ

ਮਜੂਰੀ ਅਤੇ ਫ਼ਕੀਰੀ ਦੀ ਮਹਾਨਤਾ ਘੱਟ ਨਹੀਂ। ਮਜੂਰੀ ਅਤੇ ਫ਼ਕੀਰੀ ਮਨੁੱਖ ਦੇ ਵਿਕਾਸ ਲਈ ਅਤੀ ਲੋੜੀਂਦੀਆਂ ਹਨ। ਬਿਨਾਂ ਮਜੂਰੀ ਕੀਤੇ ਫਕੀਰੀ ਦਾ ਉੱਚਾ ਸੁੱਚਾ ਭਾਵ ਪੇਤਲਾ ਪੈ ਜਾਂਦਾ ਹੈ। ਫ਼ਕੀਰੀ ਵੀ ਆਪਣੇ ਆਸਣ ਉਤੋਂ ਡੋਲ ਜਾਂਦੀ ਹੈ; ਬੁੱਧੀ ਬਾਸੀ ਪੈ ਜਾਂਦੀ ਹੈ, ਬਾਸੀ ਚੀਜ਼ਾਂ ਚੰਗੀਆਂ ਨਹੀਂ ਹੁੰਦੀਆਂ। ਕਿੰਨੇ ਹੀ ਉਮਰ ਭਰ ਬਾਸੀ ਬੁੱਧੀ ਤੇ ਬਾਸੀ ਫਕੀਰੀ ਵਿਚ ਫਸੇ ਰਹਿੰਦੇ ਹਨ; ਐਪਰ ਏਦਾਂ ਦਾ ਫਸੇ ਰਹਿਣਾ ਕਿਸ ਅਰਥ ? ਹਵਾ ਚਲ ਰਹੀ ਹੈ; ਪਾਣੀ ਵਗ ਰਿਹਾ ਹੈ; ਬੱਦਲ ਬਰਸ ਰਿਹਾ ਹੈ; ਫੁੱਲ ਖਿੜ ਰਿਹਾ ਹੈ; ਘਾਹ ਨਵਾਂ, ਬੂਟੇ ਨਵੇਂ- ਮਨੁੱਖ ਦੀ ਬੁੱਧੀ ਫ਼ਕੀਰੀ ਹੀ ਬਾਸੀ ! ਅਜੇਹਾ ਨਜ਼ਾਰਾ ਤਦੋਂ ਤਕ ਹੀ ਰਹਿੰਦਾ ਹੈ ਜਦ ਤਕ ਬਿਸਤਰ ਵਿਚੋਂ ਉਠ ਕੇ ਜ਼ਰਾ ਬਾਗ਼ ਦੀ ਸੈਰ ਕਰੋ, ਫੁੱਲਾਂ ਦੀ ਸੁਗੰਧ ਮਾਣੋਂ ਠੰਡੀ ਪੌਣ ਵਿਚ ਘੁੰਮੋ, ਬ੍ਰਿਛਾਂ ਦੇ ਕੂਲੇ ਕੂਲੇ ਪੱਤਿਆਂ ਦਾ ਨਾਚ ਦੇਖੋ ਤਾਂ ਪਤਾ ਲੱਗੇ ਕਿ ਅੰਮ੍ਰਿਤ ਵੇਲੇ ਜਾਗਣਾ ਬੁੱਧੀ ਤੇ ਮਨ ਕਿਵੇਂ ਤਰੋ ਤਾਜ਼ਾ ਕਰਦਾ ਹੈ ਅਤੇ ਬਿਸਤਰੇ ਤੇ ਪਏ ਰਹਿਣਾ ਉਨ੍ਹਾਂ ਨੂੰ ਬਾਸੀ ਕਰ ਦੇਂਦਾ ਹੈ। ਨਿਕੰਮੇ ਬੈਠੇ ਸੋਚਾਂ ਸੋਚਣਾ ਰਹਿਣਾ ਜਾਂ ਬਿਨਾਂ ਕੰਮ ਕੀਤੇ ਸ਼ੁੱਧ ਵਿਚਾਰਾਂ ਦਾ ਦਾਅਵਾ ਕਰਨਾ, ਜਾਣੋਂ ਸੁੱਤੇ ਸੁੱਤੇ ਘੁਰਾੜੇ ਮਾਰਨਾ ਹੈ। ਜਦੋਂ ਤੋੜੀ ਜੀਵਨ ਦੇ ਵਣ ਵਿਚ ਪਾਦਰੀ, ਮੌਲਵੀ, ਪੰਡਿਤ ਤੇ ਸਾਧ ਸੰਨਿਆਸੀ ਹਲ, ਕਹੀ ਤੇ ਰੰਬਾ ਲੈ ਕੇ ਮਜ਼ਦੂਰੀ ਨਾ ਕਰਨਗੇ ਤਦ ਤੋੜੀ ਉਨ੍ਹਾਂ ਦਾ ਆਲਸ ਜਾਵੇਗਾ ਨਹੀਂ, ਤਦ ਤੋੜੀ ਉਨ੍ਹਾਂ ਦਾ ਮਨ ਉਨ੍ਹਾਂ ਦੀ ਬੁੱਧੀ, ਅਨੰਤ ਕਾਲ ਬੀਤ ਜਾਣ ਤੇ ਵੀ, ਮਲੀਨ ਮਾਨਸਿਕ ਜੂਆ ਖੇਡਦੀ ਹੀ ਰਹੇਗੀ। ਉਨ੍ਹਾਂ ਦੀ ਸੋਚ ਬਾਸੀ, ਉਨ੍ਹਾਂ ਦਾ ਧਿਆਨ ਬਾਸੀ, ਉਨ੍ਹਾਂ ਦੀਆਂ ਪੋਥੀਆਂ ਬਾਸੀ, ਉਨ੍ਹਾਂ ਦੇ ਲੇਖ ਬਾਸੀ, ਉਨ੍ਹਾਂ ਦਾ ਵਿਸ਼ਵਾਸ ਬਾਸੀ ਤੇ ਉਨ੍ਹਾਂ ਦਾ ਰੱਬ ਵੀ ਬੇਹਾ ਹੋ ਗਿਆ ਹੈ। ਇਸ ਵਿਚ ਸ਼ੱਕ ਨਹੀਂ ਕਿ ਇਸ ਵਰ੍ਹੇ ਦੇ ਗੁਲਾਬ ਦੇ ਫੁੱਲ ਵੀ ਉਹੋ ਜੇਹੇ ਹੀ ਹਨ ਜੇਹੇ

ਜੇਹੇ ਪਿਛਲੇ ਸਾਲ ਦੇ ਸਨ। ਪਰ ਇਸ ਸਾਲ ਵਾਲੇ ਤਾਜ਼ੇ ਹਨ। ਉਨ੍ਹਾਂ ਦੀ ਲਾਲੀ ਨਵੀਂ ਹੈ, ਉਨ੍ਹਾਂ ਦੀ ਸੁਗੰਧੀ ਵੀ ਉਨ੍ਹਾਂ ਦੀ ਆਪਣੀ ਹੀ ਹੈ। ਜੀਵਨ ਦੇ ਨਿਯਮ ਨਹੀਂ ਵਟਦੇ, ਉਹ ਸਦਾ ਇਕ ਜੇਹੇ ਹੀ ਰਹਿੰਦੇ ਹਨ। ਪਰ ਮਜ਼ਦੂਰੀ ਕਮਰ ਥੀਂ ਬੰਦੇ ਨੂੰ ਇਕ ਨਵਾਂ ਤੇ ਤਾਜ਼ਾ ਰੱਬ ਨਜ਼ਰੀਂ ਪੈਂਦਾ ਹੈ।

ਭਗਵੇਂ ਕਪੜਿਆਂ ਦੀ ਪੂਜਾ ਕਿਉਂ ਕਰਦੇ ਹੋ? ਗਿਰਜੇ ਦੀ ਘੰਟੀ ਕਿਉਂ ਸੁਣਦੇ ਹੋ? ਐਤਵਾਰ ਕਿਉਂ ਮਨਾਉਂਦੇ ਹੋ? ਪੰਜ ਵਖਤ ਦੀ ਨਮਾਜ਼ ਕਿਉਂ ਪੜ੍ਹਦੇ ਹੋ? ਤ੍ਰਿਕਾਲ ਸੰਧਿਆ ਕਿਉਂ ਕਰਦੇ ਹੋ? ਮਜ਼ਦੂਰ ਦੇ ਅਨਾਥ ਨੈਣਾਂ, ਅਨਾਥ ਆਤਮਾ ਤੇ ਬੇਆਸਰੇ ਜੀਵਨ ਦੀ ਬੋਲੀ ਸਿੱਖੋ, ਫੇਰ ਵੇਖੋਗੇ ਕਿ ਤੁਹਾਡਾ ਇਹ ਸਾਧਾਰਣ ਜੀਵਨ ਈਸ਼ੁਰੀ ਭਜਨ ਹੋ ਗਿਆ।

ਮਜ਼ਦੂਰੀ ਤਾਂ ਮਨੁੱਖ ਦੇ ਸਰਵੱਤਰ ਰੂਪ ਦਾ ਬਿੰਦੂ-ਰੂਪ ਫਲ ਹੈ, ਆਤਮਾ ਰੂਪੀ ਧਾਤੂ ਦੇ ਘੜੇ ਹੋਏ ਸਿੱਕੇ ਦਾ ਨਕਦੀ ਬਿਆਨਾ ਹੈ, ਜੋ ਮਨੁੱਖਾਂ ਦੀ ਆਤਮਾ ਵਿਹਾਝਣ ਲਈ ਦਿੱਤਾ ਜਾਂਦਾ ਹੈ। ਸੱਚੀ ਮਿੱਤਰਤਾ ਹੀ ਤਾਂ ਸੇਵਾ ਹੈ, ਉਸ ਦਾ ਮਨੁੱਖਾਂ ਦੇ ਮਨ ਤੇ ਸੱਚਾ ਰਾਜ ਹੋ ਸਕਦਾ ਹੈ। ਜਾਤ-ਪਾਤ, ਰੂਪ-ਰੰਗ ਤੇ ਨਾਮ-ਧਾਮ ਜਾਂ ਪਿਉ ਦਾਦੇ ਦਾ ਨਾਉਂ ਪੁੱਛੇ ਬਿਨਾਂ ਹੀ ਆਪਣੇ ਆਪ ਨੂੰ ਕਿਸੇ ਦੇ ਹਵਾਲੇ ਕਰ ਦੇਣਾ ਹੀ ਪ੍ਰੇਮ-ਧਰਮ ਦਾ ਤੱਤ ਹੈ। ਜਿਸ ਭਾਈਚਾਰੇ ਵਿਚ ਇਸ ਪ੍ਰਕਾਰ ਦੇ ਪ੍ਰੇਮ-ਧਰਮ ਦਾ ਰਾਜ ਹੁੰਦਾ ਹੈ, ਉਸ ਦਾ ਹਰ ਕੋਈ ਹਰ ਕਿਸੇ ਨੂੰ ਬਿਨਾਂ ਉਸ ਦਾ ਨਾਉਂ ਥਾਉਂ ਪੁੱਛਿਆਂ ਹੀ ਪਛਾਣਦਾ ਹੈ, ਕਿਉਂਕਿ ਪੁੱਛਣ ਵਾਲੇ ਦੀ ਵੀ ਕੁੱਲ ਤੇ ਜਾਤ ਉਹੋ ਹੁੰਦੀ ਹੈ, ਜੋ ਉਸ ਦੀ, ਜਿਸ ਥੀਂ ਕਿ ਉਹ ਮਿਲਦਾ ਹੈ ਉਸ ਥਾਂ ਸਭ ਲੋਕ ਇੱਕੋ ਮਾਂ-ਪਿਉ ਤੋਂ ਜੰਮੇ ਭੈਣ ਭਰਾ ਹਨ ਆਪਣੇ ਹੀ ਭੈਣ ਭਰਾਵਾਂ ਦੇ ਮਾਂ-ਪਿਉ ਦਾ ਨਾਂ ਪੁੱਛਣਾ ਕੀ ਕਮਲਪੁਣੇ ਤੋਂ ਘੱਟ ਸਮਝਿਆ ਜਾ ਸਕਦਾ ਹੈ? ਇਹ ਸਾਰਾ ਸੰਸਾਰ ਇਕ ਕੁਟੰਬ ਵਾਂਗ ਹੈ। ਲੰਗੜੇ, ਲੂੰਜੇ, ਅੰਨ੍ਹੇ, ਬੋਲੇ ਵੀ ਉਸੇ ਹੀ ਪਿਤਾਪੁਰਖੀ ਘਰ ਦੀ ਛੱਤਰ ਛਾਇਆ ਹੇਠਾਂ ਰਹਿੰਦੇ ਹਨ, ਜਿਸ ਦੀ ਹੇਠ ਬਲਵਾਨ, ਨਿਰੋਗ ਤੇ ਰੂਪਵਾਨ ਕੁਟੰਬ ਰਹਿੰਦੇ ਹਨ। ਮੂਰਖਾਂ ਪਸ਼ੂਆਂ ਦਾ ਪਾਲਣ-ਪੋਸ਼ਣ ਬੁੱਧੀਮਾਨ, ਬਲਵਾਨ ਤੇ ਨਿਰੋਗ ਹੀ ਤਾਂ ਕਰਨਗੇ। ਅਨੰਤ ਤੇ ਪ੍ਰੇਮ ਦੀ ਰਾਜਧਾਨੀ ਦਾ ਸਿੰਘਾਸਣ ਸਦਾ ਤੋਂ ਪ੍ਰੇਮ ਮਜਦੂਰੀ ਦੇ ਮੋਢਿਆਂ ਤੇ ਹੀ ਰਹਿੰਦਾ ਆਇਆ ਹੈ। ਕਾਮਨਾ ਸਹਿਤ ਹੋ ਕੇ ਵੀ ਮਜਦੂਰੀ ਨਿਸ਼ਕਾਮ ਹੁੰਦੀ ਹੈ, ਕਿਉਂਕਿ ਮਜਦੂਰੀ ਦਾ ਬਦਲਾ ਹੀ ਨਹੀਂ (ਚੁਕਾਇਆ ਜਾ ਸਕਦਾ)। ਨਿਸ਼ਕਾਮ ਕਰਮ ਦੇ ਜੋ ਉਪਦੇਸ਼ ਦਿੱਤੇ ਜਾਂਦੇ ਹਨ ਉਨ੍ਹਾਂ ਵਿਚ ਅਭਾਵਸ਼ੀਲ ਵਸਤੂ ਸੁਭਾਵਪੂਰਣ ਮੰਨ ਲਈ ਜਾਂਦੀ ਹੈ। ਧਰਤੀ ਆਪਣੀ ਹੀ ਧੁਰੀ ਤੇ ਦਿਨ ਰਾਤ ਘੁੰਮਦੀ ਹੈ। ਇਹ ਧਰਤੀ ਦਾ ਸ੍ਵਾਰਥ

ਕਿਹਾ ਜਾ ਸਕਦਾ ਹੈ ਪਰ ਉਸ ਦਾ ਇਹ ਘੁੰਮਣਾ ਸੂਰਜ ਚੁਗਿਰਦੇ ਘੁੰਮਣਾ ਤਾਂ ਹੈ, ਪਰ ਸੂਰਜ ਚੁਗਿਰਦੇ ਘੁੰਮਣਾ ਸੂਰਜ-ਮੰਡਲ ਦੇ ਨਾਲ ਅਕਾਸ਼ ਵਿਚ ਇਕ ਸਿੱਧੀ ਲੀਕ ਤੇ ਚੱਲਣਾ (ਭੀ ਤਾਂ) ਹੈ। ਅੰਤ ਵਿਚ ਇਸ ਦਾ ਗੋਲ ਚੱਕਰ ਖਾਣਾ ਸਦਾ ਹੀ ਸਿੱਧਾ ਚੱਲਣਾ ਹੈ। ਇਸ ਵਿਚ ਸ੍ਵਾਰਥ ਦਾ ਅਭਾਵ ਹੈ। ਐਵੇਂ ਹੀ ਮਨੁੱਖ ਦੀਆਂ ਬਹੁ-ਰੰਗੀਆਂ ਕਾਮਨਾਵਾਂ ਉਸ ਦੇ ਜੀਵਨ ਨੂੰ ਜਾਣੋਂ ਉਸ ਦੇ ਸ੍ਵਾਰਥ ਰੂਪੀ ਧੁਰੇ ਤੇ ਚੱਕਰ ਦੇਂਦੀਆਂ ਹਨ। ਐਪਰ ਉਸ ਦਾ ਜੀਵਨ ਆਪਣਾ ਤਾਂ ਹੈ ਹੀ ਨਹੀਂ, ਉਸ ਦਾ ਕਿਸੇ ਅਧਿਆਤਮਿਕ ਸੂਰਜ-ਮੰਡਲ ਦੇ 'ਸਾਥ' ਦੀ ਚਾਲ ਹੈ ਤੇ ਅਖ਼ੀਰ ਇਹ ਚਾਲ ਜੀਵਨ ਦਾ ਪਰਮਾਰਥ ਰੂਪ ਹੈ। ਸ੍ਵਾਰਥ ਦਾ ਇਸ ਥਾਂ ਵੀ ਅਭਾਵ ਹੈ। ਜਦ ਸ੍ਵਾਰਥ ਕੋਈ ਸ਼ੈ ਹੈ ਹੀ ਨਹੀਂ ਤਾਂ ਨਿਸ਼ਕਾਮ ਤੇ ਕਾਮਪੂਰਣ ਕੰਮ ਕਰਨਾ ਦੋਵੇਂ ਹੀ ਇਕ ਗੱਲ ਹੋਈ। ਏਸੇ ਲਈ ਮਜੂਰੀ ਦਾ ਤੇ ਫ਼ਕੀਰੀ ਦਾ ਇਕ ਦੂਜੇ ਦੇ ਆਸਰੇ ਦਾ ਸੰਬੰਧ ਹੈ।

ਮਜ਼ਦੂਰੀ ਕਰਨਾ ਜੀਵਨ-ਯਾਤ੍ਰਾ ਦਾ ਅਧਿਆਤਮਿਕ ਕ੍ਰਮ ਹੈ 'ਜੋਨ ਆਫ ਆਰਕ' (Joan of Arc) ਦਾ ਫ਼ਕੀਰੀ ਤੇ ਭੇਡਾਂ ਚਾਰਨਾ, ਟਾਲਸਟਾਇ ਦਾ ਤਿਆਗ ਤੇ ਜੁਤੀਆਂ ਗੰਢਣਾ, ਉਮਰ ਖ਼ਯਾਮ ਦਾ ਖ਼ੁਸ਼ੀ ਖ਼ੁਸ਼ੀ ਤੰਬੂ ਸੀਂਦੇ ਫਿਰਨਾ, ਖ਼ਲੀਫ਼ਾ ਉਮਰ ਦਾ ਆਪਣੇ ਰੰਗ-ਮਹਿਲਾਂ ਵਿਚ ਚੱਟਾਈਆਂ ਆਦਿ ਬੁਣਨਾ। ਬ੍ਰਹਮ ਗਿਆਨੀ ਕਬੀਰ ਤੇ ਰਵਿਦਾਸ ਦਾ ਸ਼ੂਦਰ ਹੋਣਾ, ਗੁਰੂ ਨਾਨਕ ਤੇ ਭਗਵਾਨ ਸ਼੍ਰੀ ਕ੍ਰਿਸ਼ਨ ਦਾ ਬੇਜ਼ਬਾਨ ਪਸ਼ੂਆਂ ਨੂੰ ਸੋਟੀ ਫੜ ਹੱਕਣਾ-ਸੱਚੀ ਫ਼ਕੀਰੀ ਦਾ ਅਣ ਮੁੱਲਾ ਗਹਿਣਾ ਹੈ।

ਸਮਾਜ ਪਾਲਕ ਦੁੱਧ ਦੀ ਧਾਰਾ

ਇਕ ਦਿਨ ਗੁਰੂ ਨਾਨਕ ਪੈਂਡਾ ਕਰਦੇ ਕਰਦੇ ਭਾਈ ਲਾਲੋ ਨਾਂ ਦੇ ਇਕ ਤ੍ਰਖਾਣ ਦੇ ਘਰ ਠਹਿਰੇ। ਉਸ ਪਿੰਡ ਦਾ ਭਾਗੋ ਨਾਮੀਂ ਰਈਸ ਬੜਾ ਅਮੀਰ ਸੀ। ਉਸ ਦਿਨ ਭਾਗੋ ਦੇ ਘਰ ਬ੍ਰਹਮ-ਭੋਜ ਸੀ। ਦੂਰ ਦੂਰ ਤੋਂ ਸਾਧੂ ਸੰਤ ਆਏ ਹੋਏ ਸਨ। ਗੁਰੂ ਨਾਨਕ ਆਇਆ ਸੁਣ ਭਾਗੋ ਨੇ ਉਨ੍ਹਾਂ ਨੂੰ ਵੀ ਨਿਉਂਦਾ ਘੱਲਿਆ। ਗੁਰੂ ਨੇ ਭਾਗੋ ਦਾ ਅੰਨ ਖਾਣ ਥੀਂ ਨਾਂਹ ਕਰ ਦਿੱਤੀ। ਇਸ ਗੱਲ ਤੇ ਭਾਗੋ ਨੂੰ ਬੜਾ ਗੁੱਸਾ ਆਇਆ। ਉਸ ਨੇ ਗੁਰੂ ਨਾਨਕ ਨੂੰ ਜੋਰੀ ਫੜ ਸਦਵਾਇਆ ਤੇ ਪੁੱਛਿਓ ਨੇ, "ਤੁਸੀਂ ਮੇਰੇ ਘਰ ਦਾ ਅੰਨ ਕਿਉਂ ਨਹੀਂ ਅੰਗਦੇ?" ਗੁਰੂ ਦੇਵ ਨੇ ਉੱਤਰ ਦਿੱਤਾ, "ਭਾਗੋ ! ਆਪਣੇ ਘਰ ਦਾ ਹਲਵਾ ਪੂੜੀ ਲੈ ਆਵੇਂ ਤਾਂ ਇਸ ਦਾ ਕਾਰਨ ਦੱਸੀਏ।" ਉਹ ਕੜਾਹ ਪੂੜੀ ਲੈ ਆਇਆ ਤਾਂ ਗੁਰੂ ਨਾਨਕ ਨੇ

ਲਾਲੋ ਦੇ ਘਰੋਂ ਵੀ ਉਸ ਦੇ ਮੋਟੇ ਠੁੱਲ੍ਹੇ ਅੰਨ ਦੀ ਰੋਟੀ ਮੰਗਵਾਈ। ਭਾਗੋ ਦੀ ਕੜਾਹ-ਪੂੜੀ ਉਨ੍ਹਾਂ ਨੇ ਇਕ ਹੱਥ ਵਿਚ ਤੇ ਭਾਈ ਲਾਲੋ ਦੀ ਰੋਟੀ ਦੂਜੇ ਹੱਥ ਵਿਚ ਲੈ ਕੇ ਦੋਹਾਂ ਨੂੰ ਜੋ ਨਪੀੜਿਆ ਤਾਂ ਇਕ ਵਿਚੋਂ ਲਹੂ ਸਿੰਮਿਆ ਤੇ ਦੂਜੀ ਵਿਚੋਂ ਦੁੱਧ ਦੀ ਧਾਰ ਵਗੀ। ਬਾਬੇ ਨਾਨਕ ਦਾ ਇਹੀ ਉਪਦੇਸ਼ ਹੋਇਆ। ਜੋ ਧਾਰ ਭਾਈ ਲਾਲੋ ਦੀ ਰੋਟੀ ਵਿਚੋਂ ਨਿਕਲੀ ਸੀ, ਉਹੀ ਸਮਾਜ ਦਾ ਪਾਲਣ ਕਰਨ ਵਾਲੀ ਦੁੱਧ ਦੀ ਧਾਰਾ ਹੈ। ਇਹੀ ਧਾਰਾ ਸ਼ਿਵ ਜੀ ਦੀਆਂ ਜਟਾਂ ਵਿਚੋਂ ਤੇ ਇਹੋ ਧਾਰਾ ਮਜ਼ਦੂਰਾਂ ਦੀਆਂ ਉਂਗਲੀਆਂ ਵਿਚੋਂ ਵਗਦੀ ਹੈ।

ਮਜੂਰੀ ਕਰਨ ਨਾਲ ਮਨ ਪਵਿੱਤਰ ਹੁੰਦਾ ਹੈ, ਸੰਕਲਪ ਰੱਬੀ-ਦੁਨੀਆਂ ਵਿਚ ਵਿਚਰਦੇ ਹਨ। ਹੱਥ ਦੀ ਮਜੂਰੀ ਨਾਲ ਹੀ ਸੱਚੇ ਐਸ਼ਵਰਜ ਦੀ ਉੱਨਤੀ ਹੁੰਦੀ ਹੈ। ਜਾਪਾਨ ਵਿਚ ਮੈਂ ਕੰਨਿਆਵਾਂ ਨੂੰ ਇਸਤ੍ਰੀਆਂ ਨੂੰ ਅਜੇਹੀਆਂ ਕਲਾਵੰਤੀਆਂ ਡਿੱਠਾ ਹੈ ਕਿ ਉਹ ਰੇਸ਼ਮ ਦੀਆਂ ਨਿੱਕੀਆਂ ਨਿੱਕੀਆਂ ਤਾਰਾਂ ਨੂੰ ਆਪਣੀ ਦਸਤਕਾਰੀ ਦੀ ਬਦੌਲਤ ਹਜ਼ਾਰਾਂ ਦੀ ਕੀਮਤ ਦੀਆਂ ਬਣਾ ਦੇਂਦੀਆਂ ਹਨ, ਅਨੇਕ ਪ੍ਰਕਾਰ ਦੇ ਕੁਦਰਤੀ ਪਦਾਰਥਾਂ ਤੇ ਨਜ਼ਾਰਿਆਂ ਨੂੰ ਆਪਣੀ ਸੂਈ ਰਾਹੀਂ ਕਪੜੇ ਉੱਤੇ ਉਲੀਕ ਦੇਂਦੀਆਂ ਹਨ। ਜਾਪਾਨ ਵਾਸੀ ਕਾਗਜ਼, ਲੱਕੜੀ ਤੇ ਪੱਥਰ ਦੀਆਂ ਬੜੀਆਂ ਵਧੀਆਂ ਮੂਰਤੀਆਂ ਬਣਾਉਂਦੇ ਹਨ। ਕਰੋੜਾਂ ਰੁਪਇਆਂ ਦੇ ਹੱਥ ਦੇ ਬਣੇ ਜਾਪਾਨੀ ਖਿਡਾਉਣੇ ਪਰਦੇਸਾਂ ਵਿਚ ਵਿਕਦੇ ਹਨ। ਹੱਥ ਦੀਆਂ ਬਣੀਆਂ ਜਾਪਾਨੀ ਚੀਜ਼ਾਂ ਮਸ਼ੀਨ ਨਾਲ ਬਣੀਆਂ ਚੀਜ਼ਾਂ ਨੂੰ ਮਾਤ ਕਰਦੀਆਂ ਹਨ। ਸੰਸਾਰ ਦੇ ਸਭਨਾਂ ਬਾਜ਼ਾਰਾਂ ਵਿਚ ਉਨ੍ਹਾਂ ਦੀ ਚੋਖੀ ਮੰਗ ਰਹਿੰਦੀ ਹੈ। ਪੱਛਮੀ ਦੇਸ਼ਾਂ ਦੇ ਲੋਕ ਜਾਪਾਨ ਵਿਚਲੀਆਂ ਹੱਥ ਦੀਆਂ ਬਣੀਆਂ ਅਦਭੁਤ ਚੀਜ਼ਾਂ ਤੇ ਜਾਨ ਡੋਲ੍ਹਦੇ ਹਨ। ਇਕ ਜਾਪਾਨੀ ਤੱਤ ਗਿਆਨੀ ਦਾ ਕਹਿਣਾ ਹੈ ਕਿ ਸਾਡੀਆਂ ਦਸ ਕਰੋੜ ਉਂਗਲਾਂ ਸਾਰੇ ਕੰਮ ਕਰਦੀਆਂ ਹਨ, ਹੋ ਸਕਦਾ ਹੈ ਇਨ੍ਹਾਂ ਉਂਗਲੀਆਂ ਦੇ ਜ਼ੋਰ ਅਸੀਂ ਜਗਤ ਨੂੰ ਜਿੱਤ ਲਈਏ। ਜਦ ਤੋੜੀ ਧਨ ਤੇ ਅਮੀਰੀ ਦੀ ਜਨਮਦਾਤੀ ਹੱਥ ਦੀ ਕਾਰੀਗਰੀ ਦੀ ਉੱਨਤੀ ਨਹੀਂ ਹੁੰਦੀ ਤਦ ਤੋੜੀ ਭਾਰਤਵਰਸ਼ ਹੀ ਕੀ ਕਿਸੇ ਵੀ ਦੇਸ਼ ਜਾ ਕੌਮ ਦੀ ਕੰਗਾਲੀ ਦੂਰ ਨਹੀਂ ਹੋ ਸਕਦੀ। ਜੇਕਰ ਭਾਰਤ ਦੀਆਂ ਤੀਹ ਕਰੋੜ ਨਰ-ਨਾਰੀਆਂ ਦੀਆਂ ਉਂਗਲੀਆਂ ਮਿਲ ਕੇ ਕਾਰੀਗਰੀ ਦੇ ਕੰਮ ਕਰਨ ਲਗਣ ਤਾਂ ਉਨਾਂ ਦੀ ਮਜ਼ਦੂਰੀ ਦੀ ਬਦੌਲਤ ਕੁਬੇਰ ਦਾ ਮਹਿਲ ਉਨ੍ਹਾਂ ਦੇ ਚਰਨਾਂ ਵਿਚ ਆਪਣੇ ਆਪ ਪਿਆ ਰੁਲੇ।

ਅੰਨ ਉਪਜਾਉਣਾ, ਤੇ ਹੱਥ ਦੀ ਕਾਰੀਗਰੀ ਤੇ ਮਿਹਨਤ ਨਾਲ ਜੜ੍ਹ ਪਦਾਰਥਾਂ ਨੂੰ ਚੇਤਨ ਦੇ ਚਿੰਨ੍ਹਾਂ ਦੁਆਰਾ ਸਜਾਉਣਾ, ਤੁੱਛ ਪਦਾਰਥਾ ਨੂੰ

ਅਣਮੁੱਲੇ ਪਦਾਰਥਾਂ ਵਿਚ ਬਦਲ ਦੇਣਾ ਆਦਿ, ਕਮਾਲ ਬ੍ਰਹਮ-ਰੂਪ ਹੋ ਕੇ ਧਨ ਤੇ ਅਮੀਰੀ ਸਿਰਜਦੇ ਹਨ। ਕਵਿਤਾ, ਫ਼ਕੀਰੀ ਤੇ ਸਾਧੂਮਤੇ ਦੇ ਇਹ ਰੱਬੀ ਕਲਾ-ਕਮਾਲ ਜਿਊਂਦੇ-ਜਾਗਦੇ ਤੇ ਟੁਰਦੇ-ਫਿਰਦੇ ਪ੍ਰਤਿਰੂਪ ਹਨ। ਇਨ੍ਹਾਂ ਦੀ ਕ੍ਰਿਪਾ ਨਾਲ ਮਨੁੱਖ ਜਾਤ ਦਾ ਕਲਿਆਣ ਹੁੰਦਾ ਹੈ। ਇਹ ਉਸ ਦੇਸ਼ ਵਿਚ ਕਦੇ ਨਹੀਂ ਵਸਦੇ, ਜਿਥੇ ਮਜ਼ਦੂਰ ਤੇ ਮਜ਼ਦੂਰ ਦੀ ਕਿਰਤ ਦਾ ਸਤਿਕਾਰ ਨਹੀਂ ਹੁੰਦਾ; ਜਿਥੇ ਸ਼ੂਦਰ ਦੀ ਪੂਜਾ ਨਹੀਂ ਹੁੰਦੀ। ਹੱਥ ਦੇ ਕੰਮ ਕਰਨ ਵਾਲੇ ਨਾਲ ਪ੍ਰੇਮ ਰੱਖਣ ਤੇ ਉਸ ਦੀ ਆਤਮਾ ਦਾ ਸਤਿਕਾਰ ਕਰਨ ਨਾਲ ਸਾਧਾਰਣ ਮਜ਼ਦੂਰੀ ਸੁੰਦਰਾ ਦਾ ਅਨੁਭਵ ਕਰਾਉਣ ਵਾਲੇ ਕਲਾ-ਕਮਾਲ ਦਾ ਅਰਥਾਤ ਕਾਰੀਗਰੀ ਦਾ ਰੂਪ ਹੋ ਜਾਂਦੀ ਹੈ। ਇਸ ਦੇਸ਼ ਵਿਚ ਜਦੋਂ ਮਜ਼ਦੂਰੀ ਦਾ ਮਾਣ ਹੁੰਦਾ ਸੀ ਤਾਂ ਏਸੇ ਆਕਾਸ਼ ਹੇਠ ਬੈਠੇ ਹੋਏ ਮਜੂਰਾਂ ਦੇ ਹੱਥਾਂ ਨੇ ਭਗਵਾਨ ਬੁੱਧ ਦੇ ਨਿਰਵਾਣ 'ਸੁਖ ਨੂੰ ਪੱਥਰ ਤੇ ਇੰਜ ਜੜਿਆ ਸੀ ਕਿ ਇਤਨਾਂ ਸਮਾਂ ਬੀਤ ਜਾਣ ਤੇ ਵੀ ਪੱਥਰ ਦੀ ਮੂਰਤੀ ਦੇ ਹੀ ਦਰਸ਼ਨਾਂ ਰਾਹੀਂ ਅਜੇਹੀ ਸ਼ਾਂਤੀ ਪ੍ਰਾਪਤ ਹੁੰਦੀ ਹੈ ਜੇਹੋ ਜੇਹੀ ਕਿ ਆਪ ਭਗਵਾਨ ਬੁੱਧ ਦੇ ਦਰਸ਼ਨਾਂ ਵਿਚੋਂ ਹੁੰਦੀ ਹੈ। ਮੂੰਹ, ਹੱਥ, ਪੈਰ ਵਗੈਰਾ ਦਾ ਘੜ ਦੇਣਾ ਸਾਧਾਰਣ ਮਜੂਰੀ ਹੈ ਪਰ ਮਨ ਦੇ ਗੁੱਝੇ ਭਾਵਾਂ ਤੇ ਅੰਦਰਲੇ ਦੀ ਕੋਮਲਤਾ ਅਤੇ ਜੀਵਨ ਦੀ ਸਭਿਯਤਾ ਨੂੰ ਪ੍ਰਤੱਖ ਪ੍ਰਗਟ ਕਰ ਦੇਣਾ ਪ੍ਰੇਮ-ਮਜੂਰੀ ਹੈ। ਸ਼ਿਵ ਜੀ ਦੇ ਤਾਂਡਵ-ਨ੍ਰਿਤ ਨੂੰ ਤੇ ਪਾਰਬਤੀ ਜੀ ਦੇ ਮੁਖ ਦੀ ਸ਼ੋਭਾ ਨੂੰ ਪੱਥਰਾਂ ਦੀ ਸਹਾਇਤਾ ਨਾਲ ਨਿਰੂਪਿਤ ਕਰਨਾ ਜੜ੍ਹ ਨੂੰ ਚੇਤਨ ਬਣਾ ਦੇਣਾ ਹੈ।

ਇਸ ਦੇਸ਼ ਵਿਚ ਬਹੁਤ ਸਮੇਂ ਤੋਂ ਕਾਰੀਗਰੀ ਦੀ ਅਣਹੋਂਦ ਹੈ। ਮਹਿਮੂਦ ਨੇ ਜੋ ਸੋਮਨਾਥ ਦੇ ਮੰਦਰ ਵਿਚ ਸਥਾਪਤ ਮੂਰਤੀਆਂ ਤੋੜੀਆਂ ਸਨ, ਉਸ ਵਿਚ ਉਸ ਦੀ ਕੁਝ ਵੀ ਬਹਾਦਰੀ ਸਿੱਧ ਨਹੀਂ ਹੁੰਦੀ। ਉਨ੍ਹਾਂ ਮੂਰਤੀਆਂ ਨੂੰ ਤਾਂ ਹਰ ਕੋਈ ਤੋੜ ਸਕਦਾ ਸੀ। ਉਸ ਦੀ ਬਹਾਦਰੀ ਦੀ ਪ੍ਰਸ਼ੰਸਾ ਤਦ ਹੁੰਦੀ ਜੇਕਰ ਯੂਨਾਨ ਦੀ ਪ੍ਰੇਮ-ਮਜੂਰੀ ਅਰਥਾਤ ਉਸ ਦੇਸ਼ ਵਾਲਿਆਂ ਦੇ ਹੱਥ ਦੀ ਲਾਸਾਨੀ ਕਾਰੀਗਰੀ ਦਰਸਾਣ ਵਾਲੀਆਂ ਮੂਰਤੀਆਂ ਤੋੜਨ ਦਾ ਹੀਆ ਕਰ ਸਕਦਾ। ਉਸ ਦੇਸ਼ ਦੀਆਂ ਮੂਰਤੀਆਂ ਤਾਂ ਬੋਲ ਰਹੀਆਂ ਹਨ - ਉਹ ਜਿਊਂਦੀਆਂ ਜਾਗਦੀਆਂ ਹਨ, ਮੋਈਆਂ ਹੋਈਆਂ ਨਹੀਂ ਹਨ। ਏਸ ਸਮੇਂ ਦੇ ਦੇਵ-ਅਸਥਾਨਾਂ ਵਿਚ ਥਾਪੀਆਂ ਮੂਰਤੀਆਂ ਨੂੰ ਦੇਖ ਕੇ ਆਪਣੇ ਦੇਸ਼ ਦੀ ਅਧਿਆਤਮਿਕ ਦੁਰਦਸ਼ਾ ਤੇ ਸ਼ਰਮ ਆਉਂਦੀ ਹੈ। ਇਨ੍ਹਾਂ ਨਾਲੋਂ ਤਾਂ ਜੇਕਰ ਅਣਘੜੇ ਪੱਥਰ ਹੀ ਰੱਖ ਲਏ ਜਾਂਦੇ ਤਾਂ ਵਧੇਰੇ ਸ਼ੋਭਾ ਪਾਉਂਦੇ। ਜਦੋਂ ਸਾਡੇ ਦੇਸ਼ ਵਿਚ ਮਜੂਰ, ਚਿੱਤਰਕਾਰ, ਜਾਂ ਲੱਕੜੀ ਤੇ ਪੱਥਰ ਦਾ ਕੰਮ ਕਰਨ ਵਾਲੇ ਭੁੱਖੇ ਮਰਦੇ ਹਨ ਤਾਂ

ਸਾਡੇ ਮੰਦਰਾਂ ਦੀਆਂ ਮੂਰਤੀਆਂ ਕਿਵੇਂ ਸੁਨੱਖੀਆਂ ਹੋ ਸਕਦੀਆਂ ਹਨ ? ਅਜੇਹੇ ਕਾਰੀਗਰ ਤਾਂ ਇਸ ਥਾਂ ਸ਼ੂਦਰ ਦੇ ਨਾਉਂ ਨਾਲ ਪੁਕਾਰੇ ਜਾਂਦੇ ਹਨ। ਯਾਦ ਰੱਖੋ ? ਬਿਨਾਂ ਸ਼ੂਦਰ-ਪੂਜਾ ਦੇ ਮੂਰਤੀ ਪੂਜਾ ਜਾਂ ਕ੍ਰਿਸ਼ਨ ਤੇ ਸਾਲਗ੍ਰਾਮ ਦੀ ਪੂਜਾ ਹੋਣੀ ਅਸੰਭਵ ਹੈ। ਸੱਚ ਤਾਂ ਇਹ ਹੈ ਕਿ ਸਾਡੇ ਸਾਰੇ ਕਰਮ-ਧਰਮ ਬਾਸੀ ਬ੍ਰਹਮਣਪੁਣੇ ਦੇ ਹੋਛੇਪਣ ਹੱਥੀਂ ਕੰਗਾਲੀ ਨੂੰ ਅੱਪੜੇ ਹਨ ਤੇ ਅੱਪੜ ਰਹੇ ਹਨ। ਇਹੋ ਕਾਰਨ ਹੈ ਜੋ ਅਸੀਂ ਕੌਮੀ ਕੰਗਾਲੀ ਹੱਥੀਂ ਦੁਖੀ ਹੋ ਰਹੇ ਹਾਂ।

ਪੱਛਮੀ ਸਭਿਯਤਾ ਦਾ ਇਕ ਨਵਾਂ ਆਦਰਸ਼

ਪੱਛਮੀ ਸਭਿਯਤਾ ਮੋੜ ਕੱਟ ਰਹੀ ਹੈ। ਉਹ ਇਕ ਨਵਾਂ ਆਦਰਸ਼ ਦੇਖ ਰਹੀ ਹੈ। ਹੁਣ ਉਸ ਦੀ ਚਾਲ ਬਦਲਣ ਲੱਗੀ ਹੈ। ਉਹ ਕਲਾ ਦੀ ਪੂਜਾ ਨੂੰ ਛੱਡ ਕੇ ਮਨੁੱਖ ਦੀ ਪੂਜਾ ਨੂੰ ਆਪਣੀ ਨਿਸ਼ਾਨੀ ਬਣਾ ਰਹੀ ਹੈ। ਇਸ ਆਦਰਸ਼ ਦੇ ਦਰਸਾਉਣ ਵਾਲੇ ਰਿਸ਼ੀ ਰਸਕਿਨ ਤੇ ਟਾਲਸਟਾਇ ਆਦਿ ਹਨ। ਪੱਛਮੀ ਦੇਸ਼ਾਂ ਵਿਚ ਨਵਾਂ ਸਵੇਰਾ ਹੋਣ ਵਾਲਾ ਹੈ। ਉਨ੍ਹਾਂ ਦੇਸ਼ਾਂ ਦੇ ਗੰਭੀਰ ਵਿਚਾਰਾਂ ਵਾਲੇ ਲੋਕ ਇਸ ਸਵੇਰੇ ਦੇ ਸੁਆਗਤ ਲਈ ਉੱਠ ਖੜੇ ਹੋਏ ਹਨ। ਸਵੇਰਾ ਹੋਣ ਤੋਂ ਪਹਿਲਾਂ ਹੀ ਉਸ ਦਾ ਪਤਾ ਲਾ ਲੈਣ ਵਾਲੇ ਪੰਛੀਆਂ ਵਾਂਗ ਇਨ੍ਹਾਂ ਮਹਾਨ-ਆਤਮਾਵਾਂ ਵਾਲੇ ਲੋਕਾਂ ਨੂੰ ਇਸ ਨਵੇਂ ਸਵੇਰੇ ਦਾ ਪੂਰਬਲਾ ਗਿਆਨ ਹੈ। ਅਤੇ, ਹੋਵੇ ਵੀ ਕਿਉਂ ਨਾ ? ਇੰਜਣਾਂ ਦੇ ਪਹੀਆਂ ਹੇਠ ਦੱਬ ਕੇ ਉਨ੍ਹਾਂ ਦੇਸਾਂ ਦੇ ਭਾਈ ਭੈਣ - ਨਹੀਂ ਸਗੋਂ ਉਨ੍ਹਾਂ ਦੀ ਸਾਰੀ ਦੀ ਸਾਰੀ ਕੌਮ ਹੀ ਪਿਸ ਗਈ, ਉਨ੍ਹਾਂ ਦੇ ਜੀਵਨ ਦੇ ਧੁਰੇ ਟੁੱਟ ਗਏ, ਉਨ੍ਹਾਂ ਦਾ ਸਾਰਾ ਧਨ ਉਨ੍ਹਾਂ ਦੇ ਘਰਾਂ 'ਚੋਂ ਨਿਕਲ ਕੇ ਇਕ ਦੋ ਹੀ ਥਾਵਾਂ ਤੇ ਇੱਕਠਾ ਹੋ ਗਿਆ। ਸਾਧਾਰਨ ਲੋਕ ਮਰ ਰਹੇ ਹਨ, ਮਜ਼ਦੂਰਾਂ ਦੇ ਹੱਥ-ਪੈਰ ਪਾਟ ਰਹੇ ਹਨ। ਲਹੂ ਵਗ ਰਿਹਾ ਹੈ। ਠਾਰੀ ਨਾਲ ਦੰਦੋੜਿਕੇ ਵੱਜ ਰਹੇ ਹਨ, ਇਕ ਵੰਨੇ ਕੰਗਾਲੀ ਦਾ ਅਖੰਡ ਰਾਜ ਹੈ ਤੇ ਦੂਜੇ ਵੰਨੇ ਅਮੀਰੀ ਦੀ ਅੱਤ ਦਾ ਨਜ਼ਾਰਾ। ਪਰ ਅਮੀਰੀ ਵੀ ਮਾਨਸਿਕ ਦੁਖਾਂ ਹੇਠਾਂ ਦਲੀ-ਮਲੀ ਹੈ। ਮਸ਼ੀਨਾਂ ਬਣਾਈਆਂ ਤਾਂ ਗਈਆਂ ਸਨ, ਮਨੁੱਖਾਂ ਦਾ ਢਿੱਡ ਭਰਨ ਲਈ, ਮਜ਼ੂਰਾਂ ਨੂੰ ਸੁਖ ਦੇਣ ਦੇ ਲਈ ਪਰ ਉਹ ਕਾਲੀਆਂ ਮਸ਼ੀਨਾਂ ਹੀ ਕਾਲ ਬਣ ਕੇ ਉਨ੍ਹਾਂ ਹੀ ਮਨੁੱਖਾਂ ਨੂੰ ਹੜੱਪ ਜਾਣ ਲਈ ਮੂੰਹ ਟੱਡੀ ਖੜੀਆਂ ਹਨ। ਸਵੇਰਾ ਹੋਣ ਤੇ ਹੀ ਇਹ ਕਾਲੀਆਂ ਕਾਲੀਆਂ ਬਲਾਵਾਂ ਦੂਰ ਹੋਣਗੀਆਂ। ਮਨੁੱਖ ਦੇ ਚੰਗੇ ਭਾਗਾਂ ਦਾ ਸੂਰਜ ਉਦੇ ਹੋਵੇਗਾ।

ਦੁੱਖ ਦੀ ਗੱਲ ਹੈ, ਕਿ ਸਾਡੇ ਅਤੇ ਹੋਰਨਾਂ ਪੂਰਬੀ ਦੇਸ਼ਾਂ ਦੇ ਲੋਕਾਂ ਨੂੰ ਮਜ਼ਦੂਰੀ ਨਾਲ ਲੇਸ਼ ਮਾਤਰ ਵੀ ਪਿਆਰ ਨਹੀਂ, ਪਰ ਉਹ ਤਿਆਰੀ ਕਰ ਰਹੇ ਹਨ ਉਪਰ ਦੱਸੀਆਂ ਕਾਲੀਆਂ ਮਸ਼ੀਨਾਂ ਨੂੰ ਗਲਵੱਕੜੀ ਪਾਣ ਦੀ। ਪੱਛਮ ਵਾਲਿਆਂ ਲਈ ਤਾਂ ਇਹ ਗਲ ਪਈ, ਨਦੀ ਵਿਚ ਰੁੜ੍ਹੀ ਜਾਂਦੀ ਕਾਲੀ ਕੰਬਲੀ ਹੋ ਰਹੀ ਹੈ। ਉਹ ਛੱਡਣਾ ਚਾਹੁੰਦੇ ਹਨ ਪਰ ਕਾਲੀ ਕੰਬਲੀ ਉਨ੍ਹਾਂ ਨੂੰ ਨਹੀਂ ਛੱਡਦੀ। ਵੇਖਾਂਗੇ ਪੂਰਬ ਵਾਲੇ ਇਸ ਕੰਬਲੀ ਨੂੰ ਛਾਤੀ ਨਾਲ ਲਾ ਕੇ ਕਿੰਨੇ ਕੁ ਸੁਖ ਮਾਣਦੇ ਹਨ। ਜੇਕਰ ਸਾਡੇ ਵਿਚੋਂ ਹਰ ਆਦਮੀ ਆਪਣੇ ਦਸਾਂ ਨਹੁੰਆਂ ਦੀ ਮਦਦ ਨਾਲ ਹਿੰਮਤ ਕਰ ਕੇ ਚੰਗੀ ਤਰ੍ਹਾਂ ਕੰਮ ਕਰੇ ਤਾਂ ਅਸੀਂ ਮਸ਼ੀਨਾਂ ਦੀ ਕ੍ਰਿਪਾ ਨਾਲ ਅੱਗੇ ਵਧੇ ਹੋਏ, ਪੱਛਮ ਵਾਲਿਆਂ ਨੂੰ ਸਹਿਜੇ ਪਛਾੜ ਸਕਦੇ ਹਾਂ, ਸੂਰਜ ਤਾਂ ਸਦਾ ਪੂਰਬ ਤੋਂ ਹੀ ਪੱਛਮ ਵਲ ਜਾਂਦਾ ਹੈ। ਪਰ, ਆਓ ਪੱਛਮ ਵਿੱਚ ਆਉਣ ਵਾਲੀ ਸਭਿਅਤਾ ਦੀ ਨਵੀਂ ਸਵੇਰ ਨੂੰ ਅਸੀਂ ਪੂਰਬ ਵੱਲੋਂ ਹੀ ਘੱਲੀਏ।

ਇੰਜਣਾਂ ਦੀ ਇਹ ਮਜ਼ਦੂਰੀ ਕਿਸ ਅਰਥ ਜੋ ਬੱਚਿਆਂ, ਇਸਤ੍ਰੀਆਂ ਤੇ ਕਾਰੀਗਰਾਂ ਨੂੰ ਹੀ ਭੁੱਖੇ ਨੰਗੇ ਰੱਖਦੀ ਹੈ, ਤੇ ਕੇਵਲ ਸੋਨੇ, ਚਾਂਦੀ, ਲੋਹੇ ਆਦਿ ਧਾਤਾਂ ਦੀ ਹੀ ਪਾਲਣਾ ਕਰਦੀ ਹੈ। ਪੱਛਮ ਨੂੰ ਪਤਾ ਲੱਗ ਚੁੱਕਾ ਹੈ ਕਿ ਇਨ੍ਹਾਂ ਹੱਥੀਂ ਮਨੁੱਖ ਦਾ ਦੁੱਖ ਦਿਨੋ ਦਿਨ ਵਧਦਾ ਹੈ। ਭਾਰਤਵਰਸ਼ ਜੇਹੇ ਕੰਗਾਲ ਦੇਸ਼ ਵਿਚ ਤਾਂ ਮਨੁੱਖ ਦੇ ਹੱਥਾਂ ਦੀ ਕਿਰਤ ਦੇ ਬਦਲੇ ਕਲਾ ਪਾਸੋਂ ਕੰਮ ਲੈਣਾ ਮੌਤ ਦਾ ਡੰਕਾ ਬਜਾਉਣਾ ਹੋਵੇਗਾ। ਕੰਗਾਲ ਪ੍ਰਜਾ ਹੋਰ ਵੀ ਕੰਗਾਲ ਹੋ ਕੇ ਮਰ ਜਾਵੇਗੀ। ਚੇਤਨ ਹੱਥੀਂ ਚੇਤਨ ਦਾ ਵਾਧਾ ਹੁੰਦਾ ਹੈ। ਮਨੁੱਖ ਨੂੰ ਤਾਂ ਮਨੁੱਖ ਹੀ ਸੁਖ ਦੇ ਸਕਦਾ ਹੈ। ਆਪੇ ਵਿਚ ਦੀ ਨਿਸ਼ਕਪਟ ਸੇਵਾ ਰਾਹੀਂ ਹੀ ਮਨੁੱਖ ਜਾਤੀ ਦਾ ਭਲਾ ਹੋ ਸਕਦਾ ਹੈ। ਧਨ ਜੋੜਨਾ ਤਾਂ ਮਨੁੱਖ ਜਾਤੀ ਦੇ ਆਨੰਦ-ਮੰਗਲ ਦਾ ਇਕ ਮਾਮੂਲੀ ਤੇ ਤੁਛ ਜਿਹਾ ਉਪਾਉ ਹੈ। ਧਨ ਦੀ ਪੂਜਾ ਕਰਨਾ ਨਾਸਤਿਕਤਾ ਹੈ; ਈਸ਼੍ਵਰ ਨੂੰ ਭੁੱਲ ਜਾਣਾ ਹੈ, ਆਪਣੇ ਭੈਣਾਂ ਭਰਾਵਾਂ ਅਤੇ ਮਾਨਸਿਕ ਸੁਖ ਦੇਣ ਵਾਲੇ ਨੂੰ ਮਾਰ ਕੇ ਆਪਣੇ ਸੁਖ ਲਈ ਸਰੀਰਕ ਰਾਜ ਦੀ ਇੱਛਾ ਕਰਨਾ ਹੈ, ਜਿਸ ਡਾਲੀ ਤੇ ਬੈਠੇ ਹਾਂ ਆਪਣੇ ਹੱਥੀਂ ਕੁਹਾੜੀ ਨਾਲ ਕੱਟਣਾ ਹੈ। ਆਪਣੇ ਪਿਆਰਿਆਂ ਵਲੋਂ ਸੱਖਣਾ ਰਾਜ ਕਿਸ ਕੰਮ ? ਪਿਆਰੀ ਮਨੁੱਖ ਜਾਤੀ ਦਾ ਸੁਖ ਹੀ ਜਗਤ ਦੇ ਮੰਗਲ ਦਾ ਮੂਲ ਸਾਧਨ ਹੈ। ਬਿਨਾਂ ਉਸ ਦੇ ਸੁਖ ਦੇ ਹੋਰ ਸਾਧਨ ਨਿਹਫਲ ਹਨ। ਧਨ ਦੀ ਪੂਜਾ ਵਿਚੋਂ ਅਮੀਰੀ, ਬਲ, ਤੇਜ ਤੇ ਕੁਝ ਕਰਨ ਦਾ ਚਾਉ ਨਹੀਂ ਪ੍ਰਾਪਤ ਹੋਣਾ। ਚੇਤਨ ਦੀ ਪੂਜਾ ਵਿਚੋਂ ਹੀ ਮਨੁੱਖ ਦਾ ਕਲਿਆਣ ਹੋ ਸਕਦਾ ਹੈ। ਸਮਾਜ ਨੂੰ ਪਾਲਣ ਵਾਲੀ ਦੁੱਧ ਦੀ

ਧਾਰਾ ਜਦੋਂ ਮਨੁੱਖ ਦੇ ਪ੍ਰੇਮ ਭਰੇ ਦਿਲ, ਨਿਸ਼ਕਪਟ ਦਿਮਾਗ ਤੇ ਮਿੱਤਰਤਾਪੂਰਣ ਨੇਤਰਾਂ ਵਿਚੋਂ ਨਿਕਲ ਕੇ ਵਗਦੀ ਹੈ ਤਾਂ ਉਹੋ ਧਰਤ ਦੇ ਖੇਤਾਂ ਨੂੰ ਹਰਿਆ-ਭਰਿਆ ਤੇ ਫੁੱਲਾਂ-ਲੱਦਿਆ ਕਰਦੀ ਹੈ ਤੇ ਉਹੀ ਉਸ ਵਿਚ ਫਲ ਵੀ ਲਿਆਉਂਦੀ ਹੈ। ਆਓ, ਜੇਕਰ ਹੋ ਸਕੇ, ਤਾਂ ਟੋਕਰੀ ਚੁੱਕ, ਕਹੀ ਹੱਥ ਵਿਚ ਫੜ ਧਰਤੀ ਪੁੱਟੀਏ ਤੇ ਆਪਣੇ ਹੱਥੀਂ ਉਸ ਦੀ ਮਿੱਟੀ ਦੇ ਪਿਆਲੇ ਬਣਾਈਏ। ਫੇਰ ਇਕ ਇਕ ਪਿਆਲਾ ਘਰ ਘਰ ਵਿਚ, ਕੁਟੀਆ ਕੁਟੀਆ ਵਿਚ ਰੱਖ ਆਈਏ ਤੇ ਸਾਰੇ ਲੋਕ ਉਸੇ ਵਿਚ ਮਜ਼ੂਰੀ ਦਾ ਪ੍ਰੇਮ-ਅੰਮ੍ਰਿਤ ਪਾਨ ਕਰਨ।

'ਹੈ ਰੀਤ ਆਸ਼ਕੋਂ ਕੀ ਤਨ ਮਨ ਨਿਸਾਰ ਕਰਨਾ,
ਰੋਨਾ, ਸਿਤਮ ਉਠਾਨਾ ਔਰ ਉਨ ਕੋ ਪਿਆਰ ਕਰਨਾ।'

--oo--

੬

ਆਚਰਣ ਦੀ ਸਭਿਅਤਾ

ਇਲਮ, ਹੁਨਰ, ਕਵਿਤਾ, ਸਾਹਿਤ, ਧਨ ਤੇ ਰਾਜ ਕੋਲੋਂ ਵੀ ਆਚਰਣ ਦੀ ਸਭਿਅਤਾ ਵਧੇਰੇ ਜੋਤ ਵਾਲੀ ਹੈ, ਆਚਰਣ ਦੀ ਸਭਿਅਤਾ ਰਾਹੀਂ ਕੰਗਲਾ ਵੀ ਰਾਜੇ ਮਹਾਰਾਜਿਆਂ ਦੇ ਮਨ ਤੇ ਆਪਣੀ ਵਡਿਆਈ ਦੀ ਧਾਕ ਜਮਾ ਸਕਦਾ ਹੈ। ਇਸ ਸਭਿਅਤਾ ਦੇ ਦਰਸ਼ਨ ਵਿਚੋਂ ਹੁਨਰ, ਸਾਹਿਤ ਅਤੇ ਸੰਗੀਤ ਦੀ ਅਪੂਰਬ ਸਿੱਧੀ ਪ੍ਰਾਪਤ ਹੁੰਦੀ ਹੈ, ਰਾਜ ਵਿਚ ਵਧੇਰੇ ਮਿਠਾਸ ਆਉਂਦੀ ਹੈ। ਵਿਦਿਆ ਦਾ ਤੀਜਾ ਸ਼ਿਵ-ਨੇਤਰ ਖੁੱਲ੍ਹ ਜਾਂਦਾ ਹੈ ! ਚਿੱਤਰ ਕਲਾ, ਚੁੱਪ-ਰਾਗ ਅਲਾਪਣ ਲਗ ਪੈਂਦੀ ਹੈ, ਬੋਲਣ ਵਾਲਾ ਚੁਪ ਸਾਧ ਲੈਂਦਾ ਹੈ, ਲੇਖਕ ਦੀ ਲੇਖਣੀ ਥੰਮ੍ਹ ਜਾਂਦੀ ਹੈ। ਮੂਰਤੀਆਂ ਘੜ੍ਹਨ ਵਾਲੇ ਦੇ ਨੈਣਾਂ ਸਾਹਵੇਂ ਨਵੇਂ ਕਪੋਲ, ਨਵੇਂ ਨੈਣ ? ਨਵੀਂ ਛਬਿ ਤੇ ਨਕਸ਼ ਉੱਘੜਦੇ ਹਨ।

ਆਚਰਣ ਦੀ ਸਭਿਅਤਾ ਦੀ ਰੂਪ-ਭਾਸ਼ਾ ਸਦਾ ਅਬੋਲ ਰਹਿੰਦੀ ਹੈ : ਇਸ ਭਾਸ਼ਾ ਦੇ ਸ਼ਬਦ-ਕੋਸ਼ ਵਿਚ ਪੰਨੇ ਅਣਲਿਖੇ, ਸ਼ੁੱਧ ਚਿੱਟੇ ਹੁੰਦੇ ਹਨ। ਇਸ ਵਿਚ ਨਾਂ-ਮਾਤਰ ਲਈ ਵੀ ਸ਼ਬਦਾਂ ਨੂੰ ਥਾਂ ਨਹੀਂ ਹੁੰਦੀ। ਇਹ ਸਭਿਆਚਾਰ ਬੋਲਦਾ ਹੋਇਆ ਵੀ ਅਬੋਲ ਹੈ। ਵਿਖਿਆਨ ਦੇਂਦਾ ਹੋਇਆ ਵੀ ਵਿਆਖਿਆ ਦੀ ਓਟ ਵਿਚ ਲੁਕਿਆ ਰਹਿੰਦਾ ਹੈ। ਰਾਗ ਗਾਉਂਦਾ ਹੋਇਆ ਵੀ ਰਾਗ ਦੀਆਂ ਸੁਰਾਂ ਵਿਚ ਸਮਾਇਆ ਹੁੰਦਾ ਹੈ। ਕੋਮਲ-ਬੋਲਾਂ ਦੀ ਮਿੱਠਤ ਵਿਚ ਆਚਰਣ ਦੀ ਸਭਿਅਤਾ ਅਬੋਲ ਰੂਪ ਘੁਲੀ ਰਹਿੰਦੀ ਹੈ। ਨਿਮਰਤਾ ਦਇਆ, ਪਿਆਰ ਤੇ ਖੁੱਲ੍ਹ-ਦਿਲੀ ਸਾਰੇ ਦੇ ਸਾਰੇ ਆਚਰਣ ਦੀ ਭਾਸ਼ਾ ਦੇ ਅਬੋਲ ਵਿਖਿਆਨ ਹਨ। ਮਨੁੱਖ ਦੇ ਜੀਵਨ ਤੇ ਅਬੋਲ-ਵਿਆਖਿਆ ਦਾ ਅਸਰ ਸਥਿਰ ਹੁੰਦਾ ਹੈ ਅਤੇ ਉਸ ਦੀ ਆਤਮਾ ਦਾ ਇਕ ਅੰਗ ਹੋ ਨਿਬੱੜਦਾ ਹੈ।

ਨ ਕਾਲਾ, ਨ ਨੀਲਾ, ਨ ਪੀਲਾ, ਨ ਚਿੱਟਾ, ਨ ਪੂਰਬੀ, ਨ ਪੱਛਮੀ, ਨ ਉੱਤਰੀ, ਨ ਦੱਖਣੀ, ਉਹ ਨਾਮ, ਉਹ ਨਿਸ਼ਾਨ, ਉਹ ਮਕਾਨ ਵਿਸ਼ਾਲ ਆਤਮਾ ਦੇ ਵਿਵਹਾਰ ਤੋਂ ਚੁੱਪ-ਰੂਪ-ਸੁਗੰਧੀ ਸਦਾ ਚੁਤਰਫੀਂ ਪਸਰਿਆ ਕਰਦੀ ਹੈ। ਇਸ ਚੁੱਪ ਵਿਚੋਂ ਉਪਜੇ ਪਿਆਰ, ਸੁੱਚਮ ਤੇ ਧਰਮ ਸਾਰੇ ਸੰਸਾਰ ਦਾ

ਕਲਿਆਣ ਕਰ ਕੇ ਸਫ਼ਲੇ ਹੁੰਦੇ ਹਨ। ਇਸ ਦੀ ਹਜ਼ੂਰੀ ਵਿਚੋਂ ਮਨ ਤੇ ਹਿਰਦੇ ਦੀ ਨਵੀਂ ਰੁੱਤ ਮੌਲ ਪੈਂਦੀ ਹੈ। ਲੂਸਦੇ ਸੇਕ ਨਾਲ ਭੁੱਜੇ ਜੀਉੜੇ ਆਚਰਣ ਦੇ ਬੱਦਲਾਂ ਵਿਚੋਂ ਵੱਸਦੀ ਫੁਹਾਰ ਨਾਲ ਠੰਡੇ ਠਾਰ ਹੋ ਜਾਂਦੇ ਹਨ। ਮਨ ਦੀ ਸੀਤ-ਰੁੱਤ ਦੇ ਠਾਰੇ ਦੁਖਿਆਰੇ ਸਭਿਅਤਾ ਦੀ ਸੁਗੰਧੀਮਈ ਅਟਲ ਬਸੰਤ ਦਾ ਆਨੰਦ ਮਾਣਦੇ ਹਨ। ਆਚਰਣ ਦੀ ਅੱਖ ਦੇ ਇਕ ਅੱਥਰੂ ਨਾਲ ਸਾਰੇ ਸੰਸਾਰ ਦੇ ਦੀਦੇ ਸਜੱਲ ਹੋ ਜਾਂਦੇ ਹਨ। ਆਚਰਣ ਦੇ ਆਨੰਦ-ਨਾਚ ਤਕ ਦੇ ਦਿਲ ਨਾਚ ਵਿਚ ਧੜਕ ਉੱਠਦੇ ਹਨ। ਆਨੰਦ ਦੇ ਅਬੋਲ-ਵਿਖਿਆਨ ਵਿਚੋਂ ਮਨੁੱਖ ਨੂੰ ਇਕ ਨਵੇਕਲਾ ਜੀਵਨ ਲਭਦਾ ਹੈ, ਨਵੇਂ ਨਵੇਂ ਵਰਨ ਆਪ ਮੁਹਾਰੇ ਫੁਰਨ ਲੱਗਦੇ ਹਨ। ਸੁੱਕੇ ਕਾਠ ਸੱਚ-ਮੁੱਚ ਹਰੇ ਭਰੇ ਹੋ ਫੁੱਟਦੇ ਹਨ, ਸੁੱਕਿਆਂ ਖੂਹਾਂ ਵਿਚ ਪਾਣੀ ਸਿੰਮ ਆਉਂਦਾ ਹੈ। ਨਵੇਂ ਨੈਣ ਮਿਲਦੇ ਹਨ। ਕੁੱਲ ਪਦਾਰਥਾਂ ਨਾਲ ਇਕ ਨਵੇਕਲੀ ਮਿੱਤਰਤਾ ਦੀ ਸਾਂਝ ਵਿਗਸਦੀ ਹੈ। ਸੂਰਜ, ਪਾਣੀ, ਪੌਣ, ਫੁੱਲਾਂ, ਪੱਥਰਾਂ, ਘਾਹ-ਪੱਤੀਆਂ, ਨਰ ਨਾਰੀਆਂ ਤੇ ਅੰਜਾਣਿਆਂ ਵਿਚ ਇਕ ਅਣਡਿੱਠ ਸੁੰਦਰ ਮੂਰਤੀ ਦੇ ਦੀਦਾਰ ਹੋਣ ਲਗਦੇ ਹਨ।

ਚੁੱਪ-ਰੂਪ ਵਿਖਿਆਨ ਦੀ ਵਡਿਆਈ ਏਡੀ ਬਲਵਾਨ, ਏਡੀ ਅਰਥ ਭਰਪੂਰ ਤੇ ਏਡੀ ਅਸਰਦਾਰੀ ਹੁੰਦੀ ਹੈ ਕਿ ਉਸ ਦੇ ਅੱਗੇ ਕੀ ਮਾਤ-ਬੋਲੀ, ਕੀ ਸਾਹਿਤਕ ਬੋਲੀ ਤੇ ਕੀ ਕਿਸੇ ਹੋਰ ਦੇਸ਼ ਦੀ ਬੋਲੀ ਸਭ ਦੀਆਂ ਸਭ, ਹੀਣੀਆਂ ਭਾਸਦੀਆਂ ਹਨ। ਹਰ ਕੋਈ ਬੋਲੀ ਦੇਵਤਿਆਂ ਦੀ ਬੋਲੀ ਹੋ ਸਕਦੀ ਹੈ, ਪਰ ਕੇਵਲ ਆਚਰਣ ਦੀ ਭਾਸ਼ਾ ਰੱਬੀ ਹੈ ਵਿਚਾਰ ਦੇਖੋ ਅਬੋਲ-ਵਿਖਿਆਨ ਦਾ ਅਸਰ ਕਿਸੇ ਕਵੀ ਦੇ ਮਨ ਵਿਚ ਉੱਤਰ ਕੇ ਦੇਖੋ।

ਸੂਰਜ ਅਸਤ ਪਿਛੋਂ ਸ੍ਰੀ ਕੇਸ਼ਬ ਚੰਦਰ ਸੈਨ ਤੇ ਮਹਾਂ ਰਿਸ਼ੀ ਦੇਵਿੰਦਰ ਨਾਥ ਠਾਕੁਰ ਨੇ ਸਾਰੀ ਰਾਤ ਕਿਵੇਂ ਇਕ ਪਲਕ ਦੇ ਝਮਕਣ ਵਾਂਗ ਬਿਤਾ ਦਿੱਤੀ ਸੀ, ਇਹ ਤਾਂ ਕੱਲ੍ਹ ਦੀ ਗੱਲ ਹੈ, ਕੰਵਲ ਤੇ ਨਰਗਸ ਵਿਚ ਨੈਣ ਲੱਭਣ ਵਾਲੀਆਂ ਨਜ਼ਰਾਂ ਨੂੰ ਪੁੱਛੋ? ਅਬੋਲ-ਵਿਗਿਆਨ ਦੀ ਪ੍ਰਭੁਤਾ ਕਿੰਨੀ ਦੇਵਤਾ ਰੂਪੀ ਹੈ ਪ੍ਰੇਮ ਦੀ ਬੋਲੀ ਸ਼ਬਦਾਂ ਤੋਂ ਪਰੇ ਹੈ। ਅੱਖਾਂ ਦੀ, ਕਪੋਲਾਂ ਦੀ, ਮੱਥੇ ਦੀ ਬੋਲੀ ਵੀ ਸ਼ਬਦਾਂ ਦੀ ਮੁਥਾਜ ਨਹੀਂ। ਜੀਵਨ ਦਾ ਤੱਤ ਵੀ ਸ਼ਬਦਾਂ ਦੀ ਪਕੜ ਥੀਂ ਬਾਹਰਾ ਹੈ। ਸੱਚੇ ਆਚਰਣਾਂ ਦਾ ਪ੍ਰਭਾਵ-ਪੂਰਣ ਅਚਲ ਗਤੀ ਵਾਲਾ ਆਚਰਣ ਨ ਤਾਂ ਸਾਹਿਤ ਦੇ ਲੰਮੇ ਛੇਰਵਿਆਂ ਨਾਲ ਗੰਢਿਆ ਜਾ ਸਕਦਾ ਹੈ, ਨਾ ਵੇਦ ਦੀਆਂ ਸ਼ਰੁਤੀਆਂ ਦੇ ਮਿੱਠੜੇ ਉਪਦੇਸ਼ ਨਾਲ, ਨ ਅੰਜੀਲ ਨਾਲ, ਨ ਕੁਰਾਨ ਨਾਲ, ਨਾ ਵੇਦ-ਧਰਮ-ਚਰਚਾ ਨਾਲ ਤੇ ਨ ਹੀ ਕੇਵਲ ਸਤਿਸੰਗ ਨਾਲ। ਜੀਵਨ ਦੇ ਜੰਗਲ ਵਿਚ ਧਸੇ ਮਨੁੱਖੀ-ਮਨ ਉੱਤੇ ਪ੍ਰਕਿਰਤੀ ਤੇ ਮਾਨਵੀ ਜੀਵਨ ਦੇ ਅਬੋਲ-ਵਿਖਿਆਨਾਂ ਦੇ ਆਹਰ, ਸੁਨਿਆਰ ਦੀ ਨਿੱਕੀ ਹਥੌੜੀ

ਦੀਆਂ ਮਿੱਠੀਆਂ ਮਿੱਠੀਆਂ ਟਕੋਰਾਂ ਦੀ ਕਿਰਤ ਵਾਂਗ, ਆਚਰਣ ਦਾ ਰੂਪ ਨੈਣਾਂ ਸੌਹੇਂ ਉਘੜਦਾ ਹੈ।

ਬਰਫਾਂ ਦੀ ਪੱਗ ਬੰਨ੍ਹੀ ਹਿਮਾਲਾ ਅੱਜ ਦਾ ਬਹੁਤ ਸੁੰਦਰ, ਵਾਹਵਾ ਉੱਚਾ ਤੇ ਵਡਿੱਤਣ ਵਾਲਾ ਜਾਪਦਾ ਹੈ ਪਰ ਕੁਦਰਤ ਨੇ ਸਦੀਆਂ ਦੇ ਆਹਰ ਨਾਲ ਰੇਤ ਦੇ ਇਕ ਇਕ ਕਿਣਕੇ ਨੂੰ ਸਮੁੰਦਰ ਦੇ ਪਾਣੀਆਂ ਵਿਚ ਡੋਬ ਡੋਬ, ਆਪਣੇ ਵਿਚਿੱਤਰ ਹਥੌੜਿਆਂ ਦੀ ਅਚੁੱਕ ਟਕੋਰ ਨਾਲ ਡੋਲ ਡੋਲ ਕੇ ਏਸ ਹਿਮਾਲਾ ਦੇ ਦਰਸ਼ਨ ਕਰਵਾਏ ਹਨ।ਆਚਰਣ ਵੀ ਹਿਮਾਲਾ ਵਾਂਗ ਇਕ ਉੱਚੇ ਕਲਸ ਵਾਲਾ ਮੰਦਰ ਹੈ।ਇਹ ਉਹ ਅੰਬੀ ਦਾ ਬੂਟਾ ਨਹੀਂ ਜਿਸ ਨੂੰ ਮਦਾਰੀ ਅੱਖ ਦੇ ਫੋਰ ਵਿਚ, ਤੁਹਾਡੇ ਅੱਖੀਂ ਘੱਟਾ ਪਾ ਕੇ, ਆਪਣੀ ਹਥੇਲੀ ਤੇ ਉਗਾ ਵਿਖਾ ਦੇਵੇ। ਇਸ ਦੇ ਵਧਣ ਤੇ ਮੌਲਣ ਨੂੰ ਅਮਿਤ ਸਮਾਂ ਲਗਦਾ ਹੈ। ਧਰਤੀ ਬਣ ਗਈ, ਸੂਰਜ ਬਣ ਗਿਆ, ਤਾਰੇ ਅਕਾਸ਼ਾਂ ਵਿਚ ਤਾਰੀਆਂ ਲਾਉਣ ਲੱਗੇ, ਪਰ ਅਜੇ ਤੀਕ ਆਚਰਣ ਦੀ ਸੁਹਣੀ ਨੁਹਾਰ ਦੇ ਦੀਦਾਰ ਨਹੀਂ ਹੋ ਆਏ। ਕਿਧਰੇ ਕਿਧਰੇ ਇਸ ਦੀ ਬਹੁਤ ਨਿੰਮ੍ਹੀ ਨਿੰਮ੍ਹੀ ਲਿਸ਼ਕੋਰ ਜ਼ਰੂਰ ਝਲਕਾਰਾ ਦੇ ਜਾਂਦੀ ਹੈ।

ਪੁਸਤਕਾਂ ਵਿਚ ਲਿਖੇ ਨੁਸਖਿਆਂ ਨਾਲ ਤਾਂ ਸਗੋਂ ਬਦਹਜ਼ਮੀ ਹੋ ਜਾਂਦੀ ਹੈ। ਸਾਰੇ ਵੇਦ ਸ਼ਾਸਤਰ ਘੋਲ ਕੇ ਪੀਤਿਆਂ ਵੀ ਆਦਰਸ਼ਕ ਆਚਰਣ ਦੀ ਪ੍ਰਾਪਤੀ ਨਹੀਂ ਹੁੰਦੀ। ਆਚਰਣ ਦੀ ਪ੍ਰਾਪਤੀ ਦੇ ਅਭਿਲਾਸ਼ੀ ਨੂੰ ਆਲੋਚਕਾਂ ਕੋਲੋਂ ਕੋਈ ਮਦਦ ਨਹੀਂ ਮਿਲਦੀ। ਸ਼ਬਦ ਤੇ ਵਾਕ ਤਾਂ ਸਾਧਾਰਨ ਜੀਵਨ ਦੇ ਚੋਚਲੇ ਹਨ। ਇਹ ਆਚਰਣ ਦੀ ਗੁਪਤ ਗੁਫਾ ਤੀਕ ਰਸਾਈ ਨਹੀਂ ਪਾ ਸਕਦੇ। ਉਥੇ ਇਨ੍ਹਾਂ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਵੇਦ ਇਸ ਦੇਸ਼ ਦੇ ਵਾਸੀਆਂ ਦੀ ਮਾਨਤਾ ਅਨੁਸਾਰ ਕਰਤਾਰੀ ਬਾਣੀ ਹਨ, ਐਪਰ ਇਹ ਜੁੱਗੜੇ ਬੀਤ ਜਾਣ ਤੇ ਵੀ ਸਾਰੇ ਸੰਸਾਰ ਦੀਆਂ ਵੱਖ ਵੱਖ ਜਾਤਾਂ ਤੋਂ ਸੰਸਕ੍ਰਿਤ ਨਹੀਂ ਬੁਲਵਾ ਸਕੇ, ਨ ਉਨ੍ਹਾਂ ਨੂੰ ਇਸ ਦੀ ਮਹਾਨਤਾ ਸਮਝਾ ਨ ਸਿਖਾ ਸਕੇ. ਇਹ ਹੋ ਕਿਵੇਂ ਸਕਦਾ ਸੀ ? ਕਰਤਾਰ ਤਾਂ ਸਦਾ ਅਬੋਲ ਹੈ। ਉਸ ਦੀ ਚੁੱਪ, ਸ਼ਬਦ ਤੇ ਬੋਲੀ ਦਾ ਵਿਸ਼ਾ ਹੀ ਨਹੀਂ। ਉਹ ਕੇਵਲ ਆਚਰਣ ਦੇ ਕੰਨਾਂ ਵਿਚ ਗੁਰ-ਮੰਤਰ ਦੀ ਫੂਕ ਮਾਰ ਸਕਦੀ ਹੈ।ਕੇਵਲ ਰਿਸ਼ੀਆਂ ਦੇ ਅੰਦਰਲੇ ਵਿਚ ਗਿਆਨ ਦਾ ਉਜਾਲਾ ਕਰਵਾ ਸਕਦੀ ਹੈ।

ਕਿਸੇ ਦਾ ਆਚਰਣ ਪੌਣ ਦੇ ਰੁਮਕੇ ਨਾਲ ਡੋਲ ਜਾਵੇ, ਪਰੰਤੂ ਸਾਹਿਤ ਤੇ ਸ਼ਬਦਾਂ ਗੋਲਿਆਂ ਦੀ ਵਰਖਾ ਤੇ ਝੱਖੜ ਨਾਲ ਉਸ ਦੇ ਸਿਰ ਦਾ ਵਾਲ ਵੀ ਵਿੰਗਾ ਨਾ ਹੋਣਾ ਸਾਧਾਰਣ ਜੇਹੀ ਗੱਲ ਹੈ। ਫੁੱਲ ਦੀ ਸੂਖਮ ਪੱਤੀ ਨਾਲ ਕਿਸੇ ਦੇ ਲੂੰ ਕੰਡਿਆ ਜਾਣ, ਪਾਣੀ ਦੀ ਠਾਰੀ ਨਾਲ ਕ੍ਰੋਧ ਤੇ ਵਾਸ਼ਨਾ ਠੰਡੀ ਪੈ ਜਾਵੇ ਬਰਫ ਦੇ ਦਰਸ਼ਨਾਂ ਥੀਂ ਪਵਿੱਤਰਤਾ ਆ ਜਾਵੇ ਸੂਰਜ ਦੀ ਜੋਤ ਨਾਲ ਨੈਣ

ਉਘੜ ਜਾਣ, ਪਰ ਅੰਗਰੇਜ਼ੀ ਬੋਲੀ ਦਾ ਵਿਖਿਆਨ ਭਾਵੇਂ ਕਾਰਲਾਈਲ ਦਾ ਹੀ ਲਿਖਿਆ ਕਿਉਂ ਨਾ ਹੋਵੇ, ਬਨਾਰਸ ਦੇ ਪੰਡਤਾਂ ਲਈ ਰਾਮ-ਰੌਲੇ ਥੀਂ ਵਧੇਰੇ ਨਹੀਂ। ਇਸ ਤਰ੍ਹਾਂ ਨਿਆਇ ਤੇ ਵਿਆਕਰਣ ਦੀਆਂ ਬਾਰੀਕੀਆਂ ਸਾਰੇ ਪੰਡਿਤਾਂ ਦੀ ਚਰਚਾ ਤੇ ਸ਼ਾਸਤਰਾਰਥ ਸੰਸਕ੍ਰਿਤ ਗਿਆਨ ਤੋਂ ਸੱਖਣੇ ਬੰਦਿਆਂ ਲਈ ਤਾਂ ਸਟੀਮ ਇੰਜਣ ਦੀ ਭਫ ਭਫ ਤੋਂ ਵਧੇਰੇ ਅਰਥ ਨਹੀਂ ਰਖਦੇ। ਜੇ ਤੁਸੀਂ ਆਖੋ ਕਿ ਵਿਖਿਆਨਾਂ, ਉਪਦੇਸ਼ਾਂ ਤੇ ਧਰਮ ਚਰਚਾ ਨਾਲ ਬਹੁਤੇ ਪੁਰਖਾਂ ਤੇ ਇਸਤ੍ਰੀਆਂ ਦੇ ਮਨ ਤੇ ਜੀਵਨ ਭਰ ਲਈ ਪ੍ਰਭਾਵ ਪਿਆ ਹੈ, ਤਾਂ ਉਸ ਦੇ ਜਵਾਬ ਵਿਚ ਕਿਹਾ ਜਾ ਸਕਦਾ ਹੈ ਕਿ ਪ੍ਰਭਾਵ ਸ਼ਬਦ ਦਾ ਨਹੀਂ ਪੈਂਦਾ - ਪ੍ਰਭਾਵ ਤਾਂ ਸਦਾ ਚੰਗੇ ਆਚਰਣ ਦਾ ਹੀ ਪੈਂਦਾ ਹੈ। ਸਾਧਾਰਣ ਉਪਦੇਸ਼ ਤਾਂ ਹਰ ਇਕ ਗਿਰਜੇ, ਮੱਠ ਤੇ ਮਸੀਤ ਵਿਚ ਹੁੰਦਾ ਰਹਿੰਦਾ ਹੈ, ਪਰ ਉਸ ਦਾ ਪ੍ਰਭਾਵ ਸਾਡੇ ਮਨ ਤੇ ਉਸ ਸਮੇਂ ਪੈਂਦਾ ਹੈ ਜਦੋਂ ਗਿਰਜੇ ਦਾ ਪਾਦਰੀ ਆਪ ਈਸਾ ਤੇ ਮੰਦਰ ਦਾ ਪੁਜਾਰੀ ਬ੍ਰਹਮ-ਰਿਸ਼ੀ ਜਾਂ ਮਸੀਤ ਦਾ ਮੁੱਲਾਂ ਆਪ ਪੈਗੰਬਰ ਜਾਂ ਰਸੂਲ ਹੋ ਗਿਆ ਹੁੰਦਾ ਹੈ।

ਜੇਕਰ ਕੋਈ ਬ੍ਰਾਹਮਣ ਕਿਸੇ ਡੁੱਬਦੀ ਕੰਨਿਆ ਨੂੰ ਬਚਾਉਣ ਲਈ-ਉਹ ਕੰਨਿਆ ਭਾਵੇਂ ਕਿਸੇ ਜ਼ਾਤ, ਕਿਸੇ ਪਰਿਵਾਰ ਤੇ ਕਿਸੇ ਦੇਸ਼ ਦੀ ਕਿਉਂ ਨਾ ਹੋਵੇ ਆਪਣੇ ਆਪ ਨੂੰ ਗੰਗਾ ਵਿਚ ਠੇਲ੍ਹ ਦੇਵੇ, ਫੇਰ ਜਾਨ ਉਸ ਦੀ ਏਸ ਯਤਨ ਵਿਚ ਚਾਹੇ ਰਹੇ ਚਾਹੇ ਜਾਵੇ, ਤਾਂ ਇਸ ਯਤਨ ਦੀ ਪ੍ਰੇਰਣਾ ਦੇਣ ਵਾਲੇ ਆਚਰਣ ਦੀ ਅਬੋਲ-ਭਾਖਾ, ਕਿਸ ਦੇਸ਼, ਕਿਸ ਜਾਤੀ ਤੇ ਕਿਸ ਕਾਲ ਵਿਚ ਕੌਣ ਨਾ ਸਮਝ ਸਕੇਗਾ? ਪ੍ਰੇਮ ਦਾ ਆਚਰਣ, ਦਇਆ ਦਾ ਆਚਰਣ, ਕੀ ਪਸ਼ੂ, ਕੀ ਮਨੁੱਖ, ਸੰਸਾਰ ਦੇ ਸਾਰੇ ਜੀਵ ਆਪ ਤੋਂ ਆਪ ਜਾਣ ਜਾਂਦੇ ਹਨ। ਸੰਸਾਰ ਭਰ ਦੇ ਬੱਚਿਆਂ ਦੀ ਭਾਸ਼ਾ ਇਸ ਸ਼ਬਦ-ਹੀਨ ਭਾਖਾ ਦਾ ਹੀ ਚਿੰਨ੍ਹ-ਰੂਪ ਹੈ। ਬੱਚਿਆਂ ਦੀ ਇਹ ਸ਼ੁੱਧ ਅਬੋਲ ਕ੍ਰਿਆ ਤੇ ਹਾਸਾ ਵੀ ਸਾਰੇ ਦੇਸ਼ਾਂ ਵਿਚ ਇੱਕੋ ਜੇਹਾ ਹੀ ਹੈ।

ਇਕ ਵੇਰ, ਇਕ ਰਾਜਾ ਕਿਧਰੇ ਜੰਗਲ ਵਿਚ ਸ਼ਿਕਾਰ ਖੇਡਦਾ ਰਾਹ ਭੁੱਲ ਗਿਆ। ਸਾਥੀ ਉਸ ਦੇ ਪਿਛੜ ਗਏ, ਘੋੜਾ ਮਰ ਗਿਆ। ਬੰਦੂਕ ਹੱਥ ਵਿਚ ਰਹਿ ਗਈ। ਉੱਤੋਂ ਰਾਤ ਆ ਲੱਥੀ ਅਤੇ ਬਰਫ਼ਾਂ ਕੱਜਿਆ ਦੇਸ਼, ਪਹਾੜੀ ਰਸਤੇ, ਮੀਂਹ, ਹਨੇਰੀ, ਗੜੇ ਪੈ ਰਹੇ ਸਨ। ਠੰਡੀ ਹਵਾ ਉਸ ਦੀਆਂ ਹੱਡੀਆਂ ਨੂੰ ਕੜਕਾਵੇ, ਕੁਦਰਤ ਨੇ ਏਸ ਘੜੀ ਏਸ ਰਾਜੇ ਨੂੰ ਕਿਸੇ ਯਤੀਮ ਬੱਚੇ ਤੋਂ ਵੀ ਵਧੇਰੇ ਬੇਸਹਾਰਾ ਕਰ ਦਿੱਤਾ। ਦੂਰ ਕਿਧਰੇ ਪਹਾੜੀ ਦੀ ਟੀਸੀ ਤੋਂ ਹੇਠਾਂ ਟਿਮਕਦੀ ਬੱਤੀ ਦੀ ਲੋਅ ਨਜ਼ਰੀਂ ਪਈ। ਕਈ ਮੀਲ ਪਹਾੜ ਦੇ ਉੱਚੇ ਨੀਵੇਂ ਰਾਹਾਂ ਦੇ ਉਤਾਰ-ਚੜ੍ਹਾ ਲੰਘ ਥਕਿਆ, ਭੁੱਖ ਤੇ ਠਾਰੀ ਨਾਲ ਸੁੰਗੜਿਆ ਰਾਜਾ ਉਸ

ਬੱਤੀ ਵਾਲੇ ਟਿਕਾਣੇ ਤੇ ਪੁੱਜਾ। ਇਕ ਗਰੀਬ ਪਹਾੜੀ ਕਿਸਾਨ ਦੀ ਕੁਟੀਆ ਹੈ ਸੀ। ਉਸ ਕੁਟੀਆ ਵਿਚ ਉਹ ਕਿਸਾਨ, ਉਸ ਦੀ ਜ਼ਨਾਨੀ ਤੇ ਉਨ੍ਹਾਂ ਦੇ ਦੋ ਤਿੰਨ ਬੱਚੇ ਰਹਿੰਦੇ ਸਨ। ਸ਼ਿਕਾਰੀ ਰਾਜੇ ਨੂੰ ਕਿਸਾਨ ਆਪਣੀ ਕੁਟੀਆ ਦੇ ਅੰਦਰ ਲੈ ਗਿਆ। ਅੱਗ ਬਾਲੀ ਰਾਜੇ ਦੇ ਕੱਪੜੇ ਸੁਕਾਏ ਦੋ ਮੋਟੀਆਂ ਠੁੱਲੀਆਂ ਰੋਟੀਆਂ ਸਾਗ ਨਾਲ ਉਸ ਦੇ ਅੱਗੇ ਰੱਖੀਆਂ। ਆਪ ਖਾਧਾ ਤੇ ਸ਼ਿਕਾਰੀ ਨੂੰ ਵੀ ਖਵਾਇਆ। ਉਨ ਤੇ ਰਿੱਛ ਦੀ ਖੱਲ ਦੀ ਨਰਮ ਤੇ ਨਿੱਘੀ ਵਿਛਾਈ ਉੱਤੇ ਸ਼ਿਕਾਰੀ ਨੂੰ ਸਵਾਇਆ। ਧੰਨ ਹੈ ਤੂੰ ਹੇ ਮਨੁੱਖ ! ਰੱਬ ਤੋਂ ਕਿਹੜਾ ਘੱਟ ਹੈਂ ? ਤੂੰ ਵੀ ਤਾਂ ਪਵਿੱਤਰ ਤੇ ਬੇਗਰਜ ਦਿਲ ਨਾਲ ਹੋਰਨਾਂ ਦੀ ਰੱਖਿਆ ਕਰਦਾ ਹੈਂ। ਤੂੰ ਵੀ ਬਿਪਤਾ ਮਾਰਿਆਂ ਦਾ ਬਿਪਤਾ ਤੋਂ ਉਧਾਰ ਕਰਨ ਵਾਲਾ ਹੈਂ।

ਸ਼ਿਕਾਰੀ ਭਾਵੇਂ ਕਿਤਨੇ ਹੀ ਰੂਸਾਂ ਦਾ 'ਜ਼ਾਰ' ਕਿਉਂ ਨਾ ਹੋਵੇ, ਏਸ ਸਮੇਂ ਤਾਂ ਇਕ ਰੋਟੀ, ਇਕ ਨਿੱਘੀ ਵਿਛਾਈ, ਅੱਗ ਦੀ ਇਕ ਚੰਗਿਆੜੀ ਤੇ ਟੁੱਟੀ ਛੱਤ ਵਾਲੀ ਕੁੱਲੀ ਤੋਂ ਉਸ ਦੀਆਂ ਸਾਰੀਆਂ ਰਾਜਧਾਨੀਆਂ ਵਿਕ ਗਈਆਂ। ਜੇਕਰ ਉਹ ਆਪਣਾ ਸਾਰਾ ਰਾਜ ਵੀ ਉਸ ਕਿਸਾਨ ਨੂੰ, ਉਸ ਦੀ ਅਣਮੁੱਲੀ ਰੱਖਿਆ ਦੇ ਬਦਲੇ ਦੇਣਾ ਲੋੜੇ ਤਾਂ ਵੀ ਤੁੱਛ ਹੈ। ਜੇਕਰ ਉਹ ਆਪਣਾ ਦਿਲ ਭੇਟ ਦੇਵੇ ਤਾਂ ਵੀ ਤੁੱਛ ਹੈ। ਜਰਾ ਉਸ ਗਰੀਬ ਅਨਪੜ੍ਹ ਪਹਾੜੀ ਕਿਸਾਨ ਦੀ ਦਇਆ ਤੇ ਖੁੱਲ੍ਹ ਦਿਲੀ ਦੀ ਅਬੋਲ ਵਿਆਖਿਆ ਪਰਖੋ। ਭਾਵੇਂ ਸ਼ਿਕਾਰੀ ਨੂੰ ਪਤਾ ਲੱਗੇ ਭਾਵੇਂ ਨਾ ਪਰ ਰਾਜੇ ਦੇ ਅੰਦਰਲੇ ਦੇ ਅਬੋਲ ਜੀਵਨ ਵਿਚ ਉਸ ਨੇ ਰੱਬੀ ਖੁੱਲ੍ਹ-ਦਿਲੀ ਦੀ ਕਲਮ ਉਸ ਕਿਸਾਨ ਨੇ ਲਾ ਦਿੱਤੀ। ਸ਼ਿਕਾਰ ਵਿਚ ਅਣਭੋਲ ਰਾਹ ਭੁੱਲ ਜਾਣ ਤੇ ਜਦੋਂ ਇਸ ਰਾਜੇ ਨੂੰ ਗਿਆਨ ਦਾ ਇਕ ਪਰਮਾਣ ਮਿਲ ਗਿਆ ਤਾਂ ਕੌਣ ਕਹਿ ਸਕੇਗਾ ਕਿ ਸ਼ਿਕਾਰੀ ਦਾ ਜੀਵਨ ਚੰਗਾ ਨਹੀਂ ? ਕੀ ਜੰਗਲ ਵਿਚਲੇ ਅਜੇਹੇ ਜੀਵਨ ਵਿਚ ਅਜੇਹੇ ਵਿਆਖਿਆਨਾਂ ਥੀਂ ਮਨੁੱਖੀ ਜੀਵਨ ਸਹਿਜੇ ਨਵਾਂ ਰੂਪ ਨਹੀਂ ਧਾਰਨ ਕਰਦਾ ? ਜਿਸ ਨੇ ਸ਼ਿਕਾਰੀ ਜੀਵਨ ਦੀਆਂ ਔਕੜਾਂ ਨਹੀਂ ਝੱਲੀਆਂ ਉਹ ਕੀ ਜਾਣੇ ਕਿ ਇਸ ਪ੍ਰਕਾਰ ਦੇ ਜੀਵਨ ਉਹਲੇ ਕਿਸ ਮਿਹਨਤ ਦੇ ਆਚਰਣ ਦਾ ਵਿਕਾਸ ਹੁੰਦਾ ਹੈ। ਇਵੇਂ ਹੀ ਹਰ ਮਨੁੱਖ ਦੇ ਜੀਵਨ ਵਿਚ ਪਵਿੱਤ੍ਰਤਾ ਹੀ ਨਹੀਂ ਅਪ-ਵਿੱਤ੍ਰਤਾ ਵੀ ਜੀਵਨ-ਆਚਰਣ ਨੂੰ ਸਹਿਜੇ ਘੜਦੀ ਰਹਿੰਦੀ ਹੈ, ਉਸ ਨੂੰ ਭਲੀ ਭਾਂਤ ਕੁੰਦਨ ਕਰਦੀ ਰਹਿੰਦੀ ਹੈ। ਜਗਾਈ ਤੇ ਮਧਾਈ ਜੇ ਪੱਕੇ ਲੁਟੇਰੇ ਨਾ ਹੁੰਦੇ ਤਾਂ ਮਹਾਂ ਪ੍ਰਭੂ ਚੇਤੰਨ ਦੇ ਆਚਰਣ ਬਾਰੇ ਅਣਬੋਲੇ-ਪ੍ਰਚਾਰ ਨੂੰ ਕਿਵੇਂ ਧਾਰਨ ਕਰਦੇ ? ਜਨਾਨੀ ਨੂੰ ਨੰਗਿਆਂ ਨ੍ਹਾਂਦਿਆਂ ਦੇਖ ਸੂਰਦਾਸ ਜੀ ਨੇ ਕ੍ਰਿਸ਼ਨ ਨੂੰ ਸੌਂਪਿਆ ਆਪਣਾ ਮਨ ਉਸ ਨਾਰੀ ਦੀ ਚੰਮ-ਸੁੰਦਰਤਾ ਤੱਕਣ ਵਿਚ ਨਾ ਲਾਉਂਦੇ ਤੇ ਇੰਜ ਇਕ ਵਾਰ

ਮੁੜ ਅਪਵਿੱਤ੍ਰ ਨ ਹੁੰਦੇ ਤਾਂ ਸੂਰ-ਸਾਗਰ ਵਿਚਲਾ ਪ੍ਰੇਮ ਦਾ ਉਹ ਅਬੋਲ ਵਿਖਿਆਨ, ਆਚਰਣ ਦਾ ਉਹ ਉੱਚਾ ਆਦਰਸ਼ ਕਿਵੇਂ ਪ੍ਰਤੱਖ ਹੋ ਆਉਂਦਾ? ਕੌਣ ਕਹਿ ਸਕਦਾ ਹੈ ਕਿ ਜੀਵਨ ਦੀ ਪਵਿੱਤ੍ਰਤਾ ਤੇ ਅਪਵਿੱਤ੍ਰਤਾ ਦੇ ਵਿਰੋਧੀ ਭਾਵਾਂ ਨਾਲ ਲੋਕ-ਆਚਰਣ ਵਿਚ ਇਕ ਅਨੋਖੀ ਪਵਿੱਤਰਤਾ ਨਹੀਂ ਵਿਗਸਦੀ।

ਮੈਰੀ ਮਾਡਲਿਨ ਜੇਕਰ ਵੇਸਵਾ ਨਾ ਹੁੰਦੀ ਤਾਂ ਉਸ ਨੂੰ ਕੌਣ ਈਸਾ ਕੋਲ ਪੁਚਾਉਂਦਾ ਤੇ ਈਸਾ ਦੇ ਅਣਬੋਲੇ-ਵਿਖਿਆਨ ਦੇ ਪ੍ਰਭਾਵ ਨਾਲ ਉਹ ਕਿਵੇਂ ਸਭਨਾਂ ਦੀ ਪੂਜਨੀਕ ਮਾਤਾ ਬਣ ਸਕਦੀ? ਕੌਣ ਕਹਿ ਸਕਦਾ ਹੈ ਕਿ ਧਰੂ ਦੀ ਮਤ੍ਰੇਈ ਮਾਂ ਵੀ ਉਸ ਨੂੰ ਅਟੱਲ ਅਡੋਲ ਬਣਾਉਣ ਵਿਚ ਉਵੇਂ ਹੀ ਸਹਾਇਕ ਨਹੀਂ ਹੋਈ ਜਿਵੇਂ ਕਿ ਉਸ ਦੀ ਸੱਕੀ ਮਾਂ?

ਮਨੁੱਖ ਦਾ ਆਚਰਣ ਇਤਨਾ ਵਿਸ਼ਾਲ ਹੈ ਕਿ ਉਸ ਨੂੰ ਰੂਪ ਦੇਣ ਲਈ ਕਈ ਭਾਂਤ ਦੇ ਉੱਚੇ-ਨੀਵੇਂ ਤੇ ਭਲੇ ਬੁਰੇ ਵਿਚਾਰ, ਅਮੀਰੀ ਤੇ ਗ਼ਰੀਬੀ, ਉਸਾਰੀ ਤੇ ਤਬਾਹੀ ਆਦਿ ਸਹਾਇਤਾ ਪੁਚਾਉਂਦੇ ਹਨ। ਪਵਿੱਤ੍ਰ-ਅਪਵਿੱਤ੍ਰਤਾ ਵੀ ਉਵੇਂ ਹੀ ਬਲਵਾਨ ਹੈ ਜਿਵੇਂ ਪਵਿੱਤ੍ਰ-ਪਵਿੱਤ੍ਰਤਾ। ਜੋ ਕੁੱਝ ਸੰਸਾਰ ਵਿਚ ਵਰਤਮਾਨ ਹੈ ਉਹ ਕੇਵਲ ਆਚਰਣ ਦੇ ਵਿਕਾਸ ਲਈ ਹੀ ਹੈ। ਅੰਦਰਲੀ ਆਤਮਾ ਉਹੀ ਕਰਦੀ ਹੈ ਜੋ ਬਾਹਰਲੇ ਪਦਾਰਥਾਂ ਦੇ ਸੰਜੋਗ ਦੀ ਝਲਕਾਰ 'ਚੋਂ ਉੱਭਰਦਾ ਹੈ। ਜਿਨ੍ਹਾਂ ਨੂੰ ਅਸੀਂ ਪਵਿੱਤ੍ਰ ਆਤਮਾ ਕਹਿੰਦੇ ਹਾਂ ਕੌਣ ਜਾਣਦਾ ਹੈ ਕਿ ਉਹ ਕਿਹੜੇ ਖੂਹਾਂ ਚੋਂ ਉੱਭਰ ਕੇ ਪ੍ਰਕਾਸ਼ ਨੂੰ ਪ੍ਰਾਪਤ ਹੋਏ ਹਨ। ਜਿਨ੍ਹਾਂ ਨੂੰ ਅਸੀਂ ਧਰਮਾਤਮਾ ਜਾਣਦੇ ਹਾਂ ਕਿਸ ਨੂੰ ਖ਼ਬਰ ਉਹ ਕਿਹੜੇ ਅਧਰਮਾਂ ਦੇ ਕਾਰਣ ਧਰਮ-ਗਿਆਨ ਨੂੰ ਪਹੁੰਚੇ ਹਨ। ਜਿਨ੍ਹਾਂ ਨੂੰ ਅਸੀਂ ਸਭਿਆ ਆਖਦੇ ਹਾਂ ਤੇ ਜੋ ਆਪਣੇ ਜੀਵਨ ਵਿਚ ਪਵਿੱਤ੍ਰਤਾ ਨੂੰ ਹੀ ਸਭ ਕੁੱਝ ਗਿਣਦੇ ਹਨ, ਕੀ ਪਤਾ ਕੁੱਝ ਦਿਨ ਪਹਿਲਾ ਬੁਰੀ ਤੇ ਧਰਮੋਂ ਘੁੱਥੀ ਅਪਵਿੱਤ੍ਰਤਾ ਵਿਚ ਹੀ ਲਿਪਤ ਰਹੇ ਹੋਣ। ਆਪਣੇ ਜਨਮਾ ਜਨਮਾਤਰਾਂ ਦੇ ਸੰਸਕਾਰਾਂ ਨਾਲ ਭਰੀ ਅਨ੍ਹੇਰ-ਕੋਠੜੀ ਚੋਂ ਨਿਕਲ ਨਿਰਮਲ ਪੌਣਾ ਭਰੇ ਖੁੱਲ੍ਹੇ ਜਗਤ ਵਿਚ, ਜਦੋਂ ਤੋੜੀ ਆਚਰਣ ਨੇ ਅੱਖਾਂ ਨਾ ਖੋਲ੍ਹੀਆਂ ਹੋਣ, ਤਦ ਤੋੜੀ ਧਰਮ ਦੇ ਗੂੜ੍ਹ ਤੱਤ ਕਿਵੇਂ ਸਮਝ ਵਿਚ ਆ ਸਕਦੇ ਹਨ? ਹਨ੍ਹੇਰੇ ਨੂੰ ਸੂਰਜ ਦਾ ਕੀ ਲਾਭ! ਬੋਲੇ ਨੂੰ ਰਾਗ ਤੋਂ ਕੀ ਹਾਸਲ? ਕਵਿਤਾ, ਸਾਹਿਤ, ਪੀਰ, ਪੈਗੰਬਰ, ਗੁਰੂ, ਆਚਾਰੀਆ, ਰਿਸ਼ੀ ਆਦਿ ਦੇ ਉਪਦੇਸ਼ਾਂ ਤੋਂ ਲਾਭ ਲੈਣ ਦੀ ਸੱਤਾ ਜੇ ਆਤਮਾ ਵਿਚ ਨਹੀਂ ਤਾਂ ਉਨ੍ਹਾਂ ਦਾ ਕੀ ਲਾਭ? ਜਦ ਤੋੜੀ ਜੀਵਨ-ਬੀਜ ਧਰਤੀ ਤੇ ਗੰਦ ਦੇ ਢੇਰ

ਵਿਚ ਪਿਆ ਹੈ ਤੇ ਜਦੋਂ ਤੋੜੀ ਰੇਹ ਦੀ ਹੁੰਮਸ ਨਾਲ ਉਸ ਵਿਚ ਅੰਗੂਰ ਨਹੀਂ ਫੁੱਟਿਆ ਤੇ ਦੋ ਨਵੀਆਂ ਪੱਤੀਆਂ ਨਹੀਂ ਨਿਕਲ ਆਈਆਂ ਤਦੋਂ ਤੋੜੀ ਚਾਨਣ ਤੇ ਪੌਣ ਉਸ ਦੇ ਕਿਸ ਅਰਥ ?

ਸੰਸਾਰ ਵਿਚ ਅਨੇਕਾਂ ਸੰਪਰਦਾਵਾਂ ਵਾਲੇ ਅਣਡਿੱਠੀਆਂ ਅਣਜਾਣੀਆਂ ਵਸਤਾਂ ਦਾ ਵਰਣਨ ਕਰਦੇ ਹਨ, ਪਰ ਆਪਣੀਆਂ ਅੱਖਾਂ ਤੇ ਤਾਂ ਅਜੇ ਮਾਇਆ ਦੀ ਪੱਟੀ ਬੱਝੀ ਹੈ, ਤੇ ਧਰਮ ਦੀ ਜਾਚ ਲਈ ਮਾਇਆ-ਜਾਲ ਹੱਥੀਂ ਨੈਣਾਂ ਦਾ ਲੁਟਿਆ ਰਹਿਣਾ ਵੀ ਤਾਂ ਜ਼ਰੂਰੀ ਹੈ ! ਇਸੇ ਕਾਰਨ ਮੈਂ ਉਨ੍ਹਾਂ ਦੇ ਅਰਥਾਂ ਨੂੰ ਕਿਵੇਂ ਪਾ ਸਕਦਾ ਹਾਂ। ਉਹ ਭਾਵ, ਉਹ ਰਹਿਣੀ ਬਹਿਣੀ, ਜੋ ਉਨ੍ਹਾਂ ਆਚਾਰੀਆਂ ਦੇ ਮਨ ਵਿਚ ਤੇ ਉਨ੍ਹਾਂ ਦੀ ਬਾਣ ਅੰਦਰ ਅਬੋਲ ਓਤ ਪੋਤ ਹੈ, ਉਨ੍ਹਾਂ ਨਾਲ ਮੇਰੀ ਸਾਂਝ, ਜਦ ਤੋੜੀ ਮੇਰੀ ਰਹਿਣੀ ਬਹਿਣੀ ਵੀ ਉਨ੍ਹਾਂ ਦੇ ਸਮਾਨ ਹੀ ਨ ਹੋ ਜਾਵੇ, ਤਦ ਤੋੜੀ ਕਿਵੇਂ ਸੰਭਵ ਹੈ ? ਰਿਸ਼ੀ ਨੂੰ ਤਾਂ ਅਬੋਲ ਪਦਾਰਥ ਵੀ ਉਪਦੇਸ਼ ਦੇ ਸਕਦੇ ਹਨ, ਟੁੱਟੇ ਫੁੱਟੇ ਸ਼ਬਦ ਵੀ ਆਪਣਾ ਅਰਥ ਸੁਝਾ ਸਕਦੇ ਹਨ। ਤੁੱਛ ਤੋਂ ਤੁੱਛ ਵਸਤੂ ਵੀ ਉਸ ਦੀਆਂ ਨਜ਼ਰਾਂ ਵਿਚ ਉਸੇ ਮਹਾਨ-ਆਤਮਾ ਦਾ ਚਿੰਨ੍ਹ ਹੈ ਜਿਸ ਦਾ ਚਿੰਨ੍ਹ ਉੱਤਮ ਤੋਂ ਉੱਤਮ ਪਦਾਰਥ ਹੈ। ਹਰ ਰਾਜੇ ਵਿਚ ਇਕ ਭਿਖਾਰੀ ਲੁਕਿਆ ਹੈ ਤੇ ਹਰ ਭਿਖਾਰੀ ਵਿਚ ਇਕ ਰਾਜਾ। ਮਹਾਨ ਤੋਂ ਮਹਾਨ ਪੰਡਿਤ ਵਿਚ ਮੂਰਖ ਵੱਸਦਾ ਹੈ ਤੇ ਵੱਡੇ ਤੋਂ ਵੱਡੇ ਮੂਰਖ ਵਿਚ ਵੀ ਇਕ ਪੰਡਿਤ ਹੈ। ਹਰ ਬਹਾਦਰ ਸੂਰਮੇ ਵਿਚ ਇਕ ਕਾਇਰ ਸੁੱਤਾ ਹੈ ਤੇ ਹਰ ਕਾਇਰ ਵਿਚ ਸੂਰਮਾ। ਹਰ ਪਾਪੀ ਵਿਚ ਇਕ ਮਹਾਤਮਾ ਤੇ ਹਰ ਮਹਾਤਮਾ ਦੇ ਅੰਦਰ-ਖਾਨੇ ਇਕ ਪਾਪੀ ਲੁਕਿਆ ਬੈਠਾ ਹੈ।

ਉਹ ਆਚਰਣ ਜੋ ਧਰਮ-ਸੰਪਰਦਾਈਆਂ ਦੇ ਅਣਬੋਲੇ ਸ਼ਬਦ ਸੁਣਦਾ ਹੈ, ਸਾਡੇ ਵਿਚ ਕਿੱਥੇ ? ਜੇਕਰ ਉਹ ਆਚਰਣ ਹੀ ਸਾਡੇ ਵਿਚ ਨਹੀਂ ਤਾਂ ਫੇਰ ਇਹ ਸੰਪਰਦਾਈ ਕਿਉਂ ਸਾਡੇ ਅੰਦਰਲੇ ਮਹਾਂਭਾਵਾਂ ਦੇ ਕੋਸ਼ਤ੍ਰ ਹੋਣ ? ਕਿਉਂ ਨਾ ਅ-ਪ੍ਰੇਮ ਅ-ਪਵਿੱਤ੍ਰਤਾ, ਹੱਤਿਆ ਤੇ ਅਤਿਆਚਾਰ ਇਨ੍ਹਾਂ ਸੰਪਰਦਾਈਆਂ ਦੇ ਨਾਉਂ ਹੇਠ ਸਾਨੂੰ ਕੁਹਣ ? ਕੋਈ ਧਰਮ-ਸੰਪਰਦਾ ਰਹਿਣੀ ਬਹਿਣੀ ਥੀਂ ਘੁੱਥੇ ਬੰਦਿਆਂ ਦਾ ਕਲਿਆਣ ਨਹੀਂ ਕਰ ਸਕਦੀ ਤੇ ਰਹਿਣੀ ਬਹਿਣੀ ਦੇ ਪੂਰੇ ਬੰਦਿਆਂ ਲਈ ਸਭ ਹੀ ਧਾਰਮਕ ਸੰਪਰਦਾਵਾਂ ਕਲਿਆਣਕਾਰੀ ਹਨ। ਸੱਚਾ ਸਾਧੂ ਸਦਾ ਧਰਮ ਨੂੰ ਵਡਿਆਈ ਖੱਟ ਕੇ ਦੇਂਦਾ ਹੈ, ਧਰਮ ਦਾ ਟਿੱਕਾ ਲਾ ਲੈਣ ਨਾਲ ਹੀ ਕਦੇ ਕੋਈ ਵਡਿਆਈ ਵਾਲਾ ਨਹੀਂ ਬਣ ਸਕਿਆ।

ਆਚਰਣ ਦਾ ਵਿਕਾਸ ਹੀ ਜੀਵਨ ਦਾ ਸਭ ਤੋਂ ਵੱਡਾ ਉਪਦੇਸ਼ ਹੈ। ਆਚਰਣ ਦੇ ਵਿਕਾਸ ਲਈ ਕਈ ਪ੍ਰਕਾਰ ਦਾ ਸਾਮਗ੍ਰੀ ਜੋ ਸੰਸਾਰ ਵਿਚਲੇ

ਸਰੀਰਕ, ਸੁਭਾਵਿਕ, ਮਾਨਸਿਕ ਤੇ ਅਧਿਆਤਮਿਕ ਜੀਵਨ ਵਿਚ ਵਰਤਮਾਨ ਹੈ, ਉਨ੍ਹਾਂ ਸਭਨਾਂ ਦਾ ਕੀ ਹਰ ਇਕ ਪੁਰਖ ਤੇ ਹਰ ਇਕ ਜਾਤੀ ਦੇ ਆਚਰਣ-ਵਿਕਾਸ ਦੇ ਸੰਬਧ ਵਿਚ ਵਿਚਾਰ ਕਰਨਾ ਹੋਵੇਗਾ? ਆਚਰਣ ਦੇ ਵਿਕਾਸ ਲਈ ਜੋ ਵੀ ਹੀਲੇ ਹਨ, ਉਨ੍ਹਾਂ ਸਭਨਾਂ ਦੇ ਆਚਰਣ ਨੂੰ ਜਥੇਬੰਦ ਕਰਨ ਵਾਲੇ ਧਰਮ ਦਾ ਅੰਗ ਮੰਨਣਾ ਪਵੇਗਾ। ਭਾਵੇਂ ਕੋਈ ਕਿੰਨਾ ਹੀ ਵੱਡਾ ਮਹਾਤਮਾ ਕਿਉਂ ਨਾ ਹੋਵੇ, ਉਹ ਦ੍ਰਿੜ੍ਹਤਾ ਨਾਲ ਇਹ ਨਹੀਂ ਕਹਿ ਸਕਦਾ ਕਿ ਇੰਜ ਹੀ ਕਰੋ ਹੋਰ ਕਿਵੇਂ ਨਹੀਂ। ਆਚਰਣ ਦੀ ਸਭਿਅਤਾ ਦੀ ਪ੍ਰਾਪਤੀ ਲਈ ਉਹ ਸਭ ਨੂੰ ਇੱਕੋ ਰਾਹ ਨਹੀਂ ਦੱਸ ਸਕਦਾ। ਆਚਰਣ ਵਾਲਾ ਮਹਾਤਮਾ ਆਪ ਵੀ ਕਿਸੇ ਹੋਰ ਦੀ ਦੱਸੀ ਰਾਹ ਥੀਂ ਨਹੀਂ ਆਇਆ, ਉਸ ਨੇ ਆਪਣੀ ਰਾਹ ਆਪ ਲੱਭੀ ਸਿਰਜੀ ਸੀ। ਇਸੇ ਲਈ ਉਸ ਦੇ ਸਾਜੇ ਰਾਹ ਤੇ ਚੱਲ ਕੇ ਅਸੀਂ ਵੀ ਆਪਣੇ ਆਚਰਣ ਨੂੰ ਆਦਰਸ਼ ਦੇ ਸਾਂਚੇ ਵਿਚ ਨਹੀਂ ਢਾਲ ਸਕਦੇ। ਸਾਨੂੰ ਵੀ ਆਪਣਾ ਰਾਹ ਆਪਣੇ ਜੀਵਨ ਦੇ ਕਹੀ ਫਹੌੜੇ ਦੀ ਇਕ ਇਕ ਅੰਕਾਰ ਨਾਲ ਰਾਤ ਦਿਨ ਆਪ ਘੜਨਾ ਪਵੇਗਾ ਅਤੇ ਆਪ ਹੀ ਉਸ ਤੇ ਚੱਲਣਾ ਵੀ ਪਵੇਗਾ। ਹਰ ਕਿਸੇ ਨੂੰ ਆਪਣੇ ਆਪਣੇ ਥਾਂ ਤੇ ਸਮੇਂ ਅਨੁਸਾਰ ਆਪਣੇ ਰੱਬ ਦੀ ਪ੍ਰਾਪਤੀ ਲਈ ਆਪਣੀ ਬੇੜੀ ਆਪ ਖੇਣੀ ਪਵੇਗੀ।

ਜੇ ਮੈਨੂੰ ਈਸ਼ੂਰ ਦਾ ਗਿਆਨ ਨਹੀਂ ਤਾਂ ਨਾ ਸਹੀ। ਅਜੇਹੇ ਗਿਆਨ ਤੋਂ ਮਤਲਬ ਹੀ ਕੀ? ਜਦੋਂ ਤੋੜੀ ਮੈਂ ਅਪਣਾ ਹਥੌੜਾ ਠੀਕ ਠੀਕ ਚਲਾਉਂਦਾ ਹਾਂ ਤੇ ਅਰੂਪ ਲੋਹੇ ਵਿਚੋਂ ਤਲਵਾਰ ਘੜ ਦੇਂਦਾ ਹਾਂ, ਤਦੋਂ ਤੋੜੀ ਜੇਕਰ ਮੈਨੂੰ ਈਸ਼ੂਰ ਦਾ ਗਿਆਨ ਨਹੀਂ ਤਾਂ ਨ ਸਹੀ। ਉਸ ਗਿਆਨ ਤੋਂ ਮੈਂ ਲੈਣਾ ਹੀ ਕੀ ਹੈ ਜਦੋਂ ਤੋੜੀ ਮੈਂ ਆਪਣਾ ਕਲਿਆਣ ਸ਼ੁੱਧ ਰੀਤ ਨਾਲ ਕਰੀ ਜਾਂਦਾ ਹਾਂ ਤਦੋਂ ਤੋੜੀ ਜੇ ਮੈਨੂੰ ਅਧਿਆਤਮਿਕ ਪਵਿੱਤ੍ਰਤਾ ਦਾ ਗਿਆਨ ਨਹੀਂ ਤਾਂ ਨ ਹੋਵੇ। ਉਸ ਤੋਂ ਪ੍ਰਾਪਤੀ ਹੀ ਕੀ ਹੋਵੇਗੀ? ਜਦੋਂ ਤੋੜੀ ਕਿਸੇ ਜਹਾਜ਼ ਦੇ ਕਪਤਾਨ ਵਿਚ ਇਤਨੀ ਬਹਾਦਰੀ ਹੈ ਕਿ ਉਹ ਵੱਡੇ ਤੋਂ ਵੱਡੇ ਖ਼ਤਰੇ ਵਿਚ ਵੀ ਆਪਣੇ ਜਹਾਜ ਨੂੰ ਛੱਡਦਾ ਨਹੀਂ, ਤਦੋਂ ਤੋੜੀ ਜੇਕਰ ਉਹ ਮੇਰੀਆਂ ਤੁਹਾਡੀਆਂ ਨਜ਼ਰਾਂ ਵਿਚ ਸ਼ਰਾਬੀ ਤੇ ਤੀਵੀਂ-ਬਾਜ ਹੈ ਤਾਂ ਪਿਆ ਹੋਵੇ। ਉਸ ਦੇ ਭੈੜਾਂ ਥੀਂ ਅਸਾਡਾ ਕੀ ਮਤਲਬ ਹੈ? ਝੱਖੜ ਹੋਵੇ, ਬਿਜਲੀ ਕੜਕਦੀ ਹੋਵੇ, ਸਮੁੰਦਰ ਵਿਚ ਤੂਫ਼ਾਨ ਆਇਆ ਹੋਵੇ, ਉਹ ਦਿਨ ਰਾਤ ਅੱਖਾਂ ਖੋਲ੍ਹੀ ਆਪਣੇ ਜਹਾਜ਼ ਦੀ ਰਾਖੀ ਲਈ ਜਹਾਜ਼ ਦੇ ਪੁਲ ਉੱਤੇ ਆਪਣੇ ਧਰਮ ਦੀ ਪਾਲਣਾ ਵਿਚ ਘੁੰਮਦਾ ਰਹਿੰਦਾ ਹੈ। ਉਹ ਆਪਣੇ ਜਹਾਜ਼ ਦੇ ਨਾਲ ਹੀ ਸਮੁੰਦਰ ਵਿਚ ਡੁੱਬ ਜਾਂਦਾ ਏ। ਕੇਵਲ ਆਪਣੇ ਆਪ ਨੂੰ ਹੀ ਬਚਾਉਣ ਦਾ ਕੋਈ ਯਤਨ ਨਹੀਂ ਕਰਦਾ। ਕੀ ਉਸ ਦਾ

ਇਹ ਆਚਰਣ ਕਿਸੇ ਅੰਸ਼ ਵਿਚ ਵੀ, ਸਾਡੇ ਤੁਸਾਡੇ ਬਿਸਤਰ ਵਿਚ ਬੰਨ੍ਹਿਆ ਜਾਂ ਆਸਣ ਤੇ ਟਿਕਿਆ, ਕਹੇ ਹੋਏ ਬੇਅਰਥੇ ਸ਼ਬਦਾਂ ਤੋਂ ਕੋਈ ਘੱਟ ਵਡਿਆਈ ਵਾਲਾ ਹੈ ?

ਨ ਮੈਂ ਗਿਰਜੇ ਜਾਂਦਾ ਹਾਂ ਨ ਮੰਦਰ, ਨ ਨਮਾਜ਼ ਪੜ੍ਹਦਾ ਹਾਂ ਤੇ ਨ ਹੀ ਰੋਜ਼ਾ ਰੱਖਦਾ ਹਾਂ, ਨ ਸੰਧਿਆ ਹੀ ਕਰਦਾ ਹਾਂ ਤੇ ਨਾ ਦੇਵਤਿਆਂ ਦੀ ਪੂਜਾ ਨ ਕਿਸੇ ਅਚਾਰੀਆ ਦਾ ਮੈਂ ਨਾਉਂ ਜਾਣਦਾ ਹਾਂ ਨ ਕਿਸੇ ਅੱਗੇ ਮੈਂ ਸਿਰ ਝੁਕਾਇਆ ਹੈ। ਇਨ੍ਹਾਂ ਸਾਰਿਆਂ ਤੋਂ ਮੈਨੂੰ ਲਾਭ ਹੀ ਕੀ ਤੇ ਹਾਨੀ ਵੀ ਕੀ ਹੋ ਸਕਦੀ ਹੈ ? ਮੈਂ ਤਾਂ ਆਪਣੀ ਖੇਤੀ ਕਰਦਾ ਹਾਂ, ਆਪਣੇ ਹਲ-ਪੰਜਾਲੀ ਤੇ ਬਲ੍ਹਦਾਂ ਨੂੰ ਅੰਮ੍ਰਿਤ ਵੇਲੇ ਉੱਠ ਕੇ ਨਮਸਕਾਰ ਕਰਦਾ ਹਾਂ, ਮੇਰਾ ਜੀਵਨ ਜੰਗਲ ਦਿਆਂ ਦਰਖਤਾਂ ਤੇ ਪੰਛੀਆਂ ਦੀ ਸੰਗਤ ਵਿਚ ਲੰਘਦਾ ਹੈ, ਆਕਾਸ਼ ਤੇ ਉਮ੍ਹਲਦੇ ਬੱਦਲਾਂ ਨੂੰ ਦੇਖ ਮੇਰਾ ਦਿਨ ਬੀਤ ਜਾਂਦਾ ਹੈ। ਮੈਂ ਕਿਸੇ ਨੂੰ ਧੋਖਾ ਨਹੀਂ ਦੇਂਦਾ। ਜੇਕਰ ਕੋਈ ਮੈਨੂੰ ਧੋਖਾ ਵੀ ਦੇਵੇ ਤਾਂ ਮੇਰਾ ਕੁਝ ਵਿਗੜ ਨਹੀਂ ਸਕਦਾ। ਮੇਰੇ ਖੇਤਾਂ ਵਿਚ ਅੰਨ ਹੈ ਮੇਰੇ ਘਰ ਅੰਨ ਭਰਿਆ ਹੈ। ਬਿਸਤਰ ਲਈ ਮੈਨੂੰ ਇਕ ਕੰਬਲੀ ਕਾਫੀ ਹੈ ਤੇੜ ਲਈ ਇਕ ਲੰਗੋਟੀ ਤੇ ਸਿਰ ਕਜਣ ਲਈ ਬੱਸ ਇਕ ਟੋਪੀ ਬਹੁਤ ਹੈ। ਮੇਰੇ ਹੱਥ ਪੈਰ ਤਕੜੇ ਹਨ, ਮੇਰੀ ਦੇਹ ਅਰੋਗ ਹੈ, ਭੁੱਖ ਮੈਨੂੰ ਖੁੱਲ੍ਹ ਕੇ ਲਗਦੀ ਹੈ, ਬਾਜਰਾ ਤੇ ਮੱਕੀ, ਲੱਸੀ ਤੇ ਦਹੀਂ, ਦੁੱਧ ਤੇ ਮੱਖਣ ਮੈਨੂੰ ਤੇ ਮੇਰੇ ਬੱਚਿਆਂ ਨੂੰ ਖਾਣ ਲਈ ਮਿਲ ਜਾਂਦੇ ਹਨ।

ਕੀ ਏਸ ਕਿਸਾਨ ਦੀ ਸਿੱਧ ਪੱਧਰੀ ਜ਼ਿੰਦਗੀ ਤੇ ਉਸ ਵਿਚਲੀ ਸਚਾਈ ਵਿਚ ਉਹ ਮਿੱਠਤ ਨਹੀਂ ਜਿਸ ਨੂੰ ਪਾਉਣ ਦੇ ਲਈ ਭਾਂਤ ਭਾਂਤ ਦੀਆਂ ਧਰਮ ਸੰਪ੍ਰਦਾਵਾਂ ਲੰਮੀਆਂ ਚੌੜੀਆਂ, ਚੋਪੜੀਆਂ ਚਿਕਣੀਆਂ ਗੱਲਾਂ ਰਾਹੀਂ ਦੀਖਿਆ ਦੇ ਉਪਦੇਸ਼ ਦੇਂਦੀਆਂ ਰਹਿੰਦੀਆਂ ਹਨ ?

ਜਦ ਸਾਹਿਤ ਸੰਗਤ ਤੇ ਕਲਾ ਦੀ ਹੋਂਦ ਟੱਪੀ ਰਸਿਕਤਾ ਨੇ ਕੌਮ ਨੂੰ ਘੋੜੇ ਤੋਂ ਉਤਾਰ ਮਖਮਲ ਦੇ ਗੱਦਿਆਂ ਤੇ ਲੇਟਣ ਦੀ ਚੇਟਕ ਲਾ ਦਿੱਤੀ। ਜਦੋਂ ਆਲ੍ਹਸ ਤੇ ਵਿਸ਼ੇ-ਵਿਕਾਰਾਂ ਦੀ ਲੰਪਟਤਾ ਨੇ ਜੰਗਲ ਤੇ ਪਹਾੜ ਦੀ ਸਾਫ ਹਵਾ ਦੇ ਖੁੱਲ੍ਹੇ ਡੁੱਲ੍ਹੇ ਮੂੰਹ ਜ਼ੋਰ ਜੀਵਨ ਨਾਲੋਂ ਰੋਮ-ਵਾਸੀਆਂ ਦਾ ਮੂੰਹ ਮੋੜ ਦਿੱਤਾ, ਤਾਂ ਰੋਮ ਗੁਦਗੁਦੇ ਨਰਮ ਤਕੀਆਂ ਤੇ ਬਿਸਤਰਿਆਂ ਉੱਤੇ ਅਜੇਹਾ ਘੂਕ ਸੌਂ ਗਿਆ ਕਿ ਹੁਣ ਤੱਕ ਨ ਆਪ ਉਸ ਦੀ ਅੱਖ ਖੁੱਲ੍ਹੀ ਨ ਕੋਈ ਦੂਸਰਾ ਹੀ ਉਸ ਨੂੰ ਜਗਾ ਸਕਿਆ। ਐਂਗਲੋ-ਸੈਕਸ਼ਨ ਜਾਤੀ ਨੇ ਜੋ ਉੱਨਤੀ ਪ੍ਰਾਪਤ ਕੀਤੀ ਉਹ ਉਸ ਨੂੰ ਆਪਣੇ ਸਮੁੰਦਰਾਂ, ਜੰਗਲਾਂ ਤੇ ਪਰਬਤਾਂ ਨਾਲ ਜੁੜੇ ਜੀਵਨ ਤੋਂ ਹੀ ਲੱਭੀ। ਇਸ ਜਾਤੀ ਦੀ ਉੱਨਤੀ, ਲੜਨ ਭਿੜਨ, ਮਰਨ-ਮਾਰਨ, ਲੁੱਟਣ ਤੇ ਲੁੱਟੇ ਜਾਣ, ਸ਼ਿਕਾਰ ਕਰਨ ਤੇ ਸ਼ਿਕਾਰ ਹੋਣ ਵਾਲੇ ਜੀਵਨ ਦਾ ਹੀ ਫ਼ਲ ਹੈ। ਲੋਕੀ

ਕਹਿੰਦੇ ਹਨ ਕਿ ਕੇਵਲ ਧਰਮ ਹੀ ਜਾਤੀ ਨੂੰ ਉਭਾਰਦਾ ਹੈ। ਇਹ ਠੀਕ ਹੈ, ਪਰ ਧਰਮ ਦਾ ਅੰਕਰ ਜੋ ਜਾਤੀ ਨੂੰ ਉੱਚਿਆਂ ਕਰਦਾ ਹੈ, ਇਸ ਅਸਭ੍ਯ ਕਮੀਨੇ ਤੇ ਪਾਪਾਂ ਭੱਰੇ ਜੀਵਨ ਦੀ ਗੰਦੀ ਰਾਖ ਦੇ ਢੇਰ ਤੇ ਨਹੀਂ ਉਗਮਦਾ। ਮੱਠਾ ਤੇ ਗਿਰਜਿਆ ਦੀ ਨਿੰਮ੍ਹੀਆਂ ਨਿਮ੍ਹੀਆਂ ਟਿਮਕਦੀਆਂ ਮੋਮਬਤੀਆਂ ਦੀ ਲੋਅ ਨਾਲ ਯੂਰਪ ਇਸ ਉੱਚੀ ਅਵਸਥਾ ਨੂੰ ਨਹੀਂ ਅਪੜਿਆ। ਉਹ ਕਠੋਰ ਜੀਵਨ ਜਿਸ ਨੂੰ ਦੇਸ਼ ਦੇਸ਼ਾਂਤ੍ਰਾਂ ਦੀ ਭਾਲ ਵਿਚ ਭਟਕਦੇ ਫਿਰਦੇ ਰਹਿਣ ਤੋਂ ਬਿਨਾਂ ਚੈਨ ਨਹੀਂ ਪੈਂਦਾ, ਜਿਸ ਨੂੰ ਅੰਦਰ ਦੀ ਅੱਗ ਦੂਜੀਆਂ ਜਾਤੀਆਂ ਦੇ ਜਿੱਤਣ, ਲੁੱਟਣ ਮਾਰਨ ਅਤੇ ਉਨ੍ਹਾਂ ਉੱਪਰ ਰਾਜ ਕਰਨ ਤੋਂ ਬਿਨਾਂ ਠੰਡੀ ਨਹੀਂ ਪੈਂਦੀ, ਕੇਵਲ ਉਹੀ ਵਿਸ਼ਾਲ ਜੀਵਨ ਸਾਗਰਾਂ ਦੀ ਹਿੱਕ ਤੇ ਮੂੰਗ ਦਲ ਕੇ, ਪਹਾੜਾਂ ਨੂੰ ਪਾਰ ਕਰਕੇ ਉਨ੍ਹਾਂ ਨੂੰ ਉਸ ਵਡਿੱਤਣ ਵਲ ਲੈ ਗਿਆ ਤੇ ਲੈ ਜਾ ਰਿਹਾ ਹੈ। ਰਾਬਿਨਹੁੱਡ ਦੀ ਉਪਮਾ ਵਿਚ ਇੰਗਲੈਂਡ ਦੇ ਜੋ ਕਵੀ ਸਾਰਾ ਤਾਣ ਲਾ ਦੇਂਦੇ ਹਨ, ਉਨ੍ਹਾਂ ਨੂੰ ਤੱਤ-ਦਰਸ਼ੀ ਆਖਣਾ ਬਣਦਾ ਹੈ ਕਿਉਂ ਜੋ ਰਾਬਿਨਹੁੱਡ ਜੇਹੇ ਭੌਤਿਕ ਪਦਾਰਥਾਂ ਨਾਲ ਹੀ ਨੈਲਸਨ ਤੋਂ ਵਲਿੰਗਟਨ ਜੇਹੇ ਅੰਗਰੇਜ਼ ਬਹਾਦਰਾਂ ਦੀਆਂ ਹੱਡੀਆਂ ਬਣੀਆਂ ਸਨ। ਲੜਾਈ ਦੇ ਅੱਜ-ਕੱਲ ਦੇ ਗੋਲੇ-ਬਾਰੂਦ; ਜੰਗੀ ਜਹਾਜ਼ ਅਤੇ ਤਿਜਾਰਤੀ ਬੇੜੀਆਂ ਆਦਿ ਨੂੰ ਦੇਖ ਕੇ ਕਹਿਣਾ ਪੈਂਦਾ ਹੈ ਕਿ ਇਨ੍ਹਾਂ ਨਾਲ ਵਰਤਮਾਨ ਸਭਿੱਅਤਾ ਤੋਂ ਵੀ ਕਿਤੇ ਉਚੇਰੀ ਸਭਿਅਤਾ ਜਨਮੇਗੀ।

ਜੇਕਰ ਯੂਰਪ ਦੇ ਸਮੁੰਦਰਾਂ ਵਿਚ ਜੰਗੀ ਜਹਾਜ਼ ਮੱਖੀਆਂ ਵਾਂਗ ਫੈਲ ਜਾਂਦੇ ਹਨ ਤੇ ਯੂਰਪ ਦਾ ਹਰ ਘਰ ਸੋਨੇ ਤੇ ਹੀਰਿਆਂ ਨਾਲ ਨ ਭਰ ਜਾਂਦਾ, ਤਾਂ ਉਸ ਥਾਂ ਪਦਾਰਥ ਵਿਦਿਆ ਦੇ ਸੱਚੇ ਆਚਾਰੀਆ ਤੇ ਰਿਸ਼ੀ ਕਦੀ ਨਾ ਉਪਜਦੇ। ਪੱਛਮੀ ਗਿਆਨ ਨਾਲ ਮਨੁੱਖਤਾ ਦੇ ਸਮੁੱਚੇ ਪਰਿਵਾਰ ਨੂੰ ਲਾਭ ਪੁੱਜਿਆ ਹੈ। ਗਿਆਨ ਦਾ ਉਹ ਸਿਹਰਾ, ਬਾਹਰ ਦਿਸਦੀ ਸਭਿੱਅਤਾ ਦੀ ਅੰਦਰ-ਵਸਦੀ ਅਧਿਆਤਮਿਕਤਾ ਦਾ ਉਹ ਮੁਕਟ ਜੋ ਅੱਜ ਮਾਨਵ ਜਾਤੀ ਨੇ ਪਹਿਨ ਰੱਖਿਆ ਹੈ, ਯੂਰਪ ਨੇ ਕਦੇ ਵੀ ਨ ਪਾਇਆ ਹੁੰਦਾ, ਜੇ ਧਨ ਤੇ ਦਬਦਬਾ ਪਾਣ ਲਈ ਉੱਥੋਂ ਦੇ ਵਾਸੀ ਇੰਨੇ ਕਮੀਨੇ ਨਾ ਬਣਦੇ, ਜੇ ਸਾਰੇ ਪੂਰਬੀ ਜਗਤ ਨੇ ਏਸ ਵਡਿੱਤਣ ਲਈ ਵਿਤੋਂ ਵੱਧ ਹਿੱਸਾ ਪਾ ਕੇ ਵੀ ਸਹਾਇਤਾ ਕੀਤੀ ਤਾਂ ਵਿਗੜ ਕੀ ਗਿਆ ? ਇਕ ਪਾਸੇ ਜਿੱਥੇ ਯੂਰਪੀ ਜੀਵਨ ਦਾ ਇਕ ਅੰਸ਼ ਸਭਿਅਤਾਹੀਨ ਜਾਪਦਾ ਹੈ, ਉੱਥੇ ਦੂਜੇ ਪਾਸੇ ਉਹ ਭਾਗ, ਜਿਸ ਵਿਚ ਵਿਦਿਆ ਤੇ ਗਿਆਨ ਦੇ ਰਿਸ਼ੀਆਂ ਦਾ ਸੂਰਜ ਚਮਕਦਾ ਹੈ ਇਤਨਾ ਮਹਾਨ ਹੈ ਕਿ ਛੇਤੀ ਹੀ ਪਹਿਲੇ ਅੰਸ਼ ਨੂੰ ਲੋਕੀਂ ਜ਼ਰੂਰ ਭੁੱਲ ਜਾਣਗੇ।

ਧਰਮ ਅਤੇ ਵਿਦਿਆ ਦੇ ਬੂਟੇ ਨੂੰ ਅਜੇਹੀ ਅਰੋਗਤਾ ਭਰੀ ਧਰਤੀ ਦੇਣ ਲਈ, ਜਿਸ ਦੇ ਪੌਣ-ਪਾਣੀ ਤੇ ਪ੍ਰਕਾਸ਼ ਵਿਚ ਉਹ ਖਿੜਦਾ ਰਹੇ, ਸਦਾ ਫੁਲਦਾ ਰਹੇ ਸਦਾ ਫਲਦਾ ਰਹੇ, ਇਹ ਜ਼ਰੂਰ ਹੈ ਕਿ ਬਹੁਤ ਸਾਰੇ ਹੱਥ ਇਕ ਅਣਮੋਲ ਪ੍ਰਕਿਰਤੀ ਦੇ ਢੇਰ ਨੂੰ ਇਕ ਥਾਂ ਸਮੇਟਦੇ ਰਹਿਣ। ਧਰਮ ਦੀ ਰਾਖੀ ਲਈ ਖੱਤਰੀਆਂ ਦੇ ਸਦਾ ਤਿਆਰ ਬਰ ਤਿਆਰ ਸਿਪਾਹੀ ਬਣੇ ਰਹਿਣ ਦਾ ਵੀ ਤਾਂ ਇਹੋ ਅਰਥ ਹੈ, ਜੇ ਸਮੁੰਦਰ ਦਾ ਸਾਰਾ ਜਲ ਸੁਕਾ ਦਿਓ ਤਾਂ ਰੇਡੀਅਮ ਦਾ ਕਿਧਰੇ ਇਕ ਕਣ ਲੱਭੇਗਾ। ਆਚਰਣ ਦਾ ਰੇਡੀਅਮ ਕੀ ਸਮੁੱਚੀ ਜਾਤੀ, ਸਾਰੇ ਜਗਤ ਤੇ ਕੁਦਰਤ ਦੇ ਸਾਰੇ ਪਸਾਰੇ ਨੂੰ ਖਾਦ ਬਣਾਏ ਬਿਨਾਂ ਭੱਲਾ ਕਦੋਂ ਹਥ ਆਉਣ ਵਾਲਾ ਹੈ? ਕੁਦਰਤ ਨੂੰ ਮਿਥਿਆ ਕਰ ਕੇ ਨਹੀਂ ਉਡਾਉਣਾ ਸਗਵਾਂ ਉਡਾ ਕੇ ਮਿਥਿਆ ਕਰਨਾ ਹੈ। ਸਮੁੰਦਰਾਂ 'ਚੋਂ ਤੰਦਾਂ ਪਾ ਕੇ ਹੀ ਅੰਮ੍ਰਿਤ ਕੱਢਣਾ ਹੈ। ਉਹ ਵੀ ਕਿਤਨਾ? ਥੋੜਾ ਜੇਹਾ। ਸੰਸਾਰ ਦੀ ਖਾਕ ਛਾਣ ਕੇ ਹੀ ਆਚਰਣ ਦਾ ਸੋਨਾ ਲਭਦਾ ਹੈ। ਕਦੀ ਬੈਠਿਆਂ ਬਿਠਾਇਆਂ ਵੀ ਉਹ ਹੱਥ ਆ ਸਕਦਾ ਹੈ?

ਹਿੰਦੂਆਂ ਦਾ ਸੰਬੰਧ ਜੇਕਰ ਕਿਸੇ ਪੁਰਾਤਨ ਅਸਭਯ ਜਾਤੀ ਨਾਲ ਰਿਹਾ ਹੁੰਦਾ ਤਾਂ ਉਨ੍ਹਾਂ ਦੀ ਵਰਤਮਾਨ ਸੰਤਾਨ ਵਿਚ ਵਧੇਰੇ ਬਲਵਾਨ ਕਿਸਮ ਦੇ ਮਨੁੱਖ ਹੁੰਦੇ। ਉਨ੍ਹਾਂ ਵਿਚ ਵੀ ਰਿਸ਼ੀ, ਜਿਗਰੇ ਵਾਲੇ ਜਰਨੈਲ ਤੇ ਧੀਰਜਵਾਨ ਸੂਰਮੇ ਪੈਦਾ ਹੁੰਦੇ। ਅੱਜ ਕੱਲ ਤਾਂ ਉਹ ਉਪਨਿਸ਼ਦਾਂ ਦੇ ਰਿਸ਼ੀਆਂ ਦਾ ਪਵਿੱਤਰਤਾ-ਪ੍ਰਧਾਨ ਪ੍ਰੇਮਪੂਰਨ ਜੀਵਨ ਦੇਖ ਦੇਖ ਕੇ, ਹਉਮੈ ਵਿਚ ਗੜੂੰਦ ਦਿਨੋ ਦਿਨ ਗਿਰਾਵਟ ਵਲ ਵਧ ਰਹੇ ਹਨ। ਜੇਕਰ ਉਹ ਕਿਸੇ ਜੰਗਲੀ ਜਾਤੀ ਦੀ ਔਲਾਦ ਹੁੰਦੇ ਤਾਂ ਉਨ੍ਹਾਂ ਵਿਚ ਵੀ ਰਿਸ਼ੀ ਤੇ ਬਲਵਾਨ ਜੋਧੇ ਪੈਦਾ ਹੁੰਦੇ। ਰਿਸ਼ੀਆਂ ਨੂੰ ਪੈਦਾ ਕਰਨ ਜੋਗੀ ਅਸਭਯ ਧਰਤੀ ਦਾ ਬਣ ਜਾਣਾ ਔਖਾ ਨਹੀਂ ਪਰ ਰਿਸ਼ੀਆਂ ਲਈ ਆਪਣੀ ਉੱਨਤੀ ਹਿਤ, ਰਾਖ ਚੋਂ ਧਰਤੀ ਬਣਾ ਲੈਣਾ ਔਖਾ ਹੈ, ਕਿਉਂਕਿ ਰਿਸ਼ੀ ਤਾਂ ਕੇਵਲ ਅਣਮੁੱਕ ਕੁਦਰਤੀ ਚੁਗਿਰਦੇ ਵਿਚ ਹੀ ਸ਼ੋਭਾ ਪਾਉਂਦੇ ਹਨ, ਸਾਡੇ ਵਰਗੀਆਂ ਫੁੱਲਾਂ ਦੀਆਂ ਸੇਜਾਂ ਤੇ ਉਹ ਮੁਰਝਾ ਜਾਂਦੇ ਹਨ। ਮੰਨਿਆ ਪੁਰਾਣੇ ਵਕਤਾਂ ਵਿਚ, ਯੂਰਪੀਨ ਲੋਕ ਅਸਭਯ ਸਨ, ਪਰ ਅੱਜ-ਕੱਲ ਤਾਂ ਅਸੀਂ ਅਸਭੱਯ ਹਾਂ। ਉਨ੍ਹਾਂ ਦੀ ਅਸਭਿਅਤਾ ਉੱਤੇ ਰਿਸ਼ੀ ਜੀਵਨ ਦੀ ਉੱਚੀ ਸੁੱਚੀ ਸਭਿਅਤਾ ਫਲ-ਫੁੱਲ ਰਹੀ ਹੈ ਤੇ ਸਾਡੇ ਰਿਸ਼ੀਆਂ ਦੇ ਜੀਵਨ ਵਿਚੋਂ ਉਪਜੀ ਫੁੱਲਾਂ ਦੀ ਸੇਜ ਤੇ ਅੱਜ-ਕਲ ਅਸਭਿਅਤਾ ਦਾ ਰੰਗ ਚੜ੍ਹਿਆ ਹੋਇਆ ਹੈ। ਸਦਾ ਰਿਸ਼ੀ ਪੈਦਾ ਕਰਦੇ ਰਹਿਣਾ, ਅਰਥਾਤ ਆਪਣੀ ਸਿਖਰਲੀ ਟੀਸੀ ਤੇ ਇਨ੍ਹਾਂ ਫੁੱਲਾਂ ਨੂੰ ਸਦਾ ਮਾਣਦੇ ਰਹਿਣਾ ਹੀ ਜੀਵਨ-ਗੀਤ ਨੂੰ ਪਾਲਣਾ ਹੈ।

ਤਾਰਿਆਂ ਵਲ ਤੱਕਦੇ ਤੱਕਦੇ ਭਾਰਤਵਰਸ਼ ਹੁਣ ਸਮਝੋ ਸਮੁੰਦਰ ਵਿਚ ਡਿੱਗਾ ਕਿ ਡਿੱਗਾ। ਇਕ ਕਦਮ ਹੋਰ ਤੇ ਬੱਸ ਧੜਮ ਕਰਦਾ ਥਲੇ ! ਇਸ

ਗਿਰਾਵਟ ਦਾ ਕਾਰਨ ਬੱਸ ਇਹੋ ਹੀ ਹੈ ਕਿ ਇਹ ਆਪਣੇ ਅਟੁੱਟ-ਸੁਪਨਿਆਂ ਵਿਚ ਗੁੰਮਿਆ ਰਿਹਾ ਹੈ ਤੇ ਯਕੀਨ ਕਰਦਾ ਰਿਹਾ ਹੈ ਕਿ ਮੈਂ ਰੋਟੀ ਤੋਂ ਬਿਨਾਂ ਵੀ ਜੀਅ ਸਕਦਾ ਹਾਂ, ਹਵਾ ਵਿਚ ਪਦਮ-ਆਸਣ ਜਮਾ ਸਕਦਾ ਹਾਂ, ਪ੍ਰਿਥਵੀ ਤੋਂ ਆਸਣ ਉਪਰ ਆਕਾਸ਼ ਵਿਚ ਉਠਾ ਸਕਦਾ ਹਾਂ, ਜੋਗ ਸਿਧੀ ਰਾਹੀਂ ਸੂਰਜ ਤੇ ਚੰਨ-ਤਾਰਿਆਂ ਦੇ ਗੁੱਝੇ ਭੇਦ ਜਾਣ ਸਕਦਾ ਹਾਂ, ਸਾਗਰ ਦੀਆਂ ਲਹਿਰਾਂ ਤੇ ਨਿਧੜਕ ਸੌਂ ਸਕਦਾ ਹਾਂ, ਇਹ ਇਸੇ ਪ੍ਰਕਾਰ ਦੇ ਸੁਪਨੇ ਦੇਖਦਾ ਰਿਹਾ ਹੈ, ਪਰ ਹੁਣ ਤੋੜੀ ਨ ਸੰਸਾਰ ਦੀ ਤੇ ਨਾ ਰਾਮ ਦੀ ਨਜ਼ਰ ਵਿਚ ਅਜੇਹੀ ਕੋਈ ਗੱਲ ਸੱਚੀ ਸਿੱਧ ਹੋ ਸਕੀ। ਜੇਕਰ ਹੁਣ ਵੀ ਇਸ ਦੀ ਨੀਂਦ ਨ ਖੁੱਲ੍ਹੀ ਤਾਂ ਨਿਧੜਕ ਹੋ ਕੇ ਸੁਖ ਵਿਚ ਫੂਕ ਮਾਰੋ। ਕੂਚ ਦਾ ਘੜਿਆਲ ਵਜਾਓ ਤੇ ਆਖ ਦਿਓ ਕਿ ਭਾਰਤਵਾਸੀਆਂ ਦਾ ਇਸ ਅਸਾਰ ਸੰਸਾਰ ਵਿਚੋਂ ਕੂਚ ਹੋ ਗਿਆ।

ਲੇਖਕ ਦਾ ਭਾਵ ਇਹ ਹੈ ਕਿ ਆਚਰਣ ਕੇਵਲ ਮਨ ਦੇ ਸੁਪਨਿਆਂ ਵਿਚੋਂ ਕਦੇ ਨਹੀਂ ਬਣਿਆ ਕਰਦਾ। ਉਸ ਦਾ ਮੁੱਢ ਤਾਂ ਪੱਥਰਾਂ ਤੇ ਘਸ ਘਸ ਕੇ ਬੱਝਦਾ ਹੈ। ਉਸ ਦੇ ਫੁੱਲ ਤਾਂ ਸੂਰਜ ਦੇ ਸੇਕ ਅਤੇ ਸਮੁੰਦਰ ਦੇ ਖਾਰੇ ਪਾਣੀ ਨਾਲ ਮੁੜ ਮੁੜ ਭਿੱਜ ਭਿੱਜ ਕੇ, ਸੁੱਕ ਸੁੱਕ ਕੇ ਸੂਹੇ ਹੁੰਦੇ ਹਨ।

ਹਜ਼ਾਰਾਂ ਸਾਲ ਤੋਂ ਧਰਮ-ਪੁਸਤਕਾਂ ਦੇ ਪੱਤਰੇ ਪਰਤੇ ਜਾ ਰਹੇ ਹਨ, ਅਜੇ ਤਾਈਂ ਉਨ੍ਹਾਂ ਵਿਚੋਂ ਤੁਹਾਨੂੰ ਕੋਈ ਖ਼ਾਸ ਲਾਭ ਨਹੀਂ ਹਾਸਿਲ ਹੋਇਆ, ਤਾਂ ਫੇਰ ਆਪਣੇ ਹਠ ਤੇ ਹੀ ਕਿਉਂ ਅੜੀ ਕਰ ਰਹੇ ਹੋ? ਆਪਣੀ ਆਪਣੀ ਕੁਦਾਲ ਉਲਾਰ ਅੱਗੇ ਕਿਉਂ ਨਹੀਂ ਆਉਂਦੇ? ਪਿਛੇ ਮੁੜ ਮੁੜ ਦੇਖਣ ਤੋਂ ਕੀ ਹਾਸਿਲ? ਹੁਣ ਤਾਂ ਸੰਸਾਰ ਵਿਚ ਆਪਣੇ ਅਸ਼ੂਮੇਧ ਦੇ ਘੋੜੇ ਖੁੱਲ੍ਹੇ ਛੱਡ ਦਿਓ। ਤੁਹਾਡੇ ਵਿਚੋਂ ਹਰ ਕਿਸੇ ਨੇ ਆਪਣਾ ਆਪਣਾ ਅਸ਼ੂਮੇਧ-ਜੱਗ ਕਰਨਾ ਹੈ। ਚਲੋ ਤਾਂ ਸਹੀ, ਆਪਣੇ ਆਪੇ ਦੀ ਪਰਖ ਤਾਂ ਕਰੋ !

ਧਰਮ-ਪ੍ਰਧਾਨ ਆਚਰਣ ਦੀ ਪ੍ਰਾਪਤੀ ਜੇ ਵਿਖਾਵੇ ਦੇ ਯਤਨਾਂ ਨਾਲ ਸੰਭਵ ਹੁੰਦੀ ਤਾਂ ਅੱਜ ਭਾਰਤਵਾਸੀ ਸੂਰਜ ਸਮਾਨ-ਸ਼ੁੱਧ ਆਚਰਣ ਵਾਲੇ ਹੋ ਗਏ ਹੁੰਦੇ। ਭਾਈ ! ਮਾਲਾ ਦੇ ਮਣਕੇ ਫੇਰਨ ਨਾਲ ਹੀ ਤਾਂ ਜਪ ਨਹੀਂ ਹੋ ਜਾਂਦਾ, ਗੰਗਾ ਵਿਚ ਟੁੱਭੀਆਂ ਲਾ ਲੈਣਾ ਹੀ ਤਾਂ ਤਪ ਨਹੀਂ। ਪਹਾੜਾਂ ਤੇ ਚੜ੍ਹਨ ਨਾਲ ਹੀ ਕੀ ਪ੍ਰਾਣਾਯਾਮ ਹੋ ਜਾਂਦਾ ਹੈ? ਕੀ ਸਮੁੰਦਰ ਵਿਚ ਤੈਰਨ ਨਾਲ ਬਦੀ ਧੋਤੀ ਜਾਂਦੀ ਹੈ? ਝੱਖੜ, ਮੀਂਹ ਤੇ ਨਿੱਤ-ਜੀਵਨ ਦੇ ਉਤਾਰ-ਚੜ੍ਹਾ, ਗਰਮੀ ਸਰਦੀ, ਗਰੀਬੀ ਅਮੀਰੀ ਝਲਣ ਨਾਲ ਤਪ ਹੋਇਆ ਕਰਦਾ ਹੈ। ਅਧਿਆਤਮਵਾਦੀ ਧਰਮ ਦੇ ਸੁਪਨਿਆਂ ਦੀ ਸ਼ੋਭਾ ਤਾਂ ਹੀ ਭਲੇਰੀ ਲੱਗਦੀ ਹੈ ਜੇ ਆਦਮੀ ਆਪਣੇ ਜੀਵਨ ਦੇ ਧਰਮ ਦੀ ਪਾਲਣਾ ਕਰੇ ! ਖੁੱਲ੍ਹੇ ਸਾਗਰ ਵਿਚ ਜਹਾਜ਼ ਤੇ ਬੈਠ ਕੇ

ਹੀ ਸਮੁੰਦਰ ਦੀ ਅਧਿਆਤਮਿਕ ਵਿਚਾਰੀ ਜਾ ਸਕਦੀ ਹੈ। ਭੁੱਖੇ ਨੂੰ ਤਾਂ ਚੰਨ ਸੂਰਜ ਵੀ ਦੋ ਵੱਡੀਆਂ ਵੱਡੀਆਂ ਰੋਟੀਆਂ ਹੀ ਜਾਪਦੇ ਹਨ। ਕੁਟੀਆ ਵਿਚ ਬੈਠ ਕੇ ਹੀ ਧੁੱਪ, ਹਨ੍ਹੇਰੀ ਤੇ ਬਰਫ ਦੀ ਅਰਜ਼ੀ ਸ਼ੋਭਾ ਦਾ ਸੁਆਦ ਲਿਆ ਜਾ ਸਕਦਾ ਹੈ। ਸੁਭਾਵਿਕ ਸਭਿਅਤਾ ਆਉਣ ਤੇ ਹੀ ਮਾਨਸਿਕ ਸਭਿਅਤਾ ਆਉਂਦੀ ਹੈ ਤੇ ਸਥਿਰ ਵੀ ਰਹਿ ਸਕਦੀ ਹੈ, ਜਦੋਂ ਤੋੜੀ ਧਨ-ਹੀਨ ਪਾਪ ਨਾਲ, ਆਪਣਾ ਪੇਟ ਪਾਲਦਾ ਹੈ ਤਦੋਂ ਤੋੜੀ ਧਨਵਾਨ ਦੇ ਸ਼ੁੱਧ ਆਚਰਣ ਦੀ ਪੂਰੀ ਪਰਖ ਨਹੀਂ ਹੋ ਆਉਂਦੀ। ਇਵੇਂ ਹੀ ਜਿਤਨੀ ਦੇਰ ਅਗਿਆਨੀ ਦਾ ਆਚਰਣ ਅਸ਼ੁੱਧ ਹੈ, ਤਦੋਂ ਤੋੜੀ ਗਿਆਨੀ ਦੇ ਆਚਰਣ ਦੀ ਪੂਰੀ ਪਰਖ ਨਹੀਂ ਤਦੋਂ ਤੋੜੀ ਆਚਰਣ ਦੀ ਸਭਿਅਤਾ ਦਾ ਰਾਜ ਨਹੀਂ।

ਆਚਰਣ ਦੀ ਸਭਿੱਅਤਾ ਦਾ ਦੇਸ਼ ਹੀ ਨਿਰਾਲਾ ਹੈ। ਉਸ ਵਿਚ ਨ ਤਨ ਦੇ ਝਗੜੇ ਚੰਗੇ ਹਨ ਨ ਮਨ ਦੇ ਤੇ ਨ ਆਤਮਾ ਦੇ। ਨ ਉਸ ਵਿਚ ਬਗਾਵਤ ਹੈ, ਨ ਜੰਗ ਦੇ ਨਾਉਂ ਦਾ ਨਿਸ਼ਾਨ ਤੇ ਨ ਕੋਈ ਉਸ ਥਾਂ ਉੱਚਾ ਜਾਂ ਨੀਵਾਂ ਹੀ ਹੈ। ਉੱਥੇ ਨ ਕੋਈ ਧਨਾਢ ਹੈ, ਨ ਕੰਗਾਲ ਉਥੇ ਤਾਂ ਪਿਆਰ ਤੇ ਏਕਤਾ ਦਾ ਰਾਜ ਰਹਿੰਦਾ ਹੈ।

ਜਿਸ ਸਮੇਂ ਬੁੱਧ ਦੇਵ ਨੇ ਆਪ ਆਪਣੇ ਹੱਥੀਂ ਹਾਫ਼ਿਜ਼ ਸ਼ੀਰੀਂ ਦਾ ਸੀਨਾ ਫੋਲ ਕੇ ਉਸ ਨੂੰ ਅਬੋਲ ਆਚਰਣ ਦਾ ਦਰਸ਼ਨ ਕਰਾਇਆ, ਉਸ ਸਮੇਂ ਫਾਰਿਸ ਵਿਚਲੇ ਸਾਰੇ ਬੋਧੀਆਂ ਨੂੰ ਨਿਰਮਾਣ ਦੇ ਦਰਸ਼ਨ ਹੋਏ ਅਤੇ ਉਹ ਸਾਰੇ ਦੇ ਸਾਰੇ ਆਚਰਣ ਦੀ ਸਭਿਅਤਾ ਦੇ ਦੇਸ਼ ਨੂੰ ਅੱਪੜ ਪਏ।

ਜਦੋਂ ਪੈਗੰਬਰ ਮੁਹੰਮਦ ਨੇ ਬ੍ਰਾਹਮਣ ਨੂੰ ਚੀਰ ਉਸ ਦਾ ਅਬੋਲ-ਆਚਰਣ ਪ੍ਰਤੱਖ ਕੀਤਾ ਤਾਂ ਮੁਸਲਮਾਨ ਵੇਖ ਕੇ ਦੰਗ ਰਹਿ ਗਏ ਕਿ ਕਾਫਿਰ ਵਿਚ ਮੋਮਨ ਕਿਵੇਂ ਲੁਕਿਆ ਬੈਠਾ ਸੀ ? ਜਦੋਂ ਸ਼ਿਵ ਨੇ ਆਪਣੇ ਹੱਥੀਂ ਈਸਾ ਦੇ ਸ਼ਬਦਾਂ ਦਾ ਪਰਦਾ ਹਟਾ ਕੇ ਉਸ ਦੀ ਆਤਮਾ ਦੇ ਨੰਗੇ ਦਰਸ਼ਨ ਕਰਵਾਏ ਤਾਂ ਹਿੰਦੂ ਚਕਿਤ ਰਹਿ ਗਏ ਕਿ ਉਹ ਨੰਗਿਆਂ ਕਰਨ ਵਾਲਾ ਤੇ ਨੰਗਿਆਂ ਹੋਣ ਵਾਲਾ ਉਨ੍ਹਾਂ ਦਾ ਸ਼ਿਵ ਕਿਹੜਾ ਸੀ ? ਅਸੀਂ ਤਾਂ ਅਸਲੋਂ ਇਕ ਦੂਜੇ ਵਿਚ ਗਡ-ਮਡ ਹੋਏ ਹੋਏ ਹਾਂ। ਹਰ ਇਕ ਪਦਾਰਥ ਨੂੰ ਪਰਮਾਣੂਆਂ ਵਿਚ ਵਟਾ ਕੇ ਆਪਣੇ ਆਪ ਨੂੰ ਹਰ ਇਕ ਪਰਮਾਣੂ ਵਿਚੋਂ ਲੱਭਣਾ ਤੇ ਮੁੜ ਇਕੱਤਰ ਕਰਨਾ ਹੀ ਆਚਰਣ ਨੂੰ ਹਾਸਿਲ ਕਰਨਾ ਹੈ ! ਆਚਰਣ ਦੀ ਪ੍ਰਾਪਤੀ ਏਕਤਾ ਵਾਲੀ ਦਸ਼ਾ ਦੀ ਪ੍ਰਾਪਤੀ ਭਾਵੇਂ ਫੁੱਲਾਂ ਦੀ ਸੇਜ ਹੋਵੇ ਤੇ ਭਾਵੇਂ ਕੰਡਿਆਂ ਦੀ ਵਿਛਾਈ, ਭਾਵੇਂ ਕੰਗਾਲ ਹੋਵੇ ਭਾਵੇਂ ਧਨਾਢ, ਭਾਵੇਂ ਰਾਜਾ ਹੋਵੇ ਭਾਵੇਂ ਰੰਕ ਭਾਵੇਂ ਰੋਗੀ ਹੋਵੇ ਭਾਵੇਂ ਨਿਰੋਗ, ਹਿਰਦਾ ਇਤਨਾ ਵਿਸ਼ਾਲ ਹੋ ਜਾਂਦਾ ਹੈ ਕਿ

ਉਸ ਵਿਚ ਸਾਰਾ ਸੰਸਾਰ ਆਨੰਦ ਨਾਲ ਬਿਸਤਰੇ ਵਿਛਾ ਕੇ ਸੌਂ ਸਕਦਾ ਹੈ। ਜੀਵਨ ਅਸਮਾਨਾਂ ਵਾਂਗ ਖੁੱਲ੍ਹਾ ਡੁੱਲ੍ਹਾ ਹੋ ਜਾਂਦਾ ਹੈ ਜਿਸ ਵਿਚ ਕਈ ਰੂਪ ਕਈ ਰੰਗ ਆਪੋ ਆਪਣੀ ਸ਼ੋਭਾ ਵਿਚ ਬੇ-ਖਟਕੇ, ਨਿਰਭੈ ਹੋ ਕੇ ਟਿਕੇ ਰਹਿ ਸਕਦੇ ਹਨ। ਆਚਰਣ ਵਾਲੇ ਨੈਣਾਂ ਦਾ ਅਬੋਲ-ਵਿਖਿਆਨ ਬੱਸ ਇਹੋ ਹੈ "ਸਭ ਕੁੱਛ ਅੱਛਾ ਹੈ, ਸਭ ਕੁੱਝ ਭਲਾ ਹੈ" ਜਦੋਂ ਆਚਰਣ ਦੀ ਸਭਿਅਤਾ ਸੰਸਾਰ ਵਿਚ ਆਉਂਦੀ ਹੈ ਤਾਂ ਨੀਲੇ ਅੰਬਰਾਂ ਤੋਂ ਮਨੁੱਖ ਨੂੰ ਦੇਵਤਿਆਂ ਦੀ ਆਵਾਜ਼ ਸੁਣਾਈ ਦੇਂਦੀ ਹੈ, ਨਰ ਨਾਰੀ ਸਭ ਫੁੱਲਾਂ ਵਾਂਗ ਖਿੜ ਜਾਂਦੇ ਹਨ। ਪ੍ਰਭਾਤ ਦਾ ਘੜਿਆਲ ਗੂੰਜ ਉੱਠਦਾ ਹੈ ? ਨਾਰਦ ਦੀ ਵੀਣਾ ਦਾ ਅਲਾਪ ਛਿੜਦਾ ਹੈ, ਧਰੂ ਦਾ ਸੰਖ ਗੂੰਜ ਉੱਠਦਾ ਹੈ, ਪ੍ਰਹਲਾਦ ਦਾ ਨਾਚ ਆਰੰਭ ਹੋ ਜਾਂਦਾ ਹੈ, ਸ਼ਿਵਾਂ ਦਾ ਡਮਰੂ ਵਜਦਾ ਹੈ, ਕਾਨ੍ਹ ਦੀ ਬੰਸੀ ਦੀ ਧੁਨ ਖਿਰਕਦੀ ਹੈ। ਜਿੱਥੇ ਅਜੇਹੇ ਪੁਰਖ ਜੁੜਦੇ ਹਨ, ਜਿੱਥੇ ਜੋਤ ਵਿਗਸਦੀ ਹੈ, ਉਹ ਆਚਰਣ, ਸਭਿਅਤਾ ਦਾ ਸੁਨਹਿਰਾ ਦੇਸ਼ ਹੈ। ਉਹੀ ਦੇਸ਼ ਮਾਨਵਤਾ ਦਾ ਦੇਸ਼ ਹੈ, ਆਪਣਾ ਦੇਸ਼ ਹੈ, ਘਰ ਅੱਪੜੇ ਬਿਨਾਂ ਸੌਣਾ ਭਲਾ ਨਹੀਂ। ਭਾਵੇਂ ਵੇਦ, ਅੰਜੀਲ, ਕੁਰਾਨ, ਤ੍ਰਿਪਟਿਕ ਵਿਚ, ਭਾਵੇਂ ਏਸ ਥਾਂ ਵਿਚ, ਭਾਵੇਂ ਓਸ ਥਾਂ ਵਿਚ, ਸੌਣਾ ਕਿਧਰੇ ਭਲਾ ਨਹੀਂ। ਆਲਸ ਮੌਤ ਹੈ। ਲੇਖ ਤਾਂ ਬੂਟਿਆਂ ਦੀਆਂ ਤਸਵੀਰਾਂ ਸਮਾਨ ਹੁੰਦੇ ਹਨ। ਉਹ ਆਪ ਬੂਟੇ ਤਾਂ ਹੁੰਦੇ ਹੀ ਨਹੀਂ ਜੋ ਫਲ ਲੈ ਆਉਣ। ਲੇਖਕ ਨੇ ਇਹ ਚਿੱਤਰਣ ਏਸੇ ਲਈ ਚਿਤਰਿਆ ਹੈ ਕਿ ਸ਼ਾਇਦ ਇਸ ਚਿੱਤਰ ਨੂੰ ਦੇਖ ਕੇ ਕੋਈ ਅਸਲੀ ਦਰਖ਼ਤ ਨੂੰ ਜਾ ਕੇ ਦੇਖਣ ਦਾ ਯਤਨ ਕਰੇ।

ISBN–81–7647–008–2